ਸਤਾਰਵਾਂ ਸਾਲ

PARDES TIMES

17th year in Publication

# ਪਰਦੇਸ ਟਾਇਮਜ਼

ਬਲਬੀਰ ਸਿੰਘ ਐਮ ਏ (ਮੁਖ ਸੰਪਾਦਕ)

www.pardestimes.com

ਮਾਂ ਬੋਲੀ ਨੂੰ ਸਮਰਪਿਤ

pardestimes

ਰਣਜੀਤ ਕੰਦੋਲਾ ਐਮ. ਬੀ. ਏ. ਮੈਨੇਜਿੰਗ ਐਡੀਟਰ

VOL- 17 No. 429 August 23, 2023 E-mail : info@pardestimes.com Ph 510-938-7771, 510-516-3536


## ਜੌਰਜੀਆ ਵਿਚ ਗ੍ਰਿਫ਼ਤਾਰੀ ਦੇਣਗੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ



ਵਾਸ਼ਿੰਗਟਨ- ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਉਹ 2020 ਦੀਆਂ ਚੋਣਾਂ 'ਚ ਮਿਲੀ ਹਾਰ ਨੂੰ ਨਾਜਾਇਜ਼ ਢੰਗ ਨਾਲ ਬਦਲਣ ਦੇ ਲੱਗੇ ਦੋਸ਼ਾਂ ਦੇ ਮਾਮਲੇ ਵਿਚ ਜੌਰਜੀਆ ਦੀ ਅਥਾਰਿਟੀ ਅੱਗੇ ਵੀਰਵਾਰ ਨੂੰ ਸਮਰਪਣ ਕਰ ਦੇਣਗੇ। ਟਰੰਪ ਉਤੇ ਦੋਸ਼ ਹੈ ਕਿ ਉਨ੍ਹਾਂ ਜੌਰਜੀਆ ਸੂਬੇ ਵਿਚ 2020 ਦੀਆਂ ਚੋਣਾਂ 'ਚ ਮਿਲੀ ਹਾਰ ਨੂੰ ਗੈਰਕਾਨੂੰਨੀ ਢੰਗ ਨਾਲ ਪਲਟਾਉਣ ਦੀ ਕੋਸ਼ਿਸ਼ ਕੀਤੀ ਸੀ। ਟਰੰਪ ਨੇ ਸੋਸ਼ਲ ਮੀਡੀਆ 'ਤੇ ਕਿਹਾ, 'ਕੀ ਤੁਸੀਂ ਯਕੀਨ ਕਰ ਸਕਦੇ ਹੋ? ਮੈਂ ਵੀਰਵਾਰ ਗ੍ਰਿਫ਼ਤਾਰ ਹੋਣ ਲਈ ਐਟਲਾਂਟਾ, ਜੌਰਜੀਆ ਜਾ ਰਿਹਾ ਹਾਂ।' ਅਪਰੈਲ ਮਹੀਨੇ ਤੋਂ ਬਾਅਦ ਇਹ ਟਰੰਪ ਦੀ ਚੌਥੀ ਗ੍ਰਿਫ਼ਤਾਰੀ ਹੋਵੇਗੀ। ਇਸ ਤੋਂ ਪਹਿਲਾਂ ਉਨ੍ਹਾਂ ਖ਼ਿਲਾਫ਼ ਮਹਾਦੋਸ਼ ਦੀ ਕਾਰਵਾਈ ਵੀ ਆਰੰਭੀ ਗਈ ਸੀ। ਇਸ ਮਾਮਲੇ ਦਾ ਸਾਹਮਣਾ ਕਰਨ ਵਾਲੇ ਉਹ ਅਮਰੀਕਾ ਦੇ ਪਹਿਲੇ ਸਾਬਕਾ ਰਾਸ਼ਟਰਪਤੀ ਸਨ। ਗੌਰਤਲਬ ਹੈ ਕਿ ਟਰੰਪ ਹਾਲੇ ਵੀ ਰਿਪਬਲਿਕਨ ਪਾਰਟੀ ਵੱਲੋਂ ਰਾਸ਼ਟਰਪਤੀ ਚੋਣਾਂ ਲਈ ਮੋਹਰੀ ਉਮੀਦਵਾਰ ਬਣੇ ਹੋਏ ਹਨ। ਸਾਬਕਾ ਰਾਸ਼ਟਰਪਤੀ ਨਿਊਯਾਰਕ, ਫਲੋਰਿਡਾ ਤੇ ਵਾਸ਼ਿੰਗਟਨ ਡੀਸੀ ਵਿਚ ਕਾਨੂੰਨੀ ਪੇਸ਼ੀਆਂ ਭੁਗਤ ਚੁੱਕੇ ਹਨ। ਉਨ੍ਹਾਂ ਦੀਆਂ ਅਦਾਲਤੀ ਪੇਸ਼ੀਆਂ ਨੂੰ ਮੀਡੀਆ ਨੇ ਵੱਡੇ ਪੱਧਰ ਉਤੇ ਕਵਰ ਕੀਤਾ ਹੈ। ਇਸ ਤੋਂ ਪਹਿਲਾਂ ਟਰੰਪ ਦੇ ਵਕੀਲਾਂ ਨੇ ਅੱਜ ਐਟਲਾਂਟਾ ਵਿਚ ਨਿਆਂਇਕ ਅਧਿਕਾਰੀਆਂ ਨਾਲ ਮੁਲਾਕਾਤ ਕਰ ਕੇ ਜ਼ਮਾਨਤੀ ਬਾਂਡ ਉਤੇ ਚਰਚਾ ਕੀਤੀ।

## ਭਾਰਤ ਹੀ ਨਹੀਂ ਪੂਰੀ ਦੁਨੀਆਂ ਲਈ ਅਹਿਮ ਬਣ ਗਿਆ ਚੰਦਰਯਾਨ-3

### ਚੰਦ ਉਤੇ ਛੁਪੇ ਖਜ਼ਾਨਿਆਂ ਅਤੇ ਮਨੁੱਖਤਾ ਦੇ ਕੰਮ ਆ ਸਕਣ ਵਾਲੀਆਂ ਧਾਤਾਂ ਦੀ ਖੋਜ ਲਈ ਕੋਸ਼ਿਸ਼ ਕਰ ਰਿਹਾ ਹੈ ਭਾਰਤ

ਬੰਗਲੌਰ- ਭਾਰਤ ਦਾ ਚੰਦਰਯਾਨ-3 ਮਿਸ਼ਨ ਸਿਰਫ ਭਾਰਤ ਲਈ ਨਹੀਂ ਬਲਕਿ ਪੂਰੀ ਦੁਨੀਆਂ ਲਈ ਬਹੁਤ ਅਹਿਮ ਬਣ ਚੁੱਕਾ ਹੈ। ਦਰਅਸਲ ਚੰਦ ਦੇ ਜਿਸ ਹਿੱਸੇ ਉਤੇ ਭਾਰਤ ਖੋਜ ਕਰ ਰਿਹਾ ਹੈ, ਉਹ ਹਰ ਵਕਤ ਹਨੇਰੇ ਵਿਚ ਡੁੱਬਿਆ ਰਹਿਣ ਵਾਲਾ ਹਿੱਸਾ ਹੈ, ਉਥੇ ਬਹੁਤ ਵੱਡੇ-ਵੱਡੇ ਖੱਡੇ ਵੀ ਹਨ ਅਤੇ ਪਾਣੀ ਬਾਰੇ ਫਿਲਹਾਲ ਕਿਸੇ ਮੁਲਕ ਕੋਲ ਸਟੀਕ ਜਾਣਕਾਰੀ ਨਹੀਂ ਹੈ। ਇਸ ਤੋਂ ਪਹਿਲਾਂ, ਇਸਰੋ ਨੇ ਚੰਦਰਯਾਨ-2 ਜ਼ਰੀਏ ਚੰਦਰਮਾ ਉਤੇ ਉਤਰਨ ਦੀ ਕੋਸ਼ਿਸ਼ ਕੀਤੀ ਸੀ। ਪਰ ਵਿਕਰਮ ਲੈਂਡਰ ਚੰਦਰਮਾ ਦੀ ਸਤ੍ਹਾ 'ਤੇ ਕਰੈਸ਼ ਹੋ ਗਿਆ ਸੀ। ਚੰਦਰਯਾਨ-2 ਤੋਂ ਸਿੱਖੇ ਸਬਕਾਂ ਨਾਲ ਇਸਰੋ ਨੇ ਅਗਾਮੀ ਮਿਸ਼ਨ ਲਈ ਡਿਜ਼ਾਇਨ ਅਤੇ ਸੰਰਚਨਾ ਵਿੱਚ ਸੁਧਾਰ ਕੀਤਾ ਹੈ। ਸੰਭਵ ਹੈ ਕਿ ਇਸਰੋ ਪਹਿਲਾਂ ਦੇ ਲੈਂਡਰ ਵਿਕਰਮ ਅਤੇ ਰੋਵਰ ਪ੍ਰਾਗਿਆਨ ਦਾ ਨਾਮ ਬਰਕਰਾਰ ਰੱਖੇ। ਇਸ ਮਿਸ਼ਨ ਵਿੱਚ ਚੰਦਰਮਾ ਦੀ ਸਤ੍ਹਾ 'ਤੇ ਰਸਾਇਣਿਕ ਅਤੇ ਕੁਦਰਤੀ ਤੱਤਾਂ ਦਾ ਨਿਰੀਖਣ ਕੀਤਾ ਜਾਏਗਾ। ਇਸ ਨਾਲ ਚੰਦਰਮਾ ਦੀ ਬਣਤਰ ਬਾਰੇ ਸਾਡੀ ਸਮਝ ਵਿੱਚ ਹੋਰ ਵਾਧਾ ਹੋਏਗਾ। ਚੰਦਰਯਾਨ-3 ਦਾ ਪਲੇਲੋਡ ਲੂਨਰ ਔਰਬਿਟ ਤੋਂ ਧਰਤੀ ਦੇ ਸਪੈਕਟ੍ਰਲ ਅਤੇ ਪੋਲੌਰੀਮੈਟ੍ਰਿਕ ਮਾਪਾਂ ਦਾ ਅਧਿਐਨ ਕਰੇਗਾ, ਜਿਸ ਨਾਲ ਵਿਗਿਆਨੀਆਂ ਨੂੰ ਸਾਡੇ ਗ੍ਰਹਿ ਬਾਰੇ ਲਾਭਦਾਇਕ ਜਾਣਕਾਰੀ ਹਾਸਿਲ ਹੋ ਸਕੇਗੀ। ਚੰਦਰਯਾਨ-3 ਸਿਰਫ਼ ਭਾਰਤ ਲਈ ਹੀ ਨਹੀਂ ਬਲਕਿ ਪੂਰੀ ਦੁਨੀਆ ਲਈ ਖ਼ਾਸ ਤੇ ਮਹੱਤਵਪੂਰਨ ਹੈ। ਲੈਂਡਰ ਚੰਦਰਮਾ ਦੇ ਅਜਿਹੇ ਖੇਤਰ ਵਿੱਚ ਜਾਏਗਾ ਜਿਸ ਬਾਰੇ ਹਾਲੇ ਜਾਣਕਾਰੀ ਨਹੀਂ ਹੈ। ਇਹ ਮਿਸ਼ਨ ਧਰਤੀ ਦੇ ਇਕਲੌਤੇ ਕੁਦਰਤੀ ਸੈਟੇਲਾਈਟ ਬਾਰੇ ਸਮਝ ਵਿੱਚ ਵਾਧਾ ਕਰੇਗਾ। ਇਹ ਸਿਰਫ਼ ਚੰਦਰਮਾ ਹੀ ਨਹੀਂ, ਬਲਕਿ ਹੋਰ ਗ੍ਰਹਿਾਂ ਬਾਰੇ ਵੀ ਭਵਿੱਖ ਵਿੱਚ ਹੋਣ ਵਾਲੀਆਂ ਖੋਜਾਂ ਲਈ ਰਾਹ ਖੋਲ੍ਹੇਗਾ। ਚੰਦਰਯਾਨ-3 ਇਸਰੋ ਦਾ ਤੀਜਾ ਚੰਦਰਯਾਨ ਪ੍ਰੋਗਰਾਮ ਹੈ, ਜਿਸ ਨੂੰ ਭਾਰਤੀ ਚੰਦਰਮਾ ਖੋਜ ਪ੍ਰੋਗਰਾਮ ਵਜੋਂ ਵੀ ਜਾਣਿਆ ਜਾਂਦਾ ਹੈ। ਭਾਰਤ ਦਾ ਪਹਿਲਾ ਚੰਦਰਮਾ ਅਭਿਆਨ ਚੰਦਰਯਾਨ-1, ਸਾਲ 2008 ਵਿੱਚ ਲਾਂਚ ਕੀਤਾ ਗਿਆ ਸੀ ਪਰ ਉਹ ਸ਼ੈਕਲੇਟਨ ਕਰੇਟਰ (ਜਿਸ ਨੂੰ ਬਾਅਦ ਵਿੱਚ ਜਵਾਹਰ ਪੁਆਇੰਟ ਕਿਹਾ ਗਿਆ), 'ਤੇ ਕਰੈਸ਼ ਹੋ ਗਿਆ ਸੀ। ਇਸ ਨਾਲ ਭਾਰਤ ਚੰਦਰਮਾ ਉੱਤੇ ਝੰਡਾ ਲਹਿਰਾਉਣ ਵਾਲਾ ਚੌਥਾ ਦੇਸ਼ ਬਣਿਆ। ਲਾਂਚ ਹੋਣ ਦੇ 312 ਦਿਨ ਬਾਅਦ ਚੰਦਰਯਾਨ-1 ਦਾ ਸੰਪਰਕ ਟੁੱਟ ਗਿਆ ਸੀ ਪਰ ਐਲਾਨ ਕੀਤਾ ਗਿਆ ਸੀ ਕਿ ਉਦੋਂ ਤੱਕ ਇਸ ਨੇ ਮਿਸ਼ਨ ਦਾ 95 ਫੀਸਦੀ ਟੀਚਾ ਹਾਸਿਲ ਕਰ ਲਿਆ ਸੀ। ਇਸ ਰਲੀ-ਮਿਲੀ ਕਾਮਯਾਬੀ ਭਾਰਤ ਦੇ ਪੁਲਾੜ ਪ੍ਰੋਗਰਾਮ ਵਿੱਚ ਵੱਡੀ ਪੁਲਾਂਘ ਸੀ। ਚੰਦਰਯਾਨ-2 ਨੇ ਵੀ ਚੰਦਰਮਾ ਉੱਤੇ ਪਾਣੀ ਦੇ ਅਣੂਆਂ ਦੀ ਖੋਜ ਵਿੱਚ ਅਹਿਮ ਭੂਮਿਕਾ ਨਿਭਾਈ। ਦਸ ਸਾਲ ਬਾਅਦ 22 ਜੁਲਾਈ 2019 ਨੂੰ ਵਿਕਰਮ ਲੈਂਡਰ ਅਤੇ ਪ੍ਰਾਗਯਾਨ ਰੋਵਰ ਨਾਲ ਚੰਦਰਯਾਨ-2 ਨੂੰ ਲਾਂਚ ਕੀਤਾ ਗਿਆ ਸੀ। ਪਰ 6 ਸਤੰਬਰ 2019 ਨੂੰ ਚੰਦਰਮਾ ਦੀ ਸਤ੍ਹਾ 'ਤੇ ਸੌਫਟ ਲੈਂਡਿੰਗ ਦੀ ਕੋਸ਼ਿਸ਼ ਵਿੱਚ ਵਿਕਰਮ ਲੈਂਡਰ ਦਾ ਸੰਪਰਕ ਟੁੱਟ ਗਿਆ ਸੀ। ਇਸ ਦਾ ਮਲਬਾ ਤਿੰਨ ਮਹੀਨੇ ਬਾਅਦ ਨਾਸਾ ਨੂੰ ਮਿਲਿਆ ਸੀ। ਭਾਵੇਂ ਕਿ ਵਿਕਰਮ ਲੈਂਡਰ ਫ਼ੇਲ੍ਹ ਹੋਇਆ, ਔਰਬਿਟਰ ਨੇ ਚੰਦਰਮਾ ਅਤੇ ਇਸ ਦੇ ਵਾਤਾਵਰਣ ਬਾਰੇ ਲਾਭਦਾਇਕ ਜਾਣਕਾਰੀਆਂ ਇਕੱਠੀਆਂ ਕਰਨੀਆਂ ਜਾਰੀ ਰੱਖੀਆਂ। ਪਰ ਭਾਰਤ ਹੀ ਇਕਲੌਤਾ ਦੇਸ਼ ਨਹੀਂ ਹੈ ਜੋ ਚੰਦਰਮਾ ਪ੍ਰੋਗਰਾਮ 'ਤੇ ਕੰਮ ਕਰ ਰਿਹਾ ਹੈ। ਅਮਰੀਕੀ ਪੁਲਾੜ ਏਜੰਸੀ ਨਾਸਾ ਦੇ ਆਰਟੇਮਿਸ ਸਮਝੌਤੇ ਬਾਰੇ ਪੜ੍ਹਿਆ-ਸੁਣਿਆ ਹੋਵੇਗਾ ਇਸ ਪ੍ਰੋਗਾਰਮ ਤਹਿਤ, ਆਰਟੇਮਿਸ-1 ਪੁਲਾੜਯਾਨ ਚੰਦਰਮਾ 'ਤੇ ਗਿਆ ਅਤੇ ਪਿਛਲੇ ਸਾਲ ਧਰਤੀ 'ਤੇ ਵਾਪਸ ਆਇਆ। ਨਾਸਾ ਸਾਲ 2025 ਤੱਕ ਵਾਪਸ ਚੰਦਰਮਾ ਉੱਤੇ ਆਦਮੀ ਨੂੰ ਲਿਜਾਣਾ ਚਾਹੁੰਦੀ ਹੈ। ਜਪਾਨ, ਦੱਖਣੀ ਕੋਰੀਆ, ਚੀਨ ਅਤੇ ਰੂਸ ਵੀ ਚੰਦਰਮਾ ਮਿਸ਼ਨ 'ਤੇ ਕੰਮ ਕਰ ਰਹੇ ਹਨ ਅਤੇ ਕਈਆਂ ਨੂੰ ਯੂਰਪੀਅਨ ਯੂਨੀਅਨ ਦੀ ਮਦਦ ਮਿਲ ਰਹੀ ਹੈ।



























# ਪਾਕਿਸਤਾਨੀ ਪੰਜਾਬ 'ਚ ਕਿਉਂ ਮਾਰੇ ਜਾ ਰਹੇ ਨੇ ਇਸਾਈ ਅਤੇ ਤੋੜੇ ਜਾ ਰਹੇ ਨੇ ਚਰਚ

ਸੁੰਦਾਸ ਤੋਂ ਆਪਣੇ ਹੰਝੂ ਨਹੀਂ ਰੋਕੇ ਜਾ ਰਹੇ, ਉਨ੍ਹਾਂ ਦੀ ਸ਼ਾਨਦਾਰ ਵਿਆਹ ਦੀ ਰੀਝ ਵੀ ਕੁਝ ਧੁੰਦਲੀ ਹੁੰਦੀ ਨਜ਼ਰ ਆ ਰਹੀ ਹੈ। ਉਨ੍ਹਾਂ ਦਾ ਨਵੰਬਰ ਵਿੱਚ ਵਿਆਹ ਤੈਅ ਹੋਇਆ ਸੀ ਅਤੇ ਪਿਤਾ ਨੇ ਆਪਣੀ ਉਮਰ ਭਰ ਬੱਚਤ ਕਰਕੇ ਧੀ ਦਾ ਦਾਜ ਬਣਾਇਆ ਤੇ ਉਸ ਦੇ ਸਹੁਰੇ ਪਰਿਵਾਰ ਲਈ ਤੋਹਫ਼ੇ ਖ਼ਰੀਦੇ। ਪਰ 16 ਅਗਸਤ ਨੂੰ ਜਦੋਂ ਹਜੂਮ ਨੇ ਪਾਕਿਸਤਾਨ ਵਿੱਚ ਉਨ੍ਹਾਂ ਦੀ ਇਸਾਈ ਕਲੋਨੀ 'ਤੇ ਹਮਲਾ ਕੀਤਾ ਤਾਂ ਸਭ ਕੁਝ ਲੁੱਟਿਆ ਗਿਆ ਤੇ ਸਭ ਆਸਾਂ ਤਬਾਹ ਹੋ ਗਈਆਂ। ਸੁੰਦਾਸ ਕਹਿੰਦੇ ਹਨ, "ਮੇਰੇ ਦਾਜ ਦਾ ਕੋਈ ਸਮਾਨ ਨਹੀਂ ਬਚਿਆ। ਉਹ ਸਾਰੇ ਗਹਿਣੇ ਲੈ ਗਏ ਹਨ। ਉਨ੍ਹਾਂ ਨੇ ਸਿਰਫ਼ ਇਕ ਚੀਜ਼ ਛੱਡੀ ਹੈ, ਇੱਕ ਫਰਿੱਜ।"

ਉਨ੍ਹਾਂ ਨੂੰ ਨਹੀਂ ਪਤਾ ਕਿ ਇੰਨੇ ਥੋੜ੍ਹੇ ਸਮੇਂ ਵਿੱਚ ਮੁੜ ਦਾਜ ਦਾ ਸਮਾਨ ਖ਼ਰੀਦਣ ਲਈ ਪੈਸੇ ਕਿੱਥੋਂ ਆਉਣੇ ਨੇ ਤੇ ਭਵਿੱਖ ਵਿੱਚ ਕੀ ਹੋਵੇਗਾ। ਪੂਰਬੀ ਪੰਜਾਬੀ ਕਸਬੇ ਜੜ੍ਹਾਂਵਾਲਾ ਦੇ ਬਹੁਤ ਮਸੀਹੀ ਪਰਿਵਾਰ ਇਸੇ ਤਰ੍ਹਾਂ ਦੀ ਬਦਹਾਲੀ ਤੇ ਬੇਬਸੀ ਵਿੱਚੋਂ ਲੰਘ ਰਹੇ ਹਨ। ਉਹ ਨਹੀਂ ਜਾਣਦੇ ਕਿ ਕੀ ਉਹ ਹੁਣ ਕਦੇ ਬੇਫ਼ਿਕਰੇ ਹੋ ਕੇ ਮੁੜ ਇਸ ਸ਼ਹਿਰ ਵਿੱਚ ਆਪਣੇ ਪੈਰਾਂ ਉੱਤੇ ਖੜ੍ਹੇ ਹੋ ਸਕਣਗੇ ਜਾਂ ਮੜ ਵਸੇਬੇ ਜੋਗੇ ਵੀ ਹੋਣਗੇ। ਛੇ ਬੱਚਿਆਂ ਦੀ ਮਾਂ ਪਰਵੀਨ ਬੀਬੀ ਦਾ ਘਰ ਵੀ ਸੁੰਡਾਸ ਦੇ ਘਰ ਨੇੜੇ ਹੀ ਹੈ। ਉਹ ਮਲਬੇ ਦੀ ਫਰੋਲਾ-ਫਰਾਲੀ ਕਰ ਕੁਝ ਲੱਭਣ ਦੀ ਕੋਸ਼ਿਸ਼ ਕਰ ਰਹੇ ਹਨ। ਉਹ ਕਹਿੰਦੇ ਹਨ, "ਕੁਝ ਨਹੀਂ ਬਚਿਆ। ਰਸੋਈ 'ਚੋਂ ਭਾਂਡੇ ਵੀ ਲੈ ਗਏ ਹਨ। ਉਨ੍ਹਾਂ ਨੇ ਕੁਝ ਨਹੀਂ ਛੱਡਿਆ।" ਥੋੜ੍ਹੀ-ਥੋੜ੍ਹੀ ਦੇਰ ਬਾਅਦ ਉਹ ਚੀਖ਼ ਉੱਠਦੇ ਹਨ। ਉਨ੍ਹਾਂ ਦੀ ਜ਼ਿੰਦਗੀ ਦੀ ਕਮਾਈ ਲੁੱਟੀ ਜਾ ਚੁੱਕੀ ਹੈ। ਪਰਵੀਨ ਤੇ ਉਨ੍ਹਾਂ ਦਾ ਪਤੀ ਘਰੇਲੂ ਨੌਕਰਾਂ ਵਜੋਂ ਕੰਮ ਕਰਦੇ ਹਨ। ਜਦੋਂ ਭੀੜ ਆਉਣ ਦੀ ਭਿਣਕ ਪਈ ਤਾਂ ਉਹ ਘਰ ਛੱਡ ਕੇ ਆਪਣੇ ਜਾਨ ਬਚਾਉਣ ਲਈ ਭੱਜ ਗਏ ਸਨ। ਪਰਵੀਨ ਰੋਂਦਿਆਂ ਦੱਸਦੇ ਹਨ, "ਲੋਕਾਂ ਨੇ ਮੈਨੂੰ ਕਿਹਾ ਕਿ ਉਹ ਆ ਰਹੇ ਹਨ। ਉਹ ਸਾਰਿਆਂ ਨੂੰ ਅੱਗ ਲਾ ਦੇਣਗੇ। ਆਪਣੇ ਬੱਚਿਆਂ ਨੂੰ ਲੈ ਕੇ ਇੱਥੋਂ ਭੱਜ ਜਾ।"

ਦੋ ਇਸਾਈ ਭਾਈਚਾਰੇ ਨਾਲ ਸਬੰਧਤ ਵਿਅਕਤੀਆਂ ਵੱਲੋਂ ਮੁਸਲਮਾਨਾਂ ਦੀ ਪਵਿੱਤਰ ਗ੍ਰੰਥ ਕੁਰਾਨ ਦੀ ਕਾਪੀ ਦੇ ਪੰਨਿਆਂ ਨੂੰ ਨੁਕਸਾਨ ਪਹੁੰਚਾਉਣ ਤੇ ਫ਼ਿਰ ਈਸ਼ਨਿੰਦਾ ਸਮੱਗਰੀ ਲਿਖਣ ਦੇ ਇਲਜ਼ਾਮਾਂ ਤੋਂ ਬਾਅਦ ਹਜ਼ਾਰਾਂ ਮੁਸਲਮਾਨਾਂ ਨੇ ਚਰਚਾਂ ਨੂੰ ਸਾੜ ਦਿੱਤਾ ਅਤੇ ਇਸਾਈਆਂ ਦੇ ਘਰਾਂ ਦੀ ਭੰਨਤੋੜ ਕੀਤੀ। ਪੰਨੇ ਕਥਿਤ ਤੌਰ 'ਤੇ ਈਸਾ ਨਗਰੀ ਨੂੰ ਜਾਂਦੀ ਸੜਕ 'ਤੇ ਕੁਝ ਵਿਅਕਤੀਆਂ ਨੂੰ ਮਿਲੇ, ਜੋ ਆਪਣੇ ਕੰਮ ਦੇ ਸਿਲਸਲੇ ਵਿੱਚ ਉੱਥੋਂ ਲੰਘ ਰਹੇ ਸਨ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਜੋ ਪੰਨੇ ਮਿਲੇ ਹਨ ਉਨ੍ਹਾਂ ਨਾਲ ਕੁਝ ਤਸਵੀਰਾਂ ਵੀ ਮਿਲੀਆਂ ਹਨ ਤੇ ਇੱਕ ਕਾਗਜ਼ ਮਿਲਿਆ ਹੈ ਜਿਸ ਉੱਤੇ ਬਾਪ-ਬੇਟੇ ਦਾ ਨਾਮ ਲਿਖਿਆ ਹੈ। ਇਹ ਦੋਵੇਂ ਇੱਕ ਇਸਾਈ ਪਰਿਵਾਰ ਨਾਲ ਸਬੰਧਤ ਹਨ। ਈਸ਼ਨਿੰਦਾ ਦੇ ਮਾਮਲੇ ਵਿੱਚ ਮੌਤ ਦੀ ਸਜ਼ਾ ਤੱਕ ਦਿੱਤੀ ਜਾ ਸਕਦੀ ਹੈ ਹਾਲਾਂਕਿ ਇਹ ਕਦੇ ਲਾਗੂ ਨਹੀਂ ਕੀਤੀ ਗਈ। ਪਰ ਭੀੜ ਵਲੋਂ ਕੀਤੀ ਹਿੰਸਾ ਅਕਸਰ ਬੇਗੁਨਾਹਾਂ ਦੀ ਜ਼ਿੰਦਗੀ ਦੇ ਅੰਤ ਤੇ ਤਬਾਹੀ ਦਾ ਕਾਰਨ ਬਣਦੀ ਹੈ। ਪਾਕਿਸਤਾਨ ਦੇ ਘੱਟ ਗਿਣਤੀ ਭਾਈਚਾਰੇ ਜਿਨ੍ਹਾਂ ਵਿੱਚ ਇਸਾਈ, ਹਿੰਦੂ ਅਤੇ ਸਿੱਖ ਸ਼ਾਮਲ ਹਨ, ਖ਼ਾਸ ਤੌਰ 'ਤੇ ਕਮਜ਼ੋਰ ਮੰਨੇ ਜਾਂਦੇ ਹਨ।

### 'ਕਿਆਮਤ ਦਾ ਦਿਨ'

ਸ਼ਾਂਤੀ ਦੀ ਇੱਕ ਛੋਟੀ ਜਿਹੀ ਆਸ ਬਚੀ ਸੀ ਉਹ ਵੀ ਉਸ ਸਮੇਂ ਟੁੱਟ ਗਈ ਜਦੋਂ ਇੱਕ ਨੇੜਲੀ ਮਸਜਿਦ ਦੇ ਪ੍ਰਬੰਧਕਾਂ ਵੱਲੋਂ ਮੁਸਲਮਾਨਾਂ ਨੂੰ ਸੜਕਾਂ 'ਤੇ ਆਉਣ ਲਈ ਕਿਹਾ। ਸੇਂਟ ਪੌਲ ਕੈਥੋਲਿਕ ਚਰਚ ਦੇ ਸਾਹਮਣੇ ਮਿੱਟੀ ਦੇ ਤੇਲ ਦੀਆਂ ਬੋਤਲਾਂ ਅਤੇ ਸੋਟੀਆਂ ਲੈ ਕੇ ਭੀੜ ਇਕੱਠੀ ਹੋ ਗਈ। ਕੁਝ ਪੁਲਿਸ ਵਾਲਿਆਂ ਨੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਅਜਿਹਾ ਨਾ ਹੋ ਸਕਿਆ। ਈਸਾ ਨਗਰੀ ਦੇ ਰਹਿਣ ਵਾਲੇ ਅਫ਼ਜ਼ਲ ਮਸੀਹ ਨੇ ਕਿਹਾ, "ਅਜਿਹਾ ਮਹਿਸੂਸ ਹੋਇਆ ਜਿਵੇਂ ਸਾਡੇ ਲਈ ਕਿਆਮਤ ਦਾ ਦਿਨ ਹੋਵੇ।" "ਮੈਨੂੰ ਲੱਗਿਆ ਇਹ ਸਾਡਾ ਪਾਕਿਸਤਾਨ ਨਹੀਂ ਹੋ ਸਕਦਾ ਅਤੇ ਅਸੀਂ ਹੁਣ ਇਸਦੇ ਨਾਗਰਿਕ ਨਹੀਂ ਹਾਂ।"

ਭੀੜ ਨੇ ਚਰਚ ਵਿੱਚ ਭੰਨਤੋੜ ਕੀਤੀ, ਇਸ ਦਾ ਸਮਾਨ ਚੋਰੀ ਕਰ ਲਿਆ ਅਤੇ ਫਿਰ ਅੱਗ ਲਗਾ ਦਿੱਤੀ। ਆਲੇ-ਦੁਆਲੇ ਦੇ ਕਈ ਘਰਾਂ ਨੂੰ ਵੀ ਨਿਸ਼ਾਨਾ ਬਣਾਇਆ ਗਿਆ। ਇਹ ਹਜੂਮ ਫ਼ਿਰ ਇੱਕ ਹੋਰ ਇਲਾਕੇ ਵਿੱਚ ਵੜ ਗਿਆ ਤੇ ਜੋ ਵੀ ਨਜ਼ਰ ਆਉਂਦਾ ਉਹ ਸਾੜ ਦਿੰਦੇ। ਮੁਹੰਮਦ ਅਰਸ਼ਦ ਵੀ ਈਸਾ ਨਗਰੀ ਵਿੱਚ ਹੀ ਰਹਿੰਦੇ ਹਨ। ਉਨ੍ਹਾਂ ਕਿਹਾ, "ਜਿਨ੍ਹਾਂ ਲੋਕਾਂ ਨੇ ਅਜਿਹਾ ਕੀਤਾ ਉਹ ਨੇੜਲੇ ਪਿੰਡਾਂ ਜਾਂ ਹੋਰ ਇਲਾਕਿਆਂ ਤੋਂ ਆਏ ਸਨ।" ਅਰਸ਼ਦ 45 ਸਾਲਾਂ ਤੋਂ ਉੱਥੇ ਰਹਿ ਰਹੇ ਹੈ।

ਉਹ ਕਹਿੰਦੇ ਹਨ ਕਿ ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿੱਚ ਕਦੇ ਵੀ ਇਸਾਈ ਅਤੇ ਮੁਸਲਿਮ ਗੁਆਂਢੀਆਂ ਦਰਮਿਆਨ ਲੜਾਈ ਨਹੀਂ ਵੇਖੀ। "ਸਾਡੀ ਇੱਕ ਦੂਜੇ ਨਾਲ ਖਾਣ-ਪੀਣ ਦੀ ਸਾਂਝ ਹੈ ਅਸੀਂ ਖ਼ਾਸ ਮੌਕਿਆਂ 'ਤੇ ਇਕੱਠਿਆਂ ਖ਼ੁਸ਼ੀ ਮਨਾਉਂਦੇ ਹਾਂ।" ਉਹ ਜ਼ੋਰ ਦਿੰਦਿਆਂ ਹਨ ਕਿ ਉਨ੍ਹਾਂ ਦੇ ਇਲਾਕੇ ਦੇ ਮੁਸਲਮਾਨ ਕਦੇ ਵੀ ਆਪਣੇ ਇਸਾਈ ਗੁਆਂਢੀਆਂ ਦੇ ਘਰਾਂ ਨੂੰ ਸਾੜਨ ਬਾਰੇ ਨਹੀਂ ਸੋਚ ਸਕਦੇ।

### ਅਸਲ ਵਿੱਚ ਹੋਇਆ ਕੀ?

ਅਰਸ਼ਦ ਦੱਸਦੇ ਹਨ ਕਿ ਸਥਾਨਕ ਲੋਕ ਇੱਕ ਅਜਿਹੇ ਇਸਾਈ ਪਾਦਰੀ ਨੂੰ ਜਾਣਦੇ ਹਨ ਜਿਸ ਸਿਰ ਈਸ਼ਨਿੰਦਾ ਦੇ ਇਲਜ਼ਾਮ ਲੱਗੇ ਸਨ, ਪਰ ਅਰਸ਼ਦ ਨੂੰ ਨਹੀਂ ਲੱਗਦਾ ਕਿ ਪਾਦਰੀ ਨੇ ਕੁਰਾਨ ਨਾਲ ਛੇੜਛਾੜ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ, "ਇੱਕ ਅਪਰਾਧੀ ਆਪਣਾ ਨਾਮ ਅਤੇ ਪਤਾ ਖ਼ੁਦ ਕਿਉਂ ਦੱਸੇਗਾ?"

ਪਰ ਫ਼ਿਰ ਵੀ ਕੁਝ ਲੋਕਾਂ ਦੇ ਦਿਲਾਂ ਵਿੱਚ ਕੁਝ ਕਾਰਨਾਂ ਕਰਕੇ ਇਹ ਧਾਰਨਾ ਘਰ ਕਰ ਗਈ ਹੈ। ਅਰਸ਼ਦ ਦਾ ਕਹਿਣਾ ਹੈ ਕਿ ਕੁਝ ਲੋਕਾਂ ਨੇ ਫ਼ਾਦਰ ਦੇ ਭਰਾ ਨੂੰ ਕੁਰਾਨ ਦੀ ਕਥਿਤ ਈਸ਼ਨਿੰਦਾ ਦੇ ਪੰਨੇ ਦਿਖਾਏ ਸਨ, ਜਿਸ ਬਾਰੇ ਉਨ੍ਹਾਂ ਕੋਈ ਜਾਣਕਾਰੀ ਨਾ ਹੋਣ ਜਾ ਦਾਅਵਾ ਕੀਤਾ ਸੀ। ਇੱਥੋਂ ਤੱਕ ਕਿ ਫ਼ਾਦਰ ਨੇ ਵੀ ਅਜਿਹੇ ਕਿਸੇ ਕੰਮ ਵਿੱਚ ਸ਼ਮੂਲੀਅਤ ਤੋਂ ਇਨਕਾਰ ਕੀਤਾ ਸੀ। ਪਰ ਜਨਤਕ ਗੁੱਸੇ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰਦਿਆਂ ਉਨ੍ਹਾਂ ਨੇ ਮਾਫ਼ੀ ਮੰਗ ਲਈ ਸੀ।ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਕੋਲ ਮੌਕੇ 'ਤੇ ਆਲੇ-ਦੁਆਲੇ ਦੇ ਪਿੰਡਾਂ ਤੋਂ ਆਈ ਭੀੜ ਨੂੰ ਕਾਬੂ ਕਰਨ ਲਈ ਲੋੜੀਂਦੇ ਸਾਧਨ ਮੌਜੂਦ ਨਹੀਂ ਸਨ।

ਅਧਿਕਾਰੀਆਂ ਦਾ ਇਹ ਵੀ ਕਹਿਣਾ ਹੈ ਕਿ 17 ਚਰਚਾਂ ਅਤੇ ਘੱਟੋ-ਘੱਟ 85 ਘਰਾਂ ਨੂੰ ਸਾੜ ਦਿੱਤਾ ਗਿਆ ਹੈ। ਹਾਲਾਂਕਿ, ਇਸਾਈ ਭਾਈਚਾਰੇ ਦੇ ਕਈ ਲੋਕਾਂ ਨੇ ਬੀਬੀਸੀ ਸਾਹਮਣੇ ਦਾਅਵਾ ਕੀਤਾ ਹੈ ਕਿ ਇਤਿਹਾਸਕ ਸਾਲਵੇਸ਼ਨ ਆਰਮੀ ਚਰਚ ਸਮੇਤ 20 ਤੋਂ ਵੱਧ ਚਰਚਾਂ ਨੂੰ ਸਾੜ ਦਿੱਤਾ ਗਿਆ ਸੀ।

ਹਿੰਸਾ ਕਰੀਬ 10 ਘੰਟਿਆਂ ਤੱਕ ਜਾਰੀ ਰਹੀ। ਹਿੰਸਾ ਕਾਬੂ ਕਰਨ ਲਈ ਹੋਰ ਸ਼ਹਿਰਾਂ ਤੋਂ ਪੁਲਿਸ ਨੂੰ ਬੁਲਾਇਆ ਗਿਆ ਸੀ। ਇਸ ਮਾਮਲੇ ਵਿੱਚ 100 ਤੋਂ ਵੱਧ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਪਰ ਸਥਿਤੀ ਤਣਾਅ-ਪੂਰਨ ਬਣੀ ਹੋਈ ਹੈ। ਸਾਰੇ ਜਨਤਕ ਇਕੱਠਾਂ 'ਤੇ ਸੱਤ ਦਿਨਾਂ ਲਈ ਪਾਬੰਦੀ ਲਗਾਈ ਗਈ ਹੈ।



### ਪਾਕਿਸਤਾਨ ਵਿੱਚ ਈਸ਼ਨਿੰਦਾ ਕਾਨੂੰਨ

ਕੁਰਾਨ ਨੂੰ ਨੁਕਸਾਨ ਪਹੁੰਚਾਉਣ ਦੇ ਮੁਲਜ਼ਮ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਈਸ਼ਨਿੰਦਾ ਲਈ ਜਾਂਚ ਕੀਤੀ ਜਾ ਰਹੀ ਹੈ। ਆਲੋਚਕਾਂ ਦਾ ਕਹਿਣਾ ਹੈ ਕਿ ਕਾਨੂੰਨ ਦੀ ਵਰਤੋਂ ਘੱਟ ਗਿਣਤੀ ਧਰਮਾਂ ਨੂੰ ਸਤਾਉਣ ਅਤੇ ਉਨ੍ਹਾਂ ਨੂੰ ਗ਼ਲਤ ਤਰੀਕੇ ਨਾਲ ਨਿਸ਼ਾਨਾ ਬਣਾਉਣ ਲਈ ਕੀਤੀ ਜਾਂਦੀ ਹੈ। ਪਾਕਿਸਤਾਨ ਵਿੱਚ ਈਸ਼ਨਿੰਦਾ ਦਾ ਕਾਨੂੰਨ ਆਜ਼ਾਦੀ ਤੋਂ ਪਹਿਲਾਂ ਦਾ ਮੌਜੂਦ ਹੈ। ਇਹ 19ਵੀਂ ਸਦੀ ਵਿੱਚ ਅੰਗਰੇਜ਼ਾਂ ਵਲੋਂ ਬਣਾਇਆ ਗਿਆ ਸੀ। 1980 ਦੇ ਦਹਾਕੇ ਵਿੱਚ, ਇਸਲਾਮਾਬਾਦ ਨੇ ਇਸਲਾਮ ਦਾ ਅਪਮਾਨ ਕਰਨ ਲਈ ਮੌਤ ਦੀ ਸਜ਼ਾ ਸਮੇਤ ਸਖ਼ਤ ਸਜ਼ਾਵਾਂ ਵਿੱਚ ਤਜਵੀਜ਼ ਕੀਤੀ ਗਈ। ਪਾਕਿਸਤਾਨ ਦੀ ਕਰੀਬ 96 ਫ਼ੀਸਦ ਆਬਾਦੀ ਮੁਸਲਿਮ ਹੈ। ਈਰਾਨ, ਬਰੂਨੇਈ ਅਤੇ ਮੌਰੀਤਾਨੀਆ ਸਮੇਤ ਹੋਰ ਦੇਸ਼ਾਂ ਵਿੱਚ ਵੀ ਈਸ਼ਨਿੰਦਾ ਲਈ ਫਾਂਸੀ ਦੀ ਸਜ਼ਾ ਦੇਣ ਦੀ ਵਿਵਸਥਾ ਹੈ। ਪਾਕਿਸਤਾਨ ਦੇ ਮਨੁੱਖੀ ਅਧਿਕਾਰ ਕਮਿਸ਼ਨ ਦੀ ਸਲਾਨਾ ਰਿਪੋਰਟ ਮੁਤਾਬਕ, 2022 ਵਿੱਚ ਪੂਰੇ ਪਾਕਿਸਤਾਨ ਵਿੱਚ ਈਸ਼ਨਿੰਦਾ ਦੇ 35 ਮਾਮਲੇ ਦਰਜ ਕੀਤੇ ਗਏ ਸਨ ਅਤੇ 171 ਲੋਕਾਂ 'ਤੇ ਈਸ਼ਨਿੰਦਾ ਕਾਨੂੰਨ ਦੇ ਤਹਿਤ ਦੋਸ਼ ਆਇਦ ਕੀਤੇ ਗਏ ਸਨ, ਜਿਨ੍ਹਾਂ ਵਿੱਚੋਂ 65 ਫ਼ੀਸਦ ਮਾਮਲੇ ਪੰਜਾਬ ਵਿੱਚ ਹੋਏ ਸਨ।








# ਜੇ ਨੌਜਵਾਨਾਂ ਨੂੰ ਸਹੀ ਸੇਧ ਮਿਲੇ ਤਾਂ ਉਨ੍ਹਾਂ ਦਾ ਬਹੁਤ ਭਲਾ ਹੋ ਸਕਦਾ ਹੈ

ਮੀਨਾਕਸ਼ੀ

ਨੌਜਵਾਨ ਵਰਗ ਸਾਡੇ ਦੇਸ਼ ਦੀ ਸਭ ਤੋਂ ਵੱਡੀ ਤਾਕਤ ਹੈ। ਜਦੋਂ ਵੀ ਕੋਈ ਦੇਸ਼ ਮੁਸੀਬਤ ਵਿਚ ਹੁੰਦਾ ਹੈ ਤਾਂ ਉਸ ਦੀ ਨੌਜਵਾਨ ਪੀੜ੍ਹੀ ਹਰ ਮੁਸੀਬਤ ਦਾ ਡਟ ਕੇ ਸਾਹਮਣਾ ਕਰਦੀ ਹੈ ਅਤੇ ਮੁਲਕ ਨੂੰ ਮੁਸੀਬਤ ਤੋਂ ਬਚਾਉਂਦੀ ਹੈ। ਨੌਜਵਾਨ ਵਰਗ ਦੀ ਅਹਿਮੀਅਤ ਦੇ ਮੱਦੇਨਜ਼ਰ ਹਰ ਸਾਲ ਬਾਰਾਂ ਅਗਸਤ ਨੂੰ ਅੰਤਰਰਾਸ਼ਟਰੀ ਯੁਵਾ ਦਿਵਸ ਮਨਾਇਆ ਜਾਂਦਾ ਹੈ। ਯੁਵਾ ਦਿਵਸ ਮਨਾਉਣ ਲਈ ਪਹਿਲਾਂ ਥੀਮ ਜਾਰੀ ਕੀਤਾ ਜਾਂਦਾ ਹੈ। ਇਸ ਥੀਮ ਦੇ ਆਧਾਰ 'ਤੇ ਸੰਯੁਕਤ ਰਾਸ਼ਟਰ ਇਕ ਪ੍ਰੋਗਰਾਮ ਆਯੋਜਿਤ ਕਰਦਾ ਹੈ ਜਿਸ ਵਿਚ ਨੌਜਵਾਨਾਂ ਨੂੰ ਹਿੱਸਾ ਲੈਣ ਦਾ ਮੌਕਾ ਦਿੱਤਾ ਜਾਂਦਾ ਹੈ। ਇਸ ਦਾ ਮਕਸਦ ਵਿਸ਼ਵ ਦੇ ਨੌਜਵਾਨਾਂ ਨੂੰ ਸਮਾਜਿਕ, ਆਰਥਿਕ ਅਤੇ ਰਾਜਨੀਤਕ ਮੁੱਦਿਆਂ 'ਤੇ ਬਰਾਬਰ ਦਾ ਭਾਈਵਾਲ ਬਣਾਉਣਾ ਹੈ। ਇਸ ਦਿਨ ਨੂੰ ਮਨਾਉਣ ਦਾ ਮਕਸਦ ਸਮਾਜਿਕ, ਆਰਥਿਕ ਅਤੇ ਰਾਜਨੀਤਕ ਮੁੱਦਿਆਂ 'ਤੇ ਨੌਜਵਾਨਾਂ ਦੀ ਭਾਗੀਦਾਰੀ ਨੂੰ ਵਧਾਉਣਾ ਹੈ। ਨੌਜਵਾਨਾਂ ਨੂੰ ਉਨ੍ਹਾਂ ਦੀ ਅਹਿਮੀਅਤ ਦੱਸਣਾ, ਉਨ੍ਹਾਂ ਨੂੰ ਦੇਸ਼ ਦੇ ਵਿਕਾਸ ਵਿਚ ਉਨ੍ਹਾਂ ਦੀ ਭੂਮਿਕਾ ਸਮਝਾਉਣਾ ਬਹੁਤ ਜ਼ਰੂਰੀ ਹੈ। ਵਿਸ਼ਵ ਯੁਵਾ ਦਿਵਸ ਦੀ ਸਥਾਪਨਾ 1986 ਵਿਚ ਕੀਤੀ ਗਈ ਸੀ। ਪਹਿਲੀ ਵਾਰ ਅੰਤਰ-ਰਾਸ਼ਟਰੀ ਯੁਵਾ ਦਿਵਸ 12 ਅਗਸਤ 2000 ਨੂੰ ਮਨਾਇਆ ਗਿਆ ਸੀ। ਇਸ ਦਿਨ ਨੂੰ ਮਨਾਉਣ ਦਾ ਫ਼ੈਸਲਾ ਸੰਯੁਕਤ ਰਾਸ਼ਟਰ ਦੀ ਅਸੈਂਬਲੀ ਨੇ 17 ਦਸੰਬਰ 1999 ਨੂੰ ਲਿਆ ਸੀ। ਉਸ ਦਿਨ ਇਹ ਫ਼ੈਸਲਾ ਕੀਤਾ ਗਿਆ ਸੀ ਕਿ ਹਰ ਸਾਲ 12 ਅਗਸਤ ਨੂੰ ਅੰਤਰਰਾਸ਼ਟਰੀ ਯੁਵਾ ਦਿਵਸ ਵਜੋਂ ਮਨਾਇਆ ਜਾਵੇਗਾ ਪਰ ਇਸ ਦਿਨ ਨੂੰ ਮਨਾਉਣ ਦਾ ਸੁਝਾਅ 1998 ਵਿਚ ਵਿਸ਼ਵ ਕਾਨਫਰੰਸ ਵਿਚ ਦਿੱਤਾ ਗਿਆ ਸੀ। ਨੌਜਵਾਨਾਂ ਲਈ ਜ਼ਿੰਮੇਵਾਰ ਉੱਚ ਅਧਿਕਾਰੀਆਂ ਨੇ ਵਿਸ਼ਵ ਕਾਨਫਰੰਸ ਵਿਚ ਇਕ ਦਿਨ ਨੌਜਵਾਨਾਂ ਨੂੰ ਸਮਰਪਿਤ ਕਰਨ ਦਾ ਸੁਝਾਅ ਦਿੱਤਾ ਸੀ ਜਿਸ ਤੋਂ ਬਾਅਦ ਸੰਯੁਕਤ ਰਾਸ਼ਟਰ ਮਹਾ ਸਭਾ ਨੇ 1999 ਵਿਚ ਇਸ ਸੁਝਾਅ ਨੂੰ ਅਪਨਾ ਲਿਆ ਸੀ। ਸੁਝਾਅ ਸੀ ਕਿ ਸਾਲ ਦਾ ਇਕ ਦਿਨ ਨੌਜਵਾਨਾਂ ਨੂੰ ਸਮਰਪਿਤ ਕੀਤਾ ਜਾਵੇ। ਭਾਰਤ 'ਚ 20 ਤੋਂ 40 ਸਾਲ ਦੀ ਉਮਰ ਵਰਗ ਦੇ 60 ਕਰੋੜ ਯੁਵਾ ਹਨ। ਯਾਨੀ ਸਾਡੇ ਦੇਸ਼ 'ਚ ਬੇਅੰਤ ਮਨੁੱਖੀ ਸ਼ਕਤੀ ਉਪਲਬਧ ਹੈ। ਅੱਜ ਵੱਡੀ ਲੋੜ ਇਹ ਹੈ ਕਿ ਨੌਜਵਾਨ ਸ਼ਕਤੀ ਨੂੰ ਸਹੀ ਸੇਧ ਦੇ ਕੇ ਉਸ ਨੂੰ ਦੇਸ਼ ਦੀ ਤਰੱਕੀ 'ਚ ਭਾਗੀਦਾਰ ਬਣਾਇਆ ਜਾਵੇ। ਉਨ੍ਹਾਂ ਨੂੰ ਚੰਗੇ ਸੰਸਕਾਰਾਂ ਵਾਲੇ ਬਣਾਉਣਾ ਵੀ ਸਮੇਂ ਦੀ ਲੋੜ ਹੈ। ਨੌਜਵਾਨ ਵਰਗ ਨੂੰ ਯੋਗ ਸਿੱਖਿਆ ਦੇਣ ਤੇ ਤਕਨੀਕੀ ਮਾਹਰ ਬਣਾਉਣ, ਉਨ੍ਹਾਂ ਨੂੰ ਨਸ਼ਿਆਂ, ਜੂਏ ਵਰਗੀਆਂ ਭੈੜੀਆਂ ਆਦਤਾਂ ਤੋਂ ਬਚਾਉਣ ਦੀ ਲੋੜ ਹੈ ਕਿਉਂਕਿ ਦੇਸ਼ ਤੇ ਸਮਾਜ ਦੀ ਤਰੱਕੀ ਲਈ ਚਰਿੱਤਰ ਨਿਰਮਾਣ ਅਤਿ ਜ਼ਰੂਰੀ ਹੈ। ਸਾਡੇ ਮੁਲਕ 'ਚ ਕਿਤੇ ਨਾ ਕਿਤੇ ਨੌਜਵਾਨਾਂ ਨੂੰ ਸਹੀ ਸੇਧ ਦੇਣ ਪੱਖੋਂ ਉਕਾਈ ਕੀਤੀ ਜਾ ਰਹੀ ਹੈ। ਘਰ-ਪਰਿਵਾਰ, ਸਰਕਾਰਾਂ ਤੇ ਸਮਾਜ ਨੂੰ ਆਪੋ-ਆਪਣੀ ਜ਼ਿੰਮੇਵਾਰੀ ਨਿਭਾਉਂਦੇ ਹੋਏ ਨੌਜਵਾਨ ਵਰਗ ਦਾ ਸਹੀ ਮਾਰਗਦਰਸ਼ਨ ਕਰਨਾ ਚਾਹੀਦਾ ਹੈ।



# ਆਮ ਲੋਕਾਂ ਦੀ ਭਲਾਈ ਲਈ ਕੰਮ ਕਰਨ ਜੀ20 ਮੁਲਕ

**ਗਾਂਧੀਨਗਰ-** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੱਥੇ ਜੀ20 ਮੁਲਕਾਂ ਨੂੰ ਤਕਨਾਲੋਜੀ ਦੇ ਬਰਾਬਰ ਸਹੂਲਤਾਂ ਦੇਣ ਅਤੇ ਲੋਕ ਭਲਾਈ ਲਈ ਕਾਢਾਂ ਦੀ ਅਪੀਲ ਕੀਤੀ। ਗੁਜਰਾਤ ਦੀ ਰਾਜਧਾਨੀ ਗਾਂਧੀਨਗਰ ਵਿੱਚ ਜੀ20 ਮੁਲਕਾਂ ਦੇ ਸਿਹਤ ਮੰਤਰੀਆਂ ਦੀ ਮੀਟਿੰਗ ਨੂੰ ਵਰਚੁਅਲੀ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਸਾਰਿਆਂ ਨੂੰ ਅਗਲੀ ਸਿਹਤ ਐਮਰਜੈਂਸੀ ਨਾਲ ਨਜਿੱਠਣ ਲਈ ਤਿਆਰ ਰਹਿਣ ਦਾ ਸੱਦਾ ਦਿੱਤਾ।

ਨਰਿੰਦਰ ਮੋਦੀ ਨੇ ਕਿਹਾ ਕਿ ਡਿਜੀਟਲ ਹੱਲ ਅਤੇ ਖੋਜਾਂ ਸਾਡੀਆਂ ਕੋਸ਼ਿਸ਼ਾਂ ਨੂੰ ਤਰਕਸੰਗਤ ਬਣਾਉਣ ਲਈ ਲਾਹੇਵੰਦ ਸਾਧਨ ਹਨ। ਉਨ੍ਹਾਂ ਕਿਹਾ, "ਆਲਮੀ ਸਿਹਤ ਸਬੰਧੀ ਵੱਖ ਵੱਖ ਵਿਸ਼ਵਵਿਆਪੀ ਡਿਜੀਟਲ ਸਿਹਤ ਪਹਿਲਕਦਮੀਆਂ ਨੂੰ ਇੱਕ ਸਾਂਝੇ ਮੰਚ 'ਤੇ ਲਿਆਉਣਗੀਆਂ। ਆਓ ਲੋਕ ਭਲਾਈ ਲਈ ਕਾਢਾਂ ਕੱਢੀਏ।" ਪ੍ਰਧਾਨ ਮੰਤਰੀ ਨੇ ਕਿਹਾ, "ਆਓ ਤਕਨਾਲੋਜੀ ਦੇ ਬਰਾਬਰ ਸਹੂਲਤਾਂ ਨੂੰ ਯਕੀਨੀ ਬਣਾਈਏ। ਇਹ ਪਹਿਲ ਵਿਸ਼ਵ ਭਰ ਦੇ ਦੱਖਣੀ ਮੁਲਕਾਂ ਨੂੰ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਦੇ ਪਾੜੇ ਨੂੰ ਪੂਰਾ ਕਰਨ ਦੀ ਆਗਿਆ ਦੇਵੇਗੀ।" ਉਨ੍ਹਾਂ ਜੀ20 ਮੁਲਕਾਂ ਦੇ ਮੈਂਬਰਾਂ ਨੂੰ ਦੱਸਿਆ ਕਿ ਭਾਰਤ ਵਿਸ਼ਵ ਸਿਹਤ ਸੰਗਠਨ ਵੱਲੋਂ ਮਿਥੇ ਗਏ ਟੀਚੇ ਤੋਂ ਪਹਿਲਾਂ ਲੋਕਾਂ ਦੇ ਸਹਿਯੋਗ ਨਾਲ ਟੀਬੀ ਦਾ ਖ਼ਤਮਾ ਕਰ ਦੇਵੇਗਾ। ਮੋਦੀ ਨੇ ਕਿਹਾ ਕਿ ਟੀਬੀ ਮੁਕਤ ਭਾਰਤ ਲਈ ਲੋਕਾਂ ਨੂੰ ਨਿਕਸ਼ੈ ਮਿੱਤਰ ਬਣਨ ਦੀ ਅਪੀਲ ਕੀਤੀ ਗਈ ਹੈ। ਪ੍ਰਧਾਨ ਮੰਤਰੀ ਨੇ ਕਰੋਨਾ ਮਹਾਮਾਰੀ ਵਾਂਗ ਅਗਲੀ ਸਿਹਤ ਐਮਰਜੈਂਸੀ ਨਾਲ ਨਜਿੱਠਣ ਲਈ ਪਹਿਲਾਂ ਤੋਂ ਹੀ ਤਿਆਰ ਰਹਿਣ 'ਤੇ ਜ਼ੋਰ ਦਿੱਤਾ। ਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਇੱਥੇ ਭਾਜਪਾ ਦੇ ਜ਼ਿਲ੍ਹਾ ਪੰਚਾਇਤ ਮੈਂਬਰਾਂ ਨੂੰ ਵੱਖ ਵੱਖ ਵਿਕਾਸ ਪਹਿਲੂਆਂ ਨੂੰ ਜਨ ਅੰਦੋਲਲ ਬਣਾਉਣ ਲਈ ਕੰਮ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ 2047 ਤੱਕ ਭਾਰਤ ਨੂੰ ਵਿਕਸਿਤ ਦੇਸ਼ ਬਣਾਉਣ ਲਈ 'ਹਰ ਪਿੰਡ, ਤਹਿਸੀਲ ਅਤੇ ਜ਼ਿਲ੍ਹੇ ਵਿੱਚ ਵਿਕਾਸ ਦਾ ਦੀਵਾ ਬਾਲਣਾ ਹੈ।"

Issue- 429, Vol-17, August 23, 2023

# ਟਾਂਡਾ ਦੀ ਦੀਪ ਨੇ ਅਮਰੀਕਾ 'ਚ ਪਾਇਲਟ ਬਣ ਕੇ ਵਧਾਇਆ ਮਾਣ

ਟਾਂਡਾ ਉੜਮੁੜ- ਟਾਂਡਾ ਸ਼ਹਿਰ ਦੀ ਇੱਕ ਨੂੰਹ ਗਗਨਦੀਪ ਕੌਰ ਹੀਰ ਨੇ ਅਮਰੀਕਾ ਵਿੱਚ ਪਾਇਲਟ ਬਣ ਕੇ ਟਾਂਡਾ ਸ਼ਹਿਰ ਦਾ ਮਾਣ ਵਧਾਇਆ ਹੈ। ਅਮਰੀਕਾ ਦੀ



ਧਰਤੀ 'ਤੇ ਆਪਣਾ ਨਾਮ ਰੁਸ਼ਨਾਉਣ ਤੋਂ ਬਾਅਦ ਮੰਗਲਵਾਰ ਟਾਂਡਾ ਸ਼ਹਿਰ ਆਪਣੇ ਘਰ ਪਹੁੰਚਣ 'ਤੇ ਗਗਨਦੀਪ ਦਾ ਸਹੁਰੇ ਪਰਿਵਾਰ ਨੇ ਖੁਸ਼ੀਆਂ ਭਰੇ ਮਾਹੌਲ ਵਿੱਚ ਉਸ ਦਾ ਸਵਾਗਤ ਕੀਤਾ। ਟਾਂਡਾ ਸ਼ਹਿਰ ਦੇ ਨਾਮਵਰ ਵੇਵਜ਼ ਹਸਪਤਾਲ ਦੇ ਮਾਲਕ ਡਾ.ਗੁਰਜੋਤ ਸਿੰਘ ਪਾਬਲਾ ਦੀ ਪਤਨੀ ਗਗਨਦੀਪ ਹੀਰ ਨੂੰ ਯੂਨਾਈਟਿਡ ਐਕਸਪ੍ਰੈਸ ਮੇਸਾ ਏਅਰਲਾਈਨ ਅਮਰੀਕਾ ਵਿਚ ਪਾਇਲਟ ਵਜੋਂ ਡੋਮੈਸਟਿਕ ਫਲਾਇੰਗ ਪਾਇਲਟ ਦਾ ਲਾਈਸੈਂਸ ਮਿਲ ਗਿਆ ਹੈ।

ਇਸ ਮੌਕੇ ਟਾਂਡਾ ਪਹੁੰਚਣ 'ਤੇ ਗਗਨਦੀਪ ਦਾ ਉਸਦੇ ਸਹੁਰਾ ਰਸ਼ਪਾਲ ਜੀਤ ਸਿੰਘ, ਸੱਸ ਪਰਮਜੀਤ ਕੌਰ, ਜੇਠ ਡਾ.ਲਵਪ੍ਰੀਤ ਸਿੰਘ ਪਾਬਲਾ ਅਤੇ ਬਾਕੀ ਪਰਿਵਾਰਕ ਮੈਂਬਰਾਂ ਪਰਮਜੀਤ ਸਿੰਘ, ਡਾ. ਗੁਰਪ੍ਰੀਤ ਕੌਰ, ਪ੍ਰਿੰਸੀਪਲ ਮਨਜੀਤ ਸਿੰਘ ,ਨਵਜੋਤ ਸਿੰਘ, ਰਣਦੀਪ ਸਿੰਘ, ਸੁਰਿੰਦਰ ਕੌਰ, ਡਾ.ਅੰਮ੍ਰਿਤਪਾਲ, ਬਲਵਿੰਦਰ ਕੌਰ ਨੇ ਸਵਾਗਤ ਕਰਦੇ ਹੋਏ ਉਸਦੀ ਪ੍ਰਾਪਤੀ 'ਤੇ ਫ਼ਖਰ ਪ੍ਰਗਟਾਇਆ ਹੈ।

# ਲੌਂਗੋਵਾਲ ਝੜਪ ਕਾਰਨ ਪੰਜਾਬ ਵਿਚ ਕਿਸਾਨ ਆਗੂਆਂ ਦੀ ਫੜੋ-ਫੜੀ ਜਾਰੀ

ਸੰਗਰੂਰ/ਲੌਂਗੋਵਾਲ- ਲੌਂਗੋਵਾਲ ਵਿੱਚ 20 ਅਗਸਤ ਨੂੰ ਪੁਲਿਸ ਅਤੇ ਕਿਸਾਨਾਂ ਦਰਮਿਆਨ ਹੋਈ ਝੜਪ ਤੋਂ ਬਾਅਦ ਲੌਂਗੋਵਾਲ ਪੁਲਿਸ ਨੇ 30-35 ਅਣਪਛਾਤੇ ਵਿਅਕਤੀਆਂ ਸਮੇਤ 50 ਤੋਂ ਵੱਧ ਕਿਸਾਨਾਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਪੁਲਿਸ ਦੀ ਕਾਰਵਾਈ ਮਗਰੋਂ ਸੰਯੁਕਤ ਕਿਸਾਨ ਮੋਰਚਾ ਪੰਜਾਬ ਨੇ ਲੌਂਗੋਵਾਲ 'ਚ ਹੰਗਾਮੀ ਮੀਟਿੰਗ ਕਰਦਿਆਂ ਝੜਪ ਦੌਰਾਨ ਮਾਰੇ ਗਏ ਕਿਸਾਨ ਪ੍ਰੀਤਮ ਸਿੰਘ ਨੂੰ 'ਸ਼ਹੀਦ' ਕਰਾਰ ਦਿੱਤਾ ਹੈ ਤੇ ਲੌਂਗੋਵਾਲ 'ਚ ਕਿਸਾਨ ਜਥੇਬੰਦੀਆਂ ਵੱਲੋਂ ਵਿੱਢੇ ਸੰਘਰਸ਼ ਦੀ ਹਮਾਇਤ ਦਾ ਐਲਾਨ ਕੀਤਾ ਹੈ। ਦੂਜੇ ਪਾਸੇ 16 ਕਿਸਾਨ ਜਥੇਬੰਦੀਆਂ ਦਾ ਲੌਂਗੋਵਾਲ ਥਾਣੇ ਅੱਗੇ ਧਰਨਾ ਦੂਜੇ ਦਿਨ ਵੀ ਜਾਰੀ ਰਿਹਾ। ਕਿਸਾਨ ਦੀ ਮੌਤ ਦੇ ਰੋਸ ਵਜੋਂ ਲੌਂਗੋਵਾਲ ਦੇ ਸਮੁੱਚੇ ਬਾਜ਼ਾਰ ਬੰਦ ਰਹੇ।




ਕਿਸਾਨਾਂ ਖ਼ਿਲਾਫ਼ ਆਈਪੀਸੀ ਦੀ ਧਾਰਾ 307, 323, 353, 186, 148, 149 ਤਹਿਤ ਕੇਸ ਕੇਸ ਦਰਜ ਕੀਤਾ ਗਿਆ ਹੈ। ਸੰਯੁਕਤ ਕਿਸਾਨ ਮੋਰਚਾ ਦੀ ਮੀਟਿੰਗ ਤੋਂ ਬਾਅਦ ਪ੍ਰੈੱਸ ਕਾਨਫਰੰਸ ਦੌਰਾਨ ਇੰਡੀਅਨ ਫਾਰਮਰ ਐਸੋਸੀਏਸ਼ਨ ਦੇ ਆਗੂ ਸਤਿਨਾਮ ਸਿੰਘ ਬਹਿਰੂ, ਕਿਰਤੀ ਕਿਸਾਨ ਯੂਨੀਅਨ ਦੇ ਨਿਰਭੈ ਸਿੰਘ ਢੁੱਡੀਕੇ ਅਤੇ ਭਾਕਿਯੂ ਦੁਆਬਾ ਦੇ ਆਗੂ ਸਤਨਾਮ ਸਿੰਘ ਸਾਹਨੀ ਨੇ ਲੌਂਗੋਵਾਲ 'ਚ ਹੋਏ ਪੁਲਿਸ ਜਬਰ ਦੀ ਨਿਖੇਧੀ ਕਰਦਿਆਂ ਕਿਹਾ ਕਿ ਬਡਬਰ ਟੌਲ ਪਲਾਜ਼ਾ 'ਤੇ ਸ਼ਾਂਤਮਈ ਪ੍ਰਦਰਸ਼ਨ ਕਰਨ ਜਾ ਰਹੇ ਕਿਸਾਨਾਂ ਤੇ ਕਿਸਾਨ ਬੀਬੀਆਂ ਉੱਪਰ ਪੁਲੀਸ ਵੱਲੋਂ ਅੰਨ੍ਹੇਵਾਹ ਲਾਠੀਚਾਰਜ ਕੀਤਾ ਗਿਆ ਅਤੇ ਕਿਸਾਨ ਪ੍ਰੀਤਮ ਸਿੰਘ ਨੂੰ ਸ਼ਹੀਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਵਾਪਰੇ ਸਮੁੱਚੇ ਘਟਨਾਕ੍ਰਮ ਲਈ ਪੁਲੀਸ ਵਲੋਂ ਉਲਟਾ ਕਿਸਾਨਾਂ ਨੂੰ ਹੀ ਜ਼ਿੰਮੇਵਾਰ ਠਹਿਰਾਉਂਦਿਆਂ 53 ਕਿਸਾਨਾਂ ਖ਼ਿਲਾਫ਼ ਇਰਾਦਾ ਕਤਲ ਵਰਗੀਆਂ ਸੰਗੀਨ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਹੈ ਕਿ ਲਾਠੀਚਾਰਜ ਲਈ ਜ਼ਿੰਮੇਵਾਰ ਪੁਲਿਸ ਅਧਿਕਾਰੀਆਂ ਖ਼ਿਲਾਫ਼ ਤੁਰੰਤ ਕੇਸ ਦਰਜ ਕੀਤਾ ਜਾਵੇ, 53 ਕਿਸਾਨਾਂ ਖ਼ਿਲਾਫ਼ ਦਰਜ ਕੇਸ ਰੱਦ ਕੀਤ ਜਾਣ ਤੇ ਗ੍ਰਿਫ਼ਤਾਰ ਕੀਤੇ ਕਿਸਾਨ ਰਿਹਾਅ ਕੀਤੇ ਜਾਣ। ਕਿਸਾਨ ਆਗੂਆਂ ਨੇ ਦੱਸਿਆ ਕਿ 2 ਸਤੰਬਰ ਨੂੰ ਸੰਯੁਕਤ ਕਿਸਾਨ ਮੋਰਚੇ ਆਲ ਇੰਡੀਆ ਦੀ ਮੀਟਿੰਗ ਚੰਡੀਗੜ੍ਹ 'ਚ ਹੋ ਰਹੀ ਹੈ ਜਿਸ ਵਿਚ ਲੌਂਗੋਵਾਲ ਘਟਨਾ ਦਾ ਮੁੱਦਾ ਰੱਖਿਆ ਜਾਵੇਗਾ। 22 ਅਗਸਤ ਨੂੰ ਪੰਜਾਬ ਵਿਚ ਕਈ ਥਾਵਾਂ 'ਤੇ ਕਿਸਾਨਾਂ ਨੇ ਰੋਸ ਪ੍ਰਗਟਾਇਆ।

# ਹੜ੍ਹ ਦੱਖਣੀ ਕੈਲੀਫੋਰਨੀਆ 'ਚ ਕਾਰਨ ਸੜਕਾਂ 'ਤੇ ਫੈਲਿਆ ਚਿੱਕੜ

ਕੈਲੀਫੋਰਨੀਆ- ਤੂਫਾਨ ਹਿਲੇਰੀ ਕਾਰਨ ਸੋਮਵਾਰ ਨੂੰ ਰਾਤ ਭਰ ਰਿਕਾਰਡ ਤੋੜ ਮੀਂਹ ਪੈਣ ਤੋਂ ਬਾਅਦ ਪੂਰੇ ਦੱਖਣੀ ਕੈਲੀਫੋਰਨੀਆ ਦੀਆਂ ਸੜਕਾਂ ਪਾਣੀ ਅਤੇ ਚਿੱਕੜ ਨਾਲ ਭਰ ਗਈਆਂ ਹਨ। ਹਾਲਾਂਕਿ, ਰਾਇਟਰਜ਼ ਦੁਆਰਾ ਪ੍ਰਕਾਸ਼ਿਤ ਇੱਕ ਰਿਪੋਰਟ ਦੇ ਅਨੁਸਾਰ, ਤੂਫਾਨ ਅਤੇ ਤਬਾਹੀ ਦੇ ਡਰ ਕਾਰਨ ਕਿਸੇ ਵੀ ਅਮਰੀਕੀ ਮੌਤ ਦਾ ਕਾਰਨ ਨਹੀਂ ਮੰਨਿਆ ਗਿਆ ਹੈ। ਰਾਸ਼ਟਰੀ ਮੌਸਮ ਸੇਵਾ ਦੇ ਮੌਸਮ ਵਿਗਿਆਨੀ ਰਿਚਰਡ ਥੌਮਸਨ ਨੇ ਕਿਹਾ ਕਿ ਕੈਲੀਫੋਰਨੀਆ ਵਿੱਚ,



ਹਿਲੇਰੀ ਇੱਕ ਦੁਰਲੱਭ ਗਰਮ ਖੰਡੀ ਤੂਫਾਨ ਦੇ ਰੂਪ ਵਿੱਚ ਪਹੁੰਚੀ ਜਿਸਨੇ ਤੱਟਵਰਤੀ ਖੇਤਰਾਂ ਵਿੱਚ 4 ਤੋਂ 5 ਇੰਚ (1 ਤੋਂ 12 ਸੈਂਟੀਮੀਟਰ) ਅਤੇ ਪਹਾੜਾਂ ਵਿੱਚ 10 ਇੰਚ (25 ਸੈਂਟੀਮੀਟਰ) ਜਾਂ ਇਸ ਤੋਂ ਵੱਧ ਬਾਰਿਸ਼ ਕੀਤੀ। ਉਸਨੇ ਇਸਨੂੰ 25 ਸਤੰਬਰ, 1939 ਤੋਂ ਬਾਅਦ ਦੱਖਣੀ ਕੈਲੀਫੋਰਨੀਆ ਵਿੱਚ ਪਹਿਲਾ ਜ਼ਮੀਨਦੋਜ਼ ਤੂਫ਼ਾਨ ਕਿਹਾ। ਸੋਕੇ ਦੇ ਵਧੇਰੇ ਆਦੀ ਇਲਾਕਿਆਂ ਵਿੱਚ, ਮਾਰੂਥਲ ਦੇ ਮੈਦਾਨਾਂ ਅਤੇ ਪਹਾੜੀ ਘਾਟੀਆਂ ਵਿੱਚ ਅਚਾਨਕ ਹੜ੍ਹਾਂ ਨੇ ਸੜਕਾਂ ਨੂੰ ਧੋ ਦਿੱਤਾ। ਮੈਕਸੀਕੋ ਦੇ ਅਧਿਕਾਰੀਆਂ ਨੇ ਦੱਸਿਆ ਕਿ ਮੈਕਸੀਕੋ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਜਦੋਂ ਸ਼ਨੀਵਾਰ ਨੂੰ ਇੱਕ ਨਦੀ ਪਾਰ ਕਰਦੇ ਸਮੇਂ ਉਸਦਾ ਪਰਿਵਾਰ ਵਹਿ ਗਿਆ। ਪਰ ਰੋਨਾਲਡ ਮੇਂਡਿਓਲਾ ਲਈ ਤੂਫਾਨ ਅਜੇ ਵੀ ਡਰਾਉਣਾ ਸੀ, ਜਿਸਦੇ ਪੰਜ ਲੋਕਾਂ ਦੇ ਪਰਿਵਾਰ ਸਮੇਤ 2 ਸਾਲ ਦੇ ਬੱਚੇ ਨੇ ਕੈਥੇਡ੍ਰਲ ਸਿਟੀ ਦੇ ਮਾਰੂਥਲ ਸ਼ਹਿਰ ਵਿੱਚ ਆਪਣੇ ਘਰ ਦੀ ਛੱਤ 'ਤੇ ਪਨਾਹ ਲਈ ਸੀ। ਮੌਸਮ ਵਿਗਿਆਨੀ ਨੇ ਕਿਹਾ ਕਿ ਹਿਲੇਰੀ ਦੇ ਅਵਸ਼ੇਸ਼ਾਂ ਨੂੰ ਨੇਵਾਡਾ ਅਤੇ ਉਟਾਹ ਅਤੇ ਉੱਤਰ-ਪੱਛਮ ਵਿੱਚ ਭਾਰੀ ਮੀਂਹ ਪੈਣ ਦੀ ਉਮੀਦ ਸੀ, ਜਿੱਥੇ ਸੋਮਵਾਰ ਰਾਤ ਤੱਕ 4 ਮਿਲੀਅਨ ਤੋਂ ਵੱਧ ਲੋਕ ਹੜ੍ਹ ਦੇ ਖ਼ਤਰੇ ਵਿੱਚ ਰਹੇ।

# 'ਬਰਿਕਸ' ਸੰਮੇਲਨ ਲਈ ਦੱਖਣੀ ਅਫਰੀਕਾ ਪੁੱਜੇ ਮੋਦੀ

ਜੋਹੈਨਸਬਰਗ- ਬਰਿਕਸ ਸੰਮੇਲਨ ਵਿਚ ਹਿੱਸਾ ਲੈਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਜ ਦੱਖਣੀ ਅਫ਼ਰੀਕਾ ਪਹੁੰਚ ਗਏ। ਇਸ ਮੌਕੇ ਹਵਾਈ ਅੱਡੇ 'ਤੇ ਪ੍ਰਧਾਨ ਮੰਤਰੀ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਆਉਣ ਵਾਲੇ ਸਾਲਾਂ ਵਿਚ ਭਾਰਤ ਦੁਨੀਆ ਲਈ ਵਿਕਾਸ ਦਾ ਇੰਜਣ ਬਣ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਕੀਤੇ ਗਏ 'ਮਿਸ਼ਨ-ਮੋਡ' ਸੁਧਾਰਾਂ ਨਾਲ ਕਾਰੋਬਾਰ ਕਰਨ ਦੀ ਸੌਖ ਵਧੀ ਹੈ। ਮੋਦੀ ਬਰਿਕਸ ਬਿਜ਼ਨਸ ਫੋਰਮ ਦੇ ਆਗੂਆਂ ਨੂੰ ਸੰਬੋਧਨ ਕਰ ਰਹੇ ਸਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਤੇਜ਼ੀ ਨਾਲ 'ਸਟਾਰਟਅੱਪਸ' ਦਾ ਕੇਂਦਰ ਬਣ ਰਿਹਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਜੋਹੈਨਸਬਰਗ ਵਿਚ ਬਣ ਰਹੇ ਸਵਾਮੀਨਾਰਾਇਣ ਮੰਦਰ ਦੇ ਮਾਡਲ ਨੂੰ ਵੀ ਦੇਖਿਆ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਦੱਸਿਆ ਕਿ ਭਾਰਤ ਦੇ ਪ੍ਰਧਾਨ ਮੰਤਰੀ ਦਾ ਦੱਖਣੀ ਅਫ਼ਰੀਕਾ ਪਹੁੰਚਣ 'ਤੇ ਰਵਾਇਤੀ ਢੰਗ ਨਾਲ ਸਵਾਗਤ ਕੀਤਾ ਗਿਆ। ਪ੍ਰਧਾਨ ਮੰਤਰੀ ਮੋਦੀ ਇੱਥੇ ਪਹੁੰਚਣ 'ਤੇ ਭਾਰਤੀ ਭਾਈਚਾਰੇ ਦੇ ਮੈਂਬਰਾਂ ਨੂੰ ਵੀ ਮਿਲੇ। ਇਸ ਮੌਕੇ ਕਈ ਸਥਾਨਕ ਭਾਰਤੀ ਧਾਰਮਿਕ ਸੰਗਠਨਾਂ ਦੇ ਨੁਮਾਇੰਦੇ ਵੀ ਹਾਜ਼ਰ ਸਨ। ਮੋਦੀ ਨੇ ਵਿਸ਼ੇਸ਼ ਸਵਾਗਤ ਲਈ ਲੋਕਾਂ ਦਾ ਧੰਨਵਾਦ ਕੀਤਾ।

To buy Home, business or any kind of property
Please consult before finalizing your deal or decision
To get polite and best service call
Gurjeet Rai
DRE 02149422
408-802-5303
Address -
2221 Oakland Road ,
Suite 268 San Jose 95131



Zee foods llc
ਜ਼ੀ ਫੂਡ ਐਲ. ਐਲ. ਸੀ. ਵੱਲੋਂ
ਹਰ ਕਿਸਮ ਦੇ ਸਵਾਦ ਅਤੇ ਫਲੇਵਰ ਵਿਚ ਕੁਲਫੀਆਂ ਅਤੇ ਆਈਸਕ੍ਰੀਮ



ਹਰ ਤਰ੍ਹਾਂ ਦੇ ਛੋਟੇ-ਵੱਡੇ ਪੈਕਟਾਂ ਵਿਚ ਮਿਲ ਸਕਦੀਆਂ ਹਨ
ਸੰਪਰਕ ਕਰੋ- ਅਕਰਮ ਖਾਨ (ਜਲੰਧਰ ਵਾਲੇ)
1 (510) 453-1757

# ਸੰਪਾਦਕੀ

## ਕਿਸਾਨਾਂ ਤੇ ਕਿਉਂ ਚੱਲੇ ਡੰਡੇ

ਹਾਲ ਹੀ ਵਿਚ ਸੰਗਰੂਰ ਜ਼ਿਲ੍ਹੇ ਦੇ ਇਤਿਹਾਸਕ ਪਿੰਡ ਲੌਂਗੋਵਾਲ ਵਿਖੇ ਕਿਸਾਨਾਂ ਉਪੇ ਲਾਠੀਚਾਰਜ ਵੀ ਹੋਇਆ ਅਤੇ ਇਸ ਤੋਂ ਬਾਅਦ ਸੈਂਕੜੇ ਕਿਸਾਨਾਂ ਤੇ ਪਰਚੇ ਵੀ ਦਰਜ ਕਰ ਦਿੱਤੇ ਗਏ ਹਨ। ਕਿਸਾਨਾਂ ਉਤੇ ਇਹ ਲਾਠੀਚਾਰਜ ਉਸ ਵਕਤ ਕੀਤਾ ਗਿਆ ਜਦੋਂ ਕਈ ਕਿਸਾਨ ਜਥੇਬੰਦੀਆਂ ਨੇ ਹੜ੍ਹਾਂ ਵਿਚ ਹੋਏ ਨੁਕਸਾਨ ਦਾ ਮੁਆਵਜ਼ਾ ਮੰਗਦਿਆਂ ਪੱਕਾ ਮੋਰਚਾ ਲਗਾਉਣ ਦਾ ਸੱਦਾ ਦਿੱਤਾ।ਕਿਸਾਨਾਂ ਨੇ ਇਸ ਵਕਤ ਫੈਸਲਾ ਕੀਤਾ ਕਿ 22 ਅਗਸਤ ਨੂੰ ਚੰਡੀਗੜ੍ਹ ਵਿਚ ਪੱਕਾ ਮੋਰਚਾ ਲਗਾਇਆ ਜਾਵੇਗਾ।ਇਸ ਮੋਰਚੇ ਨੂੰ ਰੋਕਣ ਲਈ ਪੁਲਿਸ ਨੇ ਕਿਸਾਨ ਆਗੂਆਂ ਦੇ ਘਰਾਂ 'ਤੇ ਛਾਪੇਮਾਰੀ ਕੀਤੀ ਅਤੇ ਕਈ ਕਿਸਾਨ ਆਗੂਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਕਿਸਾਨ ਮੰਗ ਕਰ ਰਹੇ ਸਨ ਕਿ ਪੰਜਾਬ ਵਿਚੋਂ ਸਾਰੇ ਟੋਲ ਪਲਾਜੇ ਚੁੱਕੇ ਜਾਣ। ਕਿਸਾਨਾਂ ਦੀ ਇਸ ਕੁੱਟਮਾਰ ਲਈ ਹਾਲਾਂਕਿ ਕਈ ਕਿਸਾਨ ਜਥੇਬੰਦੀਆਂ ਭਗਵੰਤ ਮਾਨ ਸਰਕਾਰ ਦੀ ਆਲੋਚਨਾ ਕਰ ਰਹੀਆਂ ਹਨ ਪਰ ਸਰਕਾਰ ਨੂੰ ਆਖਿਰ ਅਜਿਹੀ ਕੀ ਲੋੜ ਪਈ ਕਿ ਕਿਸਾਨਾਂ ਤੇ ਲਾਠੀਚਾਰਜ ਕਰਨਾ ਪਿਆ।

ਅਸਲ ਵਿਚ ਕਿਸਾਨ ਜਥੇਬੰਦੀਆਂ ਹੁਣ ਆਪਣੀ ਅਹਿਮੀਅਤ ਅਤੇ ਸੰਗਠਨਾਤਮਕ ਤਾਕਤ ਗੁਆਉਂਦੀਆਂ ਜਾ ਰਹੀਆਂ ਹਨ। ਬਹੁਤ ਥਾਵਾਂ ਤੇ ਕਿਸਾਨ ਜਥੇਬੰਦੀਆਂ ਕਿਸਾਨੀ ਮੁਸ਼ਕਿਲਾਂ ਤੋਂ ਦੂਰ ਹੋ ਕੇ ਰਾਜਨੀਤੀ ਦਾ ਸ਼ਿਕਾਰ ਹੋ ਰਹੀਆਂ ਹਨ ਅਤੇ ਸਰਕਾਰ ਦੇ ਖਿਲਾਫ ਕਈ ਮੋਰਚਿਆਂ ਤੇ ਸਿਆਸੀ ਪਾਰਟੀਆਂ ਇਹਨਾਂ ਦੀ ਵਰਤੋਂ ਕਰਦੀਆਂ ਹਨ ਅਤੇ ਕਈ ਥਾਵਾਂ ਤੇ ਕਿਸਾਨ ਆਗੂ ਆਪਣੀਆਂ ਨਿੱਜੀ ਰੰਜਸ਼ਾਂ ਕੱਢਣ ਲਈ ਕਿਸਾਨ ਜਥੇਬੰਦੀਆਂ ਦੀ ਵਰਤੋਂ ਕਰਦੇ ਹਨ। ਪੁਲਿਸ ਅਤ ਪ੍ਰਸ਼ਾਸਨ ਬਹੁਤ ਵਾਰ ਇਹ ਨਤੀਜਾ ਕੱਢ ਚੁੱਕਾ ਹੈ ਕਿ ਕਿਸਾਨ ਜਥੇਬੰਦੀਆਂ ਹੁਣ ਕਿਸਾਨੀ ਮੰਗਾਂ ਤੱਕ ਹੀ ਸੀਮਤ ਨਹੀਂ ਬਲਕਿ ਸਰਕਾਰਾਂ ਨੂੰ ਝੁਕਾਉਣ ਦੀ ਰਾਜਨੀਤੀ ਵਿਚ ਸ਼ਾਮਲ ਹੋ ਗਈਆਂ ਹਨ। ਤਿੰਨ ਖੇਤੀ ਕਾਨੂੰਨਾਂ ਤੇ ਕੇਂਦਰ ਸਰਕਾਰ ਨੂੰ ਝੁਕਾਉਣ ਤੋਂ ਬਾਅਦ ਕਿਸਾਨ ਜਥੇਬੰਦੀਆਂ ਨੂੰ ਮਹਿਸੂਸ ਹੋਇਆ ਕਿ ਉਹਨਾਂ ਨੇ ਬਹੁਤ ਵੱਡੀ ਜੰਗ ਜਿੱਤ ਲਈ ਹੈ ਅਤੇ ਹੁਣ ਉਹਨਾਂ ਦੇ ਮੂਹਰੇ ਕੋਈ ਵੀ ਸਰਕਾਰ ਟਿਕ ਨਹੀਂ ਸਕਦੀ ਹੈ। ਪਰ ਅਜਿਹਾ ਨਹੀਂ ਹੈ, ਬਲਕਿ ਕਿਸਾਨ ਜਥੇਬੰਦੀਆਂ ਆਪਣੀ ਸਾਰਥਿਕਤਾ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਹੀ ਗੁਆ ਚੁੱਕੀਆਂ ਸਨ, ਜਦੋਂ ਇਹਨਾਂ ਦੁਆਰਾ ਖੜ੍ਹੇ ਕੀਤੇ ਗਏ ਉਮੀਦਵਾਰਾਂ ਦੀਆਂ ਜ਼ਮਾਨਤਾਂ ਵੀ ਜ਼ਬਤ ਹੋ ਗਈਆਂ ਸਨ। ਇਸ ਤੋਂ ਬਾਅਦ ਸਿਆਸੀ ਪਾਰਟੀਆਂ ਨੇ ਕਿਸਾਨਾਂ ਵੱਲ ਆਕਰਸ਼ਿਤ ਹੋਣਾ ਬਹੁਤ ਘੱਟ ਕਰ ਦਿੱਤਾ ਸੀ। ਹੁਣ ਤਾਂ ਸਿਰਫ ਵਿਰੋਧੀ ਧਿਰ ਵਿਚ ਬੈਠੀਆਂ ਪਾਰਟੀਆਂ ਹੀ ਕਿਸਾਨ ਜਥੇਬੰਦੀਆਂ ਨੂੰ ਗਲੇ ਲਗਾ ਕੇ ਆਪਣੇ ਸਿਆਸੀ ਮਕਸਦ ਹੱਲ ਕਰਨ ਦੀ ਤਾਕ ਵਿਚ ਰਹਿੰਦੀਆਂ ਹਨ, ਜਦਕਿ ਸੱਤਾਧਾਰੀ ਪਾਰਟੀ ਇਹਨਾਂ ਨੂੰ ਆਪਣੇ ਲਈ ਮੁਸ਼ਕਿਲ ਸਮਝ ਕੇ ਇਹਨਾਂ ਦੁਆਰਾ ਕੀਤੀ ਜਾਂਦੀ ਮੰਗ ਨੂੰ ਵੀ ਅਣਗੌਲਿਆ ਕਰਦੀ ਹੈ ਅਤੇ ਸਰਕਾਰ ਇਹਨਾਂ ਦੇ ਕਿਸੇ ਵੀ ਕਿਸਮ ਦੇ ਸੰਘਰਸ਼ ਨੂੰ ਆਰੰਭ ਹੋਣ ਤੋਂ ਪਹਿਲਾਂ ਹੀ ਕੁਚਲ ਦਿੰਦੀ ਹੈ। ਕਿਸਾਨ ਜਥੇਬੰਦੀਆਂ ਨਾਲ ਅਜਿਹਾ ਪੰਜਾਬ ਵਿਚ ਹੀ 15-16 ਵਾਰ ਹੋ ਚੁੱਕਾ ਹੈ, ਜਦਕਿ ਪ੍ਰਸ਼ਾਸਨ ਨੇ ਇਹਨਾਂ ਨੂੰ ਬੁਰੀ ਤਰ੍ਹਾਂ ਖਦੇੜਿਆ ਹੈ। ਕੁਝ ਦਿਨ ਪਹਿਲਾਂ ਪਟਿਆਲਾ ਵਿਖੇ ਬਿਜਲੀ ਮਹਿਕਮੇ ਦੇ ਦਫਤਰ ਮੂਹਰਿਉਂ ਇਕ ਕਿਸਾਨ ਜਥੇਬੰਦੀ ਦੇ ਸੰਘਰਸ਼ ਨੂੰ ਰਾਤੋ-ਰਾਤ ਗਾਇਬ ਕਰ ਦਿੱਤਾ ਸੀ। ਅਜਿਹਾ ਹੀ ਲੌਂਗੋਵਾਲ ਵਿਖੇ ਹੋਇਆ, ਜਦੋਂ ਕਿਸਾਨਾਂ ਨੇ ਚੰਡੀਗੜ੍ਹ ਜਾ ਕੇ ਪੱਕਾ ਮੋਰਚਾ ਲਗਾਉਣ ਦਾ ਐਲਾਨ ਕੀਤਾ ਤਾਂ ਸਰਕਾਰ ਅਤੇ ਪ੍ਰਸ਼ਾਸਨ ਤੁਰੰਤ ਹਰਕਤ ਵਿਚ ਆ ਗਏ ਅਤੇ ਕਿਸੇ ਕਿਸਮ ਦੀ ਭਵਿੱਖੀ ਸਮੱਸਿਆ ਨੂੰ ਪਹਿਲਾਂ ਹੀ ਤਿਤਰ-ਬਿਤਰ ਕਰ ਦਿੱਤਾ।

**-ਬਲਬੀਰ ਸਿੰਘ ਐਮ ਏ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771
36415 RUSCHIN DR. NEWARK, CA 94560
Ranjit Kandola ,Managing Editor
email-Kandola@macloans.net
Buta Ram joshi Staff Reporter, Fresno 559-803-0055
Sanjeev Garg Kali, Reporter Malwa Area, 96713-53789
RAJ BUDWAL
MEDIA PARTNER / REPRESENTATIVE
8350202@gmail.com 408-835-0202
Web designed www.pardestimes.com
by Aman Bansil 510-589-2245

The Pardes Times and people associated with it are Not responsible for any claims made by the advertisers and don't endorse any product or services advertised in the Pardes Times. Please consult your attorney before, buying/hiring contracting through the ads published in the news paper. The Pardes Times is in business of selling spaces and claims made by advertisers are not tested/confirmed by an independent source.

# ਟਮਾਟਰ ਦਾ ਭਾਅ ਅਤੇ ਰਿਜ਼ਰਵ ਬੈਂਕ

**ਔਨਿੰਦਿਓ ਚਕਰਵਰਤੀ**

ਟਮਾਟਰ ਕਰੀਬ 500 ਸਾਲ ਪਹਿਲਾਂ ਭਾਰਤ ਆਏ ਪਰ ਕੁਝ ਸਦੀਆਂ ਇਨ੍ਹਾਂ ਦੀ ਬਹੁਤੀ ਪੁੱਛ-ਪ੍ਰਤੀਤ ਨਾ ਹੋਈ। ਫਿਰ 19ਵੀਂ ਸਦੀ ਦੇ ਸ਼ੁਰੂ ਵਿਚ ਅਚਾਨਕ ਹੀ ਇਨ੍ਹਾਂ ਦੀ ਅਹਿਮੀਅਤ ਵਧਣ ਲੱਗੀ। ਜਦੋਂ 1832 ਵਿਚ ਵਿਲੀਅਮ ਰੌਕਸਬਰਗ ਨੇ ਆਪਣੀ ਕਿਤਾਬ 'ਫਲੋਰਾ ਇੰਡੀਕਾ' ਪ੍ਰਕਾਸ਼ਿਤ ਕਰਵਾਈ ਤਾਂ ਟਮਾਟਰ ਪਹਿਲਾਂ ਹੀ 'ਭਾਰਤ ਵਿਚ ਬਹੁਤ ਆਮ' ਹੋ ਚੁੱਕੇ ਸਨ। ਕਰੀਬ ਤਿੰਨ ਦਹਾਕੇ ਬਾਅਦ ਬਰਡਵੁੱਡ ਨੇ ਬੰਬੇ ਪ੍ਰੈਜ਼ੀਡੈਂਸੀ ਦੇ ਛਾਪੇ 'ਸਬਜ਼ੀਆਂ ਦੀ ਪੈਦਾਵਾਰ ਦੇ ਕੈਟਾਲਾਗ' ਵਿਚ ਲਿਖਿਆ ਕਿ 'ਇਹ ਫਲ ਸਲਾਦ ਅਤੇ ਚਟਨੀ ਵਜੋਂ ਖਾਧਾ ਜਾਂਦਾ ਹੈ'। 'ਉੱਤਰ-ਪੱਛਮੀ ਸੂਬਿਆਂ ਅਤੇ ਅਵਧ ਦੀਆਂ ਬਾਗ਼ਾਂ ਦੀਆਂ ਫ਼ਸਲਾਂ' ਸਬੰਧੀ 1893 ਦੀ ਰਿਪੋਰਟ ਵਿਚ ਕਿਹਾ ਗਿਆ ਹੈ, "ਇਹ ਸਬਜ਼ੀ ਆਪਣੇ ਤੇਜ਼ਾਬੀ ਸਵਾਦ ਕਾਰਨ ਜੱਦੀ ਬਾਸ਼ਿੰਦਿਆਂ ਵਿਚ ਖ਼ੁਰਾਕੀ ਵਸਤ ਵਜੋਂ ਵਧੇਰੇ ਹਰਮਨਪਿਆਰੀ ਹੋ ਰਹੀ ਹੈ।" ਹੁਣ ਤਾਂ ਭਾਰਤੀ ਰਸੋਈਆਂ ਵਿਚ ਟਮਾਟਰ ਸਰਬਵਿਆਪਕ ਹਨ ਜਿਹੜੇ ਸਾਡੀਆਂ ਦਾਲਾਂ-ਸਬਜ਼ੀਆਂ ਅਤੇ ਹੋਰ ਪਕਵਾਨਾਂ ਵਿਚ ਖੱਟਾਸ ਤੇ ਸੁਆਦ ਵਧਾਉਂਦੇ ਹਨ। ਦਰਅਸਲ, ਰਸੋਈ ਨਾਲ ਸਬੰਧਿਤ ਬਰਾਮਦ ਕੀਤੇ ਜਾਣ ਵਾਲੇ ਸਾਡੇ ਸੰਭਵ ਤੌਰ 'ਤੇ ਸਭ ਤੋਂ ਮਸ਼ਹੂਰ ਪਕਵਾਨ ਬਟਰ ਚਿਕਨ ਦਾ ਸਬੰਧ ਬਟਰ/ਮੱਖਣ ਨਾਲੋਂ ਟਮਾਟਰ ਨਾਲ ਜ਼ਿਆਦਾ ਹੈ।

ਇਸ ਲਈ ਜਦੋਂ ਟਮਾਟਰਾਂ ਦੀ ਕੀਮਤ ਵਧਦੀ ਹੈ ਤਾਂ ਆਰਬੀਆਈ



(ਭਾਰਤੀ ਰਿਜ਼ਰਵ ਬੈਂਕ) ਤੱਕ ਨੂੰ ਵੀ ਧਿਆਨ ਦੇਣਾ ਪੈਂਦਾ ਹੈ। ਇਸ ਸਾਲ ਮਈ ਅਤੇ ਜੂਨ ਦੌਰਾਨ ਟਮਾਟਰਾਂ ਦੀਆਂ ਪਰਚੂਨ ਕੀਮਤਾਂ ਵਿਚ 64 ਫ਼ੀਸਦੀ ਦਾ ਜ਼ੋਰਦਾਰ ਵਾਧਾ ਹੋਇਆ ਹੈ। ਮਹੀਨੇ ਦੌਰਾਨ ਸਮੁੱਚੇ ਤੌਰ 'ਤੇ ਪਰਚੂਨ ਕੀਮਤਾਂ ਦੀ ਮਹਿੰਗਾਈ ਵਿਚ ਹੋਏ ਵਾਧੇ ਵਿਚ ਵੀ ਚੌਥਾ ਹਿੱਸਾ ਯੋਗਦਾਨ ਇਕੱਲੀ ਟਮਾਟਰ ਦੀ ਮਹਿੰਗਾਈ ਦਾ ਹੀ ਸੀ। ਜੁਲਾਈ ਦੌਰਾਨ ਕੀਮਤਾਂ ਦਾ ਵਾਧਾ ਹੋਰ ਵੀ ਭਿਆਨਕ ਰਿਹਾ ਅਤੇ ਹੁਣ ਤਾਂ ਪਿਆਜ਼ ਦੀਆਂ ਕੀਮਤਾਂ ਵੀ ਲੋਕਾਂ ਦੀਆਂ ਅੱਖਾਂ ਵਿਚ ਹੰਝੂ ਲਿਆ ਰਹੀਆਂ ਹਨ। ਆਰਬੀਆਈ ਦਾ ਅੰਦਾਜ਼ਾ ਹੈ ਕਿ ਇਹ ਹਾਲਤ ਹਾਲੇ ਕੁਝ ਹੋਰ ਮਹੀਨੇ ਜਾਰੀ ਰਹੇਗੀ ਅਤੇ ਅਕਤੂਬਰ ਤੱਕ ਕੀਮਤਾਂ ਵਿਚ ਕਮੀ ਆਵੇਗੀ।

ਇਹ ਕੁਝ ਸਾਲਾਂ ਬਾਅਦ ਅਕਸਰ ਹੋਣ ਵਾਲੇ ਵਰਤਾਰੇ ਤੋਂ ਵੱਖ ਨਹੀਂ ਹੈ। ਟਮਾਟਰ ਅਜਿਹੀ ਚੀਜ਼ ਹਨ ਜਿਨ੍ਹਾਂ ਨੂੰ ਲੰਮੇ ਸਮੇਂ ਲਈ ਸਾਂਭ ਕੇ ਨਹੀਂ ਰੱਖਿਆ ਜਾ ਸਕਦਾ। ਇਹ ਰੈਫਰਿਜਰੇਟਰ ਵਿਚ ਪਏ ਵੀ ਛੇਤੀ ਹੀ ਖ਼ਰਾਬ ਹੋ ਜਾਂਦੇ ਹਨ ਜਿਥੇ ਹੋਰ ਸਬਜ਼ੀਆਂ ਬਚੀਆਂ ਰਹਿੰਦੀਆਂ ਹਨ। ਕਮਰੇ ਦੇ ਤਾਪਮਾਨ ਉਤੇ ਉਹ ਛੇਤੀ ਹੀ ਸੁੱਕ ਜਾਂਦੇ ਨੇ ਤੇ ਸੁੰਗੜ ਜਾਂਦੇ ਹਨ, ਖ਼ਾਸਕਰ ਗਰਮੀਆਂ ਦੇ ਦਿਨਾਂ ਦੌਰਾਨ। ਢੋਆ-ਢੁਆਈ ਦੌਰਾਨ ਉਹ ਦਰੜੇ ਜਾਂਦੇ ਹਨ। ਇਸ ਲਈ ਕਿਸਾਨਾਂ ਕੋਲ ਟਮਾਟਰ ਦੀ ਜਿਣਸ ਵੇਚਣ ਅਤੇ ਉਸ ਤੋਂ ਕਮਾਈ ਹਾਸਲ ਕਰਨ ਲਈ ਬਹੁਤ ਘੱਟ ਮੌਕੇ ਹੁੰਦੇ ਹਨ।

ਜਦੋਂ ਟਮਾਟਰਾਂ ਦੀ ਕਮੀ ਹੋਵੇ ਜਿਵੇਂ ਅੱਜ ਕੱਲ੍ਹ ਚੱਲ ਰਹੀ ਹੈ ਤਾਂ ਟਮਾਟਰ ਦੀਆਂ ਕੀਮਤਾਂ ਇਕਦਮ ਵਧ ਜਾਂਦੀਆਂ ਹਨ। ਇਹ ਵਧੀ ਹੋਈ ਕੀਮਤ ਕਿਸਾਨਾਂ ਨੂੰ ਅਗਲੇ ਮੌਸਮ ਦੌਰਾਨ ਟਮਾਟਰਾਂ ਦੀ ਜ਼ਿਆਦਾ ਕਾਸ਼ਤ ਕਰਨ ਲਈ ਪ੍ਰੇਰਦੀ ਹੈ ਪਰ ਫਿਰ ਇਸ ਕਾਰਨ ਜਿਣਸ ਦੀ ਬਹੁਤਾਤ ਹੋ ਜਾਂਦੀ ਹੈ ਅਤੇ ਕਿਸਾਨਾਂ ਨੂੰ ਉਹ ਘੱਟ ਕੀਮਤ ਉਤੇ ਵੇਚਣੇ ਪੈਂਦੇ ਹਨ। ਕੁਝ ਮਾਮਲਿਆਂ ਵਿਚ ਜਦੋਂ ਕੀਮਤਾਂ ਬਿਲਕੁਲ ਡਿੱਗ ਜਾਂਦੀਆਂ ਹਨ ਤਾਂ ਕਿਸਾਨ ਟਮਾਟਰਾਂ ਦੀ ਢੋਆ-ਢੁਆਈ 'ਤੇ ਖ਼ਰਚ ਕਰਨ ਦੀ ਥਾਂ ਉਨ੍ਹਾਂ ਨੂੰ ਸੜਕਾਂ ਉਤੇ ਸੁੱਟਣ ਨੂੰ ਤਰਜੀਹ ਦਿੰਦੇ ਹਨ। ਸਿੱਟੇ ਵਜੋਂ ਉਹ ਅਗਲੇ ਕਾਸ਼ਤਕਾਰੀ ਮੌਸਮ ਵਿਚ ਟਮਾਟਰਾਂ ਦੀ ਕਾਸ਼ਤ ਘਟਾ ਦਿੰਦੇ ਹਨ। ਇਸ ਨਾਲ ਮੁੜ ਟਮਾਟਰਾਂ ਦੀਆਂ ਕੀਮਤਾਂ ਵਧ ਜਾਂਦੀਆਂ ਹਨ ਅਤੇ ਇਹ ਚੱਕਰ ਇੰਝ ਹੀ ਚੱਲਦਾ ਰਹਿੰਦਾ ਹੈ। ਬਹੁਤੇ ਸਾਲਾਂ ਦੌਰਾਨ ਕੀਮਤਾਂ ਦੇ ਇਸ ਉਤਰਾਅ-ਚੜ੍ਹਾਅ ਦੀ ਸਰਕਾਰਾਂ ਬਹੁਤੀ ਪ੍ਰਵਾਹ ਨਹੀਂ ਕਰਦੀਆਂ ਪਰ ਹਰ ਪੰਜ ਸਾਲਾਂ ਬਾਅਦ ਕੇਂਦਰ ਸਰਕਾਰ ਉਦੋਂ ਜਾਗਦੀ ਹੈ, ਜਦੋਂ ਆਮ ਚੋਣਾਂ ਨਜ਼ਦੀਕ ਹੁੰਦੀਆਂ ਹਨ। ਉਹ ਇਸ ਕਾਰਨ ਕਿਉਂਕਿ ਹਰ ਸਿਆਸਤਦਾਨ ਵੋਟਰਾਂ ਦੀ ਮਾਨਸਿਕਤਾ ਨੂੰ ਸਮਝਦਾ ਹੈ। ਉਹ ਜਾਣਦੇ ਹਨ ਕਿ ਵੋਟਰ ਕਦੇ ਵੀ ਬੇਰੁਜ਼ਗਾਰੀ ਜਾਂ ਮਾਲੀ ਮੰਦਵਾੜੇ ਲਈ ਸਰਕਾਰ ਨੂੰ ਦੋਸ਼ ਨਹੀਂ ਦਿੰਦੇ ਪਰ ਜਦੋਂ ਮਾਮਲਾ ਸਬਜ਼ੀਆਂ ਦੀਆਂ ਕੀਮਤਾਂ ਦਾ ਹੋਵੇ ਤਾਂ ਉਹ ਯਕੀਨਨ ਅਜਿਹਾ ਕਰਦੇ ਹਨ।

ਹਕੀਕਤ ਇਹ ਹੈ ਕਿ ਖ਼ੁਰਾਕੀ ਮਹਿੰਗਾਈ ਦਰ ਖ਼ਪਤਕਾਰਾਂ ਦੀਆਂ ਭਾਵਨਾਵਾਂ ਨਾਲ ਡੂੰਘੀ ਜੁੜੀ ਹੋਈ ਹੈ। ਖ਼ੁਰਾਕੀ ਕੀਮਤਾਂ ਨਾਲ ਸਾਨੂੰ ਰੋਜ਼ਾਨਾ ਸਿੱਝਣਾ ਪੈਂਦਾ ਹੈ ਜਦੋਂ ਕਿ ਕਮਰੇ ਦੇ ਕਿਰਾਏ ਦੇ ਮਾਮਲੇ ਵਿਚ ਅਜਿਹਾ ਨਹੀਂ ਹੈ ਜਿਹੜਾ ਸਾਲ ਵਿਚ ਇਕ ਵਾਰ ਹੀ ਵਧਦਾ ਹੈ। ਜਦੋਂ ਅਚਾਨਕ ਹੀ ਟਮਾਟਰ ਜਾਂ ਪਿਆਜ਼ ਦੀਆਂ ਕੀਮਤਾਂ ਤੇਜ਼ੀ ਨਾਲ ਵਧ ਜਾਂਦੀਆਂ ਹਨ ਤਾਂ ਇਹ ਮਾਮਲਾ ਲੋਕਾਂ ਨੂੰ ਵਧਦੀ ਮਹਿੰਗਾਈ ਬਾਰੇ ਲੋੜੋਂ ਵੱਧ ਸੰਜੀਦਾ ਬਣਾ ਦਿੰਦਾ ਹੈ। ਇਸੇ ਤਰ੍ਹਾਂ ਬਾਲਣ ਤੇਲ ਦੀਆਂ ਕੀਮਤਾਂ ਦਾ ਵੀ ਅਜਿਹਾ ਹੀ ਅਸਰ ਪੈਂਦਾ ਹੈ ਕਿਉਂਕਿ ਸਾਨੂੰ ਕੁਝ ਕੁ ਦਿਨਾਂ ਬਾਅਦ ਪੈਟਰੋਲ ਖ਼ਰੀਦਣਾ ਪੈਂਦਾ ਹੈ। ਰੋਜ਼ਾਨਾ ਜਾਂ ਛੇਤੀ ਛੇਤੀ ਖ਼ਰੀਦੀਆਂ ਜਾਂਦੀਆਂ ਅਜਿਹੀਆਂ ਚੀਜ਼ਾਂ ਦੀਆਂ ਕੀਮਤਾਂ 'ਮਹਿੰਗਾਈ ਦਰ ਸਬੰਧੀ ਸਾਡੀਆਂ ਉਮੀਦਾਂ' ਉਤੇ ਅਸਰਅੰਦਾਜ਼ ਹੁੰਦੀਆਂ ਹਨ। ਜੇ ਕੀਮਤਾਂ ਅਚਾਨਕ ਵਧਦੀਆਂ ਹਨ ਤਾਂ ਸਾਨੂੰ ਇਹ ਲੱਗਣ ਲੱਗਦਾ ਹੈ ਕਿ ਨੇੜ ਭਵਿੱਖ ਵਿਚ ਮਹਿੰਗਾਈ ਦਰ ਉੱਚੀ ਬਣੀ ਰਹੇਗੀ ਅਤੇ ਇਸ ਦਾ ਸਾਡੇ ਸਾਰੇ ਖ਼ਪਤ ਸਬੰਧੀ ਫ਼ੈਸਲਿਆਂ ਉਤੇ ਅਸਰ ਪੈਂਦਾ ਹੈ।

ਇਸ ਲਈ ਭਾਵੇਂ ਆਰਬੀਆਈ ਖ਼ੁਰਾਕੀ ਵਸਤਾਂ ਦੀਆਂ ਕੀਮਤਾਂ ਦੇ ਮਾਮਲੇ ਵਿਚ ਕੁਝ ਵੀ ਨਹੀਂ ਕਰ ਸਕਦਾ, ਤਾਂ ਵੀ ਇਸ ਦੀ ਮੁਦਰਾ ਨੀਤੀ ਨੂੰ ਟਮਾਟਰਾਂ ਦੀਆਂ ਕੀਮਤਾਂ ਨੂੰ ਗੰਭੀਰਤਾ ਨਾਲ ਲੈਣਾ ਪਵੇਗਾ। ਵਿਆਜ ਦਰਾਂ ਸਬੰਧੀ ਆਰਬੀਆਈ ਦੇ ਫ਼ੈਸਲੇ ਮੁੱਖ ਧਾਰਾ ਆਰਥਿਕ ਸਿਧਾਂਤ ਉਤੇ ਆਧਾਰ ਹੁੰਦੇ ਹਨ ਜੋ ਕਹਿੰਦਾ ਹੈ ਕਿ ਮਹਿੰਗਾਈ ਦਰ ਸਬੰਧੀ ਉਮੀਦਾਂ ਅਸਲ ਮਹਿੰਗਾਈ ਦਰ ਨਾਲੋਂ ਵੀ ਵੱਧ ਅਹਿਮ ਹੁੰਦੀਆਂ ਹਨ। ਜੇ ਕਾਮਿਆਂ ਨੂੰ ਲੱਗਦਾ ਹੋਵੇਗਾ ਕਿ ਕੀਮਤਾਂ ਵਧਦੀਆਂ ਰਹਿਣਗੀਆਂ ਤਾਂ ਉਹ ਵੱਧ ਉਜਰਤਾਂ ਦੀ ਮੰਗ ਕਰਨਗੇ। ਇਸ ਦੇ ਸਿੱਟੇ ਵਜੋਂ ਪੈਦਾਵਾਰੀ ਲਾਗਤਾਂ ਵਧ ਜਾਣਗੀਆਂ ਅਤੇ ਇਸ ਕਾਰਨ ਕਾਰਪੋਰੇਟਾਂ ਦਾ ਮੁਨਾਫ਼ਾ ਘਟ ਜਾਵੇਗਾ। ਫਿਰ ਆਪਣਾ ਮੁਨਾਫ਼ਾ ਬਣਾਈ ਰੱਖਣ ਲਈ ਉੱਦਮੀਆਂ ਨੂੰ ਕੀਮਤਾਂ ਵਧਾਉਣੀਆਂ ਪੈਣਗੀਆਂ ਜਿਸ ਨਾਲ ਮਹਿੰਗਾਈ ਦਰ ਹੋਰ ਵਧੇਗੀ। ਇਸ ਲਈ ਮਹਿੰਗਾਈ ਸਬੰਧੀ ਉਮੀਦਾਂ ਭਾਵੇਂ ਅਸਲੀ ਹੋਣ ਜਾਂ ਖ਼ਿਆਲੀ ਇਹ ਸਵੈ-ਚਾਲਕ ਭਵਿੱਖਬਾਣੀ ਵਾਂਗ ਕੰਮ ਕਰਦੀਆਂ ਹਨ ਬਸ਼ਰਤੇ ਦੋਵਾਂ ਨਿਵੇਸ਼ ਅਤੇ



ਖ਼ਪਤ ਦੀ ਮੰਗ ਨੂੰ ਘਟਾ ਦਿੱਤਾ ਗਿਆ ਹੋਵੇ।

ਕੇਂਦਰੀ ਬੈਂਕ ਕਿਸੇ ਉੱਦਮੀ ਦੀ ਵਿੱਤ ਦੀ ਲਾਗਤ ਵਧਾ ਕੇ ਅਜਿਹਾ ਕਰਦੇ ਹਨ ਜਿਸ ਲਈ ਕਰਜ਼ਿਆਂ ਦੀ ਉਪਲਬਧਤਾ ਨੂੰ ਘਟਾਇਆ ਜਾਂਦਾ ਹੈ। ਜੇ ਕਰਜ਼ਿਆਂ ਉਤੇ ਅਸਲ ਵਿਆਜ ਦਰਾਂ ਵਧ ਜਾਣਗੀਆਂ ਤਾਂ ਉੱਦਮੀ ਨਿਵੇਸ਼ ਕਰਨ ਲਈ ਕਰਜ਼ ਲੈਣ ਤੋਂ ਪਹਿਲਾਂ ਦੋ ਵਾਰ ਸੋਚਣਗੇ। ਇਸੇ ਤਰ੍ਹਾਂ ਖ਼ਪਤਕਾਰ ਵੀ ਘਰ, ਕਾਰਾਂ ਅਤੇ ਹੋਰ ਮਹਿੰਗੀਆਂ ਖ਼ਪਤਕਾਰੀ ਵਸਤਾਂ ਖ਼ਰੀਦਣ ਵਾਸਤੇ ਕਰਜ਼ੇ ਲੈਣ ਦੀਆਂ ਆਪਣੀਆਂ ਯੋਜਨਾਵਾਂ ਨੂੰ ਟਾਲ ਦੇਣਗੇ। ਪੈਸੇ ਦੇ ਵਹਾਅ ਭਾਵ ਇਸ ਦੀ ਤਰਲਤਾ ਨੂੰ ਘਟਾ ਕੇ ਕੇਂਦਰੀ ਬੈਂਕ ਅਰਥਚਾਰੇ ਨੂੰ ਲੋੜੋਂ ਵੱਧ ਗਰਮਾਉਣ ਤੋਂ ਰੋਕ ਸਕਦੇ ਹਨ। ਨਿਵੇਸ਼ ਅਤੇ ਖ਼ਪਤ ਮੰਗ ਉਤੇ ਰੋਕ ਲੱਗਣ ਨਾਲ ਕਿਰਤ ਸਬੰਧੀ ਮੰਗ ਵੀ ਘਟ ਜਾਂਦੀ ਹੈ ਅਤੇ ਇਸ ਨਾਲ ਉਜਰਤਾਂ ਬਹੁਤ ਤੇਜ਼ੀ ਨਾਲ ਵਧਣੋਂ ਰੁਕ ਜਾਂਦੀਆਂ ਹਨ। ਇਸ ਤਰ੍ਹਾਂ ਕੁੱਲ ਮੰਗ ਵਿਚ ਆਈ ਕਮੀ ਨਾਲ ਕੀਮਤਾਂ ਘਟਾਉਣ ਵਿਚ ਮਦਦ ਮਿਲਦੀ ਹੈ ਜਿਸ ਨਾਲ ਮਹਿੰਗਾਈ ਦਰ ਘਟ ਜਾਂਦੀ ਹੈ। ਚੇਤੇ ਰੱਖੋ ਕਿ ਇਨ੍ਹਾਂ ਵਿਚੋਂ ਕੋਈ ਵੀ ਮੁਦਰਾ ਰਣਨੀਤੀ ਸਬਜ਼ੀਆਂ ਦੀ ਮੰਗ ਉਤੇ ਅਸਰ ਨਹੀਂ ਪਾ ਸਕਦੀ। ਇਹ ਰਣਨੀਤੀਆਂ ਜਿਸ ਚੀਜ਼ ਨੂੰ ਬਦਲ ਸਕਦੀਆਂ ਹਨ, ਉਹ ਹੈ ਮਹਿੰਗਾਈ ਸਬੰਧੀ ਉਮੀਦਾਂ ਕਿਉਂਕਿ ਇਨ੍ਹਾਂ ਰਾਹੀਂ ਹੋਰ ਚੀਜ਼ਾਂ ਜ਼ਾਹਰਾ ਤੌਰ 'ਤੇ ਸਸਤੀਆਂ ਹੁੰਦੀਆਂ ਦਿਖਾਈ ਦੇਣਗੀਆਂ।

ਚੋਣ ਪ੍ਰਚਾਰ ਨੂੰ ਪੂਰੀ ਤਰ੍ਹਾਂ ਭਖਣ ਵਿਚ ਹੁਣ ਸਿਰਫ਼ ਛੇ ਕੁ ਮਹੀਨੇ ਹੀ ਬਾਕੀ ਰਹਿੰਦੇ ਹਨ। ਸਰਕਾਰ ਹਰਗਿਜ਼ ਮਹਿੰਗਾਈ ਨੂੰ ਚੋਣ ਮੁੱਦਾ ਨਹੀਂ ਬਣਨ ਦੇ ਸਕਦੀ। ਇਸ ਲਈ ਇਸ ਨੂੰ ਪਰਚੂਨ ਮਹਿੰਗਾਈ ਦਰ ਹੇਠਾਂ ਲਿਆਉਣੀ ਹੀ ਪਵੇਗੀ ਭਾਵੇਂ ਅਜਿਹਾ ਆਰਥਿਕ ਵਿਕਾਸ ਦੀ ਕੀਮਤ 'ਤੇ ਹੀ ਕਿਉਂ ਨਾ ਕਰਨਾ ਪਵੇ। ਆਰਬੀਆਈ ਆਪਣੀ ਮੁਕਾਬਲਤਨ ਖ਼ੁਦਮੁਖ਼ਤਾਰੀ ਦੇ ਬਾਵਜੂਦ ਸਰਕਾਰ ਦੀਆਂ ਸਿਆਸੀ ਲੋੜਾਂ ਤੋਂ ਮੁਕਤ ਨਹੀਂ ਹੋ ਸਕਦਾ। ਇਹੀ ਕਾਰਨ ਹੈ ਕਿ ਦੇਸ਼ ਦਾ ਕੇਂਦਰੀ ਬੈਂਕ ਜਿਸ ਨੂੰ ਪਿਛਲੇ ਸਮੇਂ 'ਚ ਮਹਿੰਗਾਈ ਦਰ 6 ਫ਼ੀਸਦੀ ਤੱਕ ਬਣੀ ਰਹਿਣ ਉਤੇ ਕੋਈ ਸਮੱਸਿਆ ਨਹੀਂ ਸੀ, ਹੁਣ ਇਸ ਨੂੰ 4 ਫ਼ੀਸਦੀ ਤੋਂ ਹੇਠਾਂ ਲਿਆਉਣਾ ਚਾਹੁੰਦਾ ਹੈ। ਇਸ ਨੇ ਨਕਦ ਰਾਖਵਾਂ ਅਨੁਪਾਤ ਵਧਾ ਕੇ 10 ਫ਼ੀਸਦੀ ਕਰਦਿਆਂ ਇਕ ਛੋਟਾ ਕਦਮ ਉਠਾਇਆ ਹੈ। ਇਹ ਉਹ ਅਨੁਪਾਤ ਹੈ ਜਿਸ ਤਹਿਤ ਬੈਂਕਾਂ ਨੂੰ ਨਵੀਂ ਨਕਦੀ ਆਰਬੀਆਈ ਕੋਲ ਜਮ੍ਹਾਂ ਰੱਖਣੀ ਹੁੰਦੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਇਸ ਦਾ ਅਸਰ ਬਹੁਤਾ ਨਹੀਂ ਪਵੇਗਾ ਪਰ ਇਹ ਸਾਫ਼ ਸੰਕੇਤ ਹੈ ਕਿ ਜੇ ਲੋੜ ਪਈ ਤਾਂ ਆਰਬੀਆਈ ਵੱਲੋਂ ਮਹਿੰਗਾਈ ਨੂੰ ਘਟਾਉਣ ਵਾਸਤੇ ਤਰਲਤਾ ਘੱਟ ਕਰਨ ਲਈ ਵੱਡੇ ਕਦਮ ਵੀ ਚੁੱਕੇ ਜਾਣਗੇ।

ਉਂਝ, ਖ਼ੁਰਾਕੀ ਵਸਤਾਂ ਦੀ ਮਹਿੰਗਾਈ ਇਸ ਵੇਲੇ ਆਲਮੀ ਵਰਤਾਰਾ ਹੈ ਜਿਸ ਦੇ ਇਸ ਸਾਰਾ ਸਾਲ ਜਾਰੀ ਰਹਿਣ ਦੇ ਆਸਾਰ ਹਨ। ਅਜਿਹਾ ਵਾਤਾਵਰਨ ਦੀ ਤਬਦੀਲੀ ਕਾਰਨ ਫ਼ਸਲਾਂ ਦੀ ਬਰਬਾਦੀ, ਰੂਸ-ਯੂਕਰੇਨ ਜੰਗ ਕਾਰਨ ਕਣਕ ਤੇ ਤੇਲ ਬੀਜਾਂ ਦੀ ਪੈਦਾ ਹੋਈ ਕਮੀ ਅਤੇ ਨਾਲ ਹੀ ਵੱਡੀਆਂ ਬਹੁਕੌਮੀ ਖੇਤੀਬਾੜੀ ਕੰਪਨੀਆਂ ਵੱਲੋਂ 'ਕੀਮਤਾਂ ਵਧਾਏ ਜਾਣ' ਕਾਰਨ ਵਾਪਰਿਆ ਹੈ। ਅਜਿਹੇ ਹਾਲਾਤ ਵਿਚ ਕੇਂਦਰ ਕੋਲ ਕੀਮਤ ਅਤੇ ਵਪਾਰ ਕੰਟਰੋਲ ਲਾਗੂ ਕਰਨ ਤੋਂ ਬਿਨਾ ਹੋਰ ਬਦਲ ਨਹੀਂ ਹੋ ਸਕਦਾ। ਉਸ ਨਾਲ ਕੁਝ ਕੁ ਅਮੀਰ ਕਿਸਾਨਾਂ ਅਤੇ ਫ਼ਸਲਾਂ ਸਬੰਧੀ ਵਪਾਰੀਆਂ ਦੀਆਂ ਵੋਟਾਂ ਗੁਆਉਣੀਆਂ ਪੈ ਸਕਦੀਆਂ ਹਨ ਪਰ ਇਨ੍ਹਾਂ ਦੀਆਂ ਵੋਟਾਂ ਦੀ ਗਿਣਤੀ ਇੰਨੀ ਘੱਟ ਹੈ ਕਿ ਉਸ ਦਾ ਚੋਣਾਂ ਉਤੇ ਕੋਈ ਅਸਰ ਨਹੀਂ ਪੈਣ ਵਾਲਾ।



## 'ਪਰਦੇਸ ਟਾਇਮਜ਼' ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

(1) ਕਰਮਵੀਰ ਸਿੰਘ ਬੈਂਸ, ਯੂਬਾ ਸਿਟੀ
(2) ਅਵਤਾਰ ਸਿੰਘ ਸਹੋਤਾ
(3) ਗੁਰਨਾਮ ਸਿੰਘ ਪੰਮਾ
(4) ਜਸਵੀਰ ਸਿੰਘ ਕੁਲਾਰ
(5) ਗੁਰਚਰਨ ਸਿੰਘ ਮਾਨ
(6) ਭੁਪਿੰਦਰ ਸਿੰਘ ਪਦਮ
(7) ਪਰਮਪਾਲ ਸਿੰਘ
(8) ਡਾ. ਚਰਨਜੀਤ ਸਿੰਘ ਉਪਲ
(9) ਕੁਲਦੀਪ ਸਿੰਘ ਅਟਵਾਲ
(10) ਸੁਰਜੀਤ ਸਿੰਘ ਅਟਵਾਲ
(11) ਗੁਰਵਿੰਦਰ ਸਿੰਘ ਮਾਵੀ
(12) ਡਾ. ਹਰਮੇਸ਼ ਕੁਮਾਰ
(13) ਸੁਰਿੰਦਰ ਸਿੰਘ ਧਨੋਆ
(14) ਕਸ਼ਮੀਰ ਸਿੰਘ ਢੁੱਗਾ
(15) ਅਮੋਲਕ ਸਿੰਘ ਗਾਖਲ
(16) ਬਲਦੇਵ ਸਿੰਘ ਮਾਨ
(17) ਹੈਰੀ ਸਿੱਧੂ
(18) ਰਾਜ ਬਡਵਾਲ



## Matrimonial ਵਿਆਹ/ਸ਼ਾਦੀ

‘ਪਰਦੇਸ ਟਾਇਮਜ਼’ ਇਕ ਯੋਗ ਵਰ ਲੱਭਣ ਵਿਚ ਤੁਹਾਡੀ ਬਹੁਤ ਸਹਾਇਤਾ ਕਰ ਸਕਦਾ ਹੈ। ਆਪਣਾ ਇਸ਼ਤਿਹਾਰ ਬੁੱਕ ਕਰਨ ਲਈ ਸੰਪਰਕ ਕਰੋ: 510-938-7771 shaadi@pardestimes.com

2023/11

### ਵਰ ਦੀ ਲੋੜ

31 ਸਾਲਾ ’ਸੱਗੂ’ ਰਾਮਗੜ੍ਹੀਆ ਲੜਕੀ, ਜੋ ਐਮ. ਡੀ. ਹੈ, ਕੱਦ 5 ਫੁੱਟ 3 ਇੰਚ ਹੈ। ਕਨੇਡੀਅਨ ਸਿਟੀਜ਼ਨ ਜੋ ਕੈਲੇਫੋਰਨੀਆ ’ਚ ਡਾਕਟਰ ਦੇ ਤੌਰ ’ਤੇ ਕੰਮ ਕਰਦੀ ਹੈ, ਲਈ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ- ਤਰਲੋਚਨ ਸਿੰਘ ਸੱਗੂ 416-886-9197
saggutarlochan@yahoo.com

2023/13

### ਲੜਕੀ ਦੀ ਲੋੜ

ਪਗੜੀਧਾਰੀ ਸਿੱਖ ਨੌਜਵਾਨ ’ਸੱਗੂ’ ਸਿਟੀਜ਼ਨ, 31 ਸਾਲਾ, ਕੱਦ 5 ਫੁੱਟ 10 ਇੰਚ, ਬੀ. ਐਸ. ਸੀ./ ਐਮ. ਐਸ./ ਕੰਮਿਟਾ ਪਲੱਬ ਕੀਤੀ ਹੋਈ ਹੈ, ਲਈ ਚੰਗੀ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ।
ਕਾਲ 661-496-1910
ਈਮੇਲ- chamkaur.saggu@gmail.com

2023/16

### ਵਰ ਦੀ ਲੋੜ

ਇਕ ਸਿੱਖ (ਸੈਣੀ) ਲੜਕੀ, ਕੱਦ 5 ਫੁੱਟ 4 ਇੰਚ, 31 ਸਾਲਾ ਸੁੰਦਰ ਮੁਟਿਆਰ ਲਈ, ਜੋ ਸੈਨਹੋਜ਼ੇ, ਕੈਲੇਫੋਰਨੀਆ ’ਚ ਰਹਿ ਕੇ ਨਰਸਿੰਗ ਦੇ ਕਿੱਤੇ ’ਚ ਹੈ ਤੇ ਹੈਲਥ ਕੇਅਰ ’ਚ Lead TECH ਹੈ, ਵਾਸਤੇ ਪੜ੍ਹੇ-ਲਿਖੇ ਘਰਾਣੇ ਦੇ ਲੜਕੇ ਦੀ ਜ਼ਰੂਰਤ ਹੈ। ਫੋਨ ਕਰੋ- ਅਮਰਜੀਤ ਸਿੰਘ 408-393-7291 ajsingh@gmail.com

2023/12

### ਵਰ ਦੀ ਲੋੜ

33 ਸਾਲਾ ਕੱਦ 5 ਫੁੱਟ 4 ਇੰਚ, ਨਿਊਯਾਰਕ ਵਿਖੇ ਅਟਾਰਨੀ ਦੇ ਤੌਰ ਤੇ ਕੰਮ ਕਰਦੀ ਸਿੱਖ ਲੜਕੀ, ਜਿਸਨੇ ਬੀ. ਐਸ. ਸੀ., ਸਾਈਕਲੌਜੀ ਤੇ ਜੇ. ਡੀ. ਐਲ ਐਲ ਬੀ ਦੀ ਸਿੱਖਿਆ ਹਾਸਲ ਕੀਤੀ, ਲਈ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ 315-395-2585
Rimmi.kailey@gmail.com

2023/15

### ਲੜਕੀ ਦੀ ਲੋੜ

33 ਸਾਲਾ ਨੌਜਵਾਨ, ਕੱਦ 5 ਫੁੱਟ 11 ਇੰਚ, ਸੈਣੀ-ਹਿੰਦੂ ਸਾਫਟਵੇਅਰ ਇੰਜੀਨੀਅਰ, ਕੈਨੇਡਾ ’ਚ ਕੰਮ ਕਰਦੇ ਨੌਜਵਾਨ ਲਈ, ਪੜ੍ਹੀ-ਲਿਖੀ ਅਮਰੀਕਨ ਸਿਟੀਜਨ ਲੜਕੀ ਦੀ ਲੋੜ ਹੈ। ਵੱਡਾ ਭਰਾ ਕੈਲੇਫੋਰਨੀਆ ’ਚ ਰਹਿੰਦੇ ਹਨ। ਮਾਤਾ ਸਕੂਲ ਪ੍ਰਿੰਸੀਪਲ ਹਨ। ਸੰਪਰਕ ਕਰੋ ਵਿਕਾਸ ਸੈਣੀ 209-765-3086
atulwork11@gmail.com

ਇਸ਼ਤਿਹਾਰ ਬੁਕਿੰਗ ਲਈ ਸੰਪਰਕ ਕਰੋ:
510-938-7771
shaadi@pardestimes.com

# ਨਿਰਾਸ਼ ਕਰਦੀ ਹੈ ਨੌਜਵਾਨੀ ਨਵੀਂ ਤਸਵੀਰ



ਡਾ. ਸ਼ਿਆਮ ਸੁੰਦਰ ਦੀਪਤੀ

ਨੌਜਵਾਨੀ ਦੀ ਇਕ ਤਸਵੀਰ ਜੋ ਪੇਸ਼ ਹੁੰਦੀ ਹੈ ਤੇ ਕਾਫੀ ਹੱਦ ਤਕ ਨਜ਼ਰ ਵੀ ਆਉਂਦੀ ਹੈ, ਉਹ ਜ਼ਰੂਰ ਨਿਰਾਸ਼ ਕਰਦੀ ਹੈ ਪਰ ਇਸ ਦਾ ਦੂਜਾ ਪਾਸਾ ਵੀ ਹੈ ਕਿ ਇਹ ਉਮਰ ਖ਼ੁਦਮੁਖ਼ਤਾਰੀ ਹਾਸਲ ਕਰਨ, ਆਤਮ-ਨਿਰਭਰ ਹੋਣ, ਆਪਣੀ ਜ਼ਿੰਦਗੀ ਦੇ ਫ਼ੈਸਲੇ ਆਪ ਕਰਨ ਦੀ ਸਮਰੱਥਾ ਵਾਲੇ ਹੁਨਰ ਦੀ ਵੀ ਹੈ; ਨਤੀਜੇ ਵਜੋਂ ਆਪਣਾ ਰਾਹ ਤਲਾਸ਼ ਕੇ ਬੁਲੰਦੀਆਂ ਹਾਸਲ ਕਰਨ ਦੇ ਯੋਗ ਵੀ ਹੈ। ਇਕ ਪਾਸੇ ਨੌਜਵਾਨ ਭੀੜ ਦਾ ਹਿੱਸਾ ਬਣ ਕੇ ਤੋੜ-ਫੋੜ, ਤਬਾਹੀ ਵੱਲ ਪਿਆ ਦਿਸਦਾ ਹੈ, ਨਵੇਂ ਭੀੜ-ਤੰਤਰ ਦਾ ਆਗੂ ਬਣ ਕੇ ਹਜੂਮੀ ਹੱਤਿਆ (ਲਿੰਚਿਗ) ਕਰਦਾ (ਭੀੜ-ਹਿੰਸਾ ਰਾਹੀਂ ਦੰਗਈ ਬਣਿਆ) ਨਜ਼ਰ ਆਉਂਦਾ ਹੈ ਤੇ ਆਪਣੇ ਕਾਰਨਾਮੇ ’ਤੇ ਮਾਣ ਵੀ ਕਰਦਾ ਹੈ। ਇਸ ਉਮਰ ਵਰਗ ਦਾ ਦੂਜਾ ਪਹਿਲੂ ਹੈ- ਲੱਖਾਂ ਹੀ ਨੌਜਵਾਨ ਆਪਣਾ ਭਵਿੱਖ ਰੋਸ਼ਨ ਕਰਨ ਲਈ ਦਾਖਲਿਆਂ ਦੀ ਤਿਆਰੀ ਵਿਚ ਸਿਰ ਸੁੱਟ ਕੇ ਮਿਹਨਤ ਕਰਦੇ ਹਨ। ਦਾਖਲਾ ਇਮਤਿਹਾਨ ਵਿਚੋਂ ਪਾਸ ਹੋ ਕੇ ਆਈਆਈਟੀ, ਆਈਆਈਐਮ, ਪ੍ਰਸ਼ਾਸਨਕ ਸੇਵਾਵਾਂ, ਡਾਕਟਰੀ, ਇੰਜਨੀਅਰਿੰਗ ਤੋਂ ਬਾਅਦ ਚੰਗੇ ਅਹੁਦਿਆਂ ’ਤੇ ਤਾਇਨਾਤ ਹੋ ਕੇ ਕਾਮਯਾਬੀ ਨਾਲ ਵਿਚਰਦੇ ਹਨ। ਇਸ ਤੋਂ ਇਲਾਵਾ ਕੁਝ ਸਰਦੇ ਪੁੱਜਦੇ ਘਰਾਣੇ, ਆਪਣੀ ਆਰਥਿਕ ਸਮਰੱਥਾ ਸਦਕਾ ਆਪਣੇ ਨੌਜਵਾਨ ਬੱਚਿਆਂ ਨੂੰ ਵਿਦੇਸ਼ਾਂ ਵਿਚ ਪੜ੍ਹਨ ਅਤੇ ਕੰਮ ਕਰਨ ਲਈ ਵੀ ਭੇਜਦੇ ਦੇਖੇ ਜਾ ਸਕਦੇ ਹਨ।

ਇਨ੍ਹਾਂ ਨੌਜਵਾਨਾਂ ਦੀ ਉਮਰ ਦਾ ਪੜਾਅ ਜ਼ਰੂਰ ਇਕੋ ਜਿਹਾ ਹੈ; ਭਾਵ, ਸੋਲਾਂ-ਸਤਾਰਾਂ ਸਾਲ ਤੋਂ ਇੱਕੀ-ਬਾਈ ਸਾਲ ਦਾ ਪਰ ਪਿਛੋਕੜ ਬਹੁਤ ਅਲਗ ਹੈ। ਜੇ ਕੁਦਰਤ ਦੇ ਪੈਦਾਵਾਰੀ ਅਮਲ ਨੂੰ ਸਾਹਮਣੇ ਰੱਖਿਆ ਜਾਵੇ ਤੇ ਜਨਮ ਤੋਂ ਜਵਾਨ ਹੋਣ ਤੱਕ ਦੇ ਵਰਤਾਰੇ ਨੂੰ ਸਮਝੀਏ ਤਾਂ ਕੁਦਰਤ ਪੱਖੋਂ ਸਭ ਨੂੰ ਇਕੋ ਜਿਹਾ ਬਿਨਾ ਕਿਸੇ ਵਿਤਕਰੇ ਤੋਂ ਵਿਕਾਸ ਮਿਲਿਆ ਹੈ। ਜੋ ਗੱਲ ਸਾਫ ਹੁੰਦੀ ਹੈ, ਉਹ ਇਹ ਕਿ ਕਿਵੇਂ ਸਾਡਾ ਸਮਾਜ, ਆਲਾ-ਦੁਆਲਾ ਅਤੇ ਸਾਡੀ ਵਿਵਸਥਾ ਜਿਵੇਂ ਚਾਹੇ ਉਸ ਰਾਹ ਪਾ ਦਿੰਦੇ ਹਨ।

ਇਸ ਤੋਂ ਇਕ ਨਤੀਜੇ ’ਤੇ ਤਾਂ ਪਹੁੰਚਿਆ ਜਾ ਸਕਦਾ ਹੈ- ਕੁਦਰਤ ਵੱਲੋਂ ਮਨੁੱਖ ਨੂੰ ਦਿੱਤੀ ਸਮਰੱਥਾ ਅਤੇ ਕਾਬਲੀਅਤ ਸਭ ਕੋਲ ਹੈ। ਜੋ ਕੋਈ ਇਸ ਨੂੰ ਉਲੀਕੇ, ਸਮਝੇ ਤਾਂ ਉਸ ਮੁਤਾਬਕ ਉਹ ਖ਼ੁਦ ਵੀ ਆਪਣਾ ਰਾਹ, ਆਪਣੀ ਖ਼ੁਦਮੁਖ਼ਤਾਰੀ ਹਾਸਲ ਕਰ ਸਕਦਾ ਹੈ। ਸਕੂਲ ਵਿਚ ਸਾਰੇ ਪੜ੍ਹਨ ਜਾਂਦੇ ਹਨ। ਛੇ ਸਾਲ ਦਾ ਬੱਚਾ ਪਹਿਲੀ ਜਮਾਤ ਵਿਚ ਦਾਖਲ ਹੋਵੇਗਾ, ਇਹ ਸਮਾਜਿਕ ਅਮਲ ਕੁਦਰਤ ਦੇ ਅਧਿਐਨ ਤੋਂ ਲਿਆ ਗਿਆ ਹੈ ਕਿ ਉਸ ਉਮਰ ਤੱਕ ਦਿਮਾਗ ਆਪਣਾ ਸਰੀਰਕ ਪੱਖ ਤੋਂ ਵਿਕਾਸ ਪੂਰਾ ਕਰ ਲੈਂਦਾ ਹੈ ਪਰ ਇਸ ਦੇ ਨਾਲ ਹੀ ਸਕੂਲ ਛੱਡ ਜਾਣ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ ਜੋ ਮੁੱਢਲੇ ਸਕੂਲ, 12ਵੀਂ ਅਤੇ ਫਿਰ ਗ੍ਰੈਜੂਏਸ਼ਨ ਤੋਂ ਬਾਅਦ ਸਪਸ਼ਟ ਨਜ਼ਰ ਆਉਂਦਾ ਹੈ।

ਸਕੂਲੀ ਪੜ੍ਹਾਈ ਦਾ ਦ੍ਰਿਸ਼ ਸਾਡੇ ਸਾਹਮਣੇ ਹੈ। ਸਰਕਾਰੀ ਸਕੂਲ ਜੋ ਹੁਣ ਸਿਰਫ ਅਤਿ ਗਰੀਬ ਪਰਿਵਾਰਾਂ ਦੇ ਬੱਚਿਆਂ ਲਈ ਰਾਖਵੇਂ ਹਨ, ਦੇ ਹਾਲਾਤ ਇਹ ਹਨ ਕਿ ਪੰਜ ਜਮਾਤਾਂ ਲਈ ਇਕ ਅਧਿਆਪਕ ਹੈ ਜਾਂ ਵੱਧ ਤੋਂ ਵੱਧ ਦੋ। ਪੰਜਵੀਂ ਤਕ ਪੜ੍ਹਾਈ ਲਾਜ਼ਮੀ ਹੈ। ਬੱਚੇ ਸਾਰੇ ਦਾਖਲ ਕਰਨੇ ਜ਼ਰੂਰੀ ਹਨ ਤੇ ਪਾਸ ਕਰਨੇ ਵੀ। ਕਾਰਗੁਜ਼ਾਰੀ ਦੀ ਹਾਲਤ ਇਹ ਹੈ ਕਿ ਛੇਵੀਂ ਵਿਚ ਪਹੁੰਚੇ ਬੱਚੇ ਨੂੰ ਦੂਜੀ ਜਮਾਤ ਦਾ ਬੁਨਿਆਦੀ ਹੁਨਰ ਵੀ ਨਹੀਂ ਹੁੰਦਾ। ਇਥੋਂ ਸਕੂਲ ਛੱਡਣ ਦੀ ਸ਼ੁਰੂਆਤ ਹੁੰਦੀ ਹੈ। ਨੌਵੀਂ ਜਮਾਤ ਵਿਚ ਜਿੱਥੇ ਵਿਗਿਆਨ ਦੀ ਸਿਧਾਂਤਕ ਪੜ੍ਹਾਈ ਸ਼ੁਰੂ ਹੁੰਦੀ ਹੈ, ਉਹ ਚਾਹੇ ਭੌਤਿਕ ਹੋਵੇ, ਜੀਵ ਵਿਗਿਆਨ ਜਾਂ ਸਮਾਜ ਮਨੋਵਿਗਿਆਨ; ਬੱਚੇ ਨੇ ਸਭ ਕੁਝ ਪ੍ਰਯੋਗਸ਼ਾਲਾ ਰਾਹੀਂ ਖ਼ੁਦ ਕਰ ਕੇ ਨਿਰਖ-ਪਰਖ ਰਾਹੀਂ ਸਿੱਖਣਾ ਹੁੰਦਾ ਹੈ।

ਪਿਛਲੇ ਕੁਝ ਦਹਾਕਿਆਂ ਤੋਂ ਉਦਾਰੀਕਰਨ, ਨਿਜੀਕਰਨ ਨੂੰ ਹਰ ਖੇਤਰ ਵਿਚ ਖੁੱਲ੍ਹ ਦੇ ਕੇ ਗਲੀ ਗਲੀ ਕਾਲਜ ਅਤੇ ਸ਼ਹਿਰ ਸ਼ਹਿਰ ਯੂਨੀਵਰਸਿਟੀਆਂ ਖੋਲ੍ਹਣ ਦਾ ਰਾਹ ਪੱਧਰਾ ਹੋਇਆ ਹੈ ਪਰ ਇਥੇ ਵੀ ਮੋਟੀ ਫੀਸ ਪੜ੍ਹਾਈ ਵਿਚ ਅੜਿੱਕਾ ਬਣਦੀ ਹੈ; ਭਾਵ, ਕੁਦਰਤ ਵਲੋਂ ਮਿਲੀ ਇਕਸਾਰ, ਬਰਾਬਰ ਕਾਬਲੀਅਤ ਅਤੇ ਸਮਰੱਥਾ ਦੇ ਹੁੰਦੇ ਹੋਇਆਂ ਵੀ ਸਾਡਾ ਸਮਾਜਿਕ, ਆਰਥਿਕ ਅਤੇ ਰਾਜਨੀਤਕ ਮਾਹੌਲ ਅਜਿਹਾ ਵਾਤਾਵਰਨ ਸਿਰਜ ਦਿੰਦਾ ਹੈ ਕਿ ਖ਼ੁਦ-ਬਖ਼ੁਦ ਬਿਨਾ ਕਿਸੇ ਵੱਡੀ ਆਲੋਚਨਾ ਜਾਂ ਬੁਲੰਦ ਵਿਰੋਧ ਦੀ ਆਵਾਜ਼ ਦੇ ਸਮਾਜ ਦੋ ਬਿਲਕੁਲ ਹੀ ਦੋ ਵੱਖਰੇ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ। ਹੁਣ ਸਵਾਲ ਕੁਦਰਤ ਵੱਲੋਂ ਮਿਲੀ ਸਮਰੱਥਾ ਅਤੇ ਕਾਬਲੀਅਤ ਦਾ ਹੈ। ਠੀਕ ਹੈ ਕਿ ਸਕੂਲੀ ਪੜ੍ਹਾਈ ਉਸ ਨੂੰ ਤਿੱਖਾ ਕਰਦੀ ਹੈ ਜਾਂ ਕੋਈ ਰਾਹ ਦਿਖਾਉਂਦੀ ਹੈ ਪਰ ਇਹ ਸਕੂਲੀ ਵਿਵਸਥਾ ਤਾਂ ਕੁਝ ਕੁ ਸਾਲਾਂ ਤੋਂ ਹੀ ਹੋਂਦ ਵਿਚ ਆਈ ਹੈ ਪਰ ਮਨੁੱਖੀ ਸਿਆਣਪ ਨੇ ਕੁਦਰਤ ਨੂੰ ਦੇਖ ਦੇਖ ਕੇ ਕਿੰਨੇ ਹੀ ਕ੍ਰਿਸ਼ਮੇ ਕੀਤੇ ਹਨ।



ਮਨੁੱਖ ਜੋ ਖ਼ੁਦ ਨੂੰ ਸਾਰੇ ਜੀਵਾਂ ਵਿਚੋਂ ਸਿਖਰ ’ਤੇ ਰੱਖਦਾ ਹੈ, ਨੇ ਆਪਣਾ ਨਾਂ ‘ਹੋਮੋ ਸੇਪੀਅਨ’ ਰੱਖਿਆ ਹੈ ਜਿਸ ਦਾ ਅਰਥ ਹੈ ਸਿਆਣਾ ਮਨੁੱਖ। ਜੀਵ ਵਿਕਾਸ ਵਿਚ ਮਨੁੱਖ ਦੇ ਕਈ ਰੂਪ, ਹੋਮੋ ਵਰਗ ਦੇ ਕਈ ਪੜਾਵਾਂ ਦਾ ਜ਼ਿਕਰ ਹੈ ਜੋ ਅੱਜ ਸਾਡੇ ਸਾਹਮਣੇ ਹੈ ਜਾਂ ਅਸੀਂ ਸਭ ਤੋਂ ਸਿਆਣੇ ਹਾਂ। ਇਹ ਮਨੁੱਖਾਂ ਦੇ ਅਧਿਐਨ ਅਤੇ ਉਸ ’ਤੇ ਆਧਾਰਿਤ ਸਾਂਝੇ ਨਿਰਣੇ ਦਾ ਨਤੀਜਾ ਹੈ, ਇਹ ਕੋਈ ਜਜ਼ਬਾਤੀ ਹੋ ਕੇ ਆਪਣੇ ਹੱਕ ਵਿਚ ਕੀਤਾ ਫ਼ੈਸਲਾ ਨਹੀਂ। ਜੇ ਸਿਆਣਪ ਵਾਲੇ ਇਸ ਪੱਖ ਨੂੰ ਸਮਝਣਾ ਹੋਵੇ ਤਾਂ ਉਸ ਦਾ ਕਾਰਨ ਹੈ, ਸਾਡੇ ਕੋਲ ਕੁਦਰਤ ਤੋਂ ਮਿਲਿਆ ਅਤੇ ਵਿਕਾਸ ਦੀ ਪ੍ਰਕਿਰਿਆ ਵਿਚ ਵਿਕਸਿਤ ਹੋਇਆ ਦਿਮਾਗ। ਦਿਮਾਗ ਭਾਵੇਂ ਸਾਰੇ ਜਾਨਵਰਾਂ ਕੋਲ ਹੈ ਪਰ ਮਨੁੱਖੀ ਦਿਮਾਗ ਦੀ ਖਾਸੀਅਤ ਹੈ ਕਿ ਇਹ ਵਿਸ਼ਲੇਸ਼ਣੀ ਹੈ, ਸਮੱਸਿਆ ਮੌਕੇ ਇਹ ਨਿਰਖ-ਪਰਖ ਰਾਹੀਂ ਫੈਸਲੇ ਕਰਦਾ ਹੈ। ਫੈਸਲਿਆਂ ਦੇ ਨਤੀਜੇ ਤੋਂ ਹੀ ਅਸੀਂ ਕਿਸੇ ਵੀ ਮਨੁੱਖ ਦੀ ਸਿਆਣਪ ਦਾ ਅੰਦਾਜ਼ਾ ਲਗਾ ਸਕਦੇ ਹਾਂ। ਫੈਸਲੇ ਕਰਨ ਦੀ ਇਹ ਸਮਰੱਥਾ ਅਤੇ ਇਸ ਵਿਚ ਵੀ ਚੰਗੇ-ਬੁਰੇ ਦਾ ਫੈਸਲਾ ਕਰਨ ਦੀ ਕਾਬਲੀਅਤ ਜਵਾਨ ਹੁੰਦੇ ਹੁੰਦੇ ਆ ਜਾਂਦੀ ਹੈ ਜਿਸ ਦੇ ਆਧਾਰ ’ਤੇ ਸਮਾਜਿਕ ਵਿਵਸਥਾ ਨੌਜਵਾਨ ਨੂੰ ਵੋਟ ਦੇਣ ਦਾ ਅਧਿਕਾਰ ਦਿੰਦੀ ਹੈ ਤੇ ਇਸੇ ਤਰ੍ਹਾਂ ਸੜਕ ’ਤੇ ਸਹੀ ਫੈਸਲੇ ਨਾਲ ਵਾਹਨ ਚਲਾਉਣ ਲਈ ਡਰਾਈਵਿੰਗ ਲਾਈਸੈਂਸ ਲਈ ਵੀ ਉਮਰ ਅਠਾਰਾਂ ਸਾਲ ਤੈਅ ਹੋਈ ਹੈ।

ਿ ਇ ਉ
ਨੌਜਵਾਨਾਂ ਵਿਚ ਇਹ ਕਾਬਲੀਅਤ ਹੈ ਜੋ ਉਸ ਨੂੰ ਫੈਸਲੇ ਕਰਨ ਦੇ ਯੋਗ ਬਣਾਉਂਦੀ ਹੈ ਤੇ ਆਪਣਾ ਰਾਹ ਤੈਅ ਕਰਨ ਲਈ ਕਾਬਲ ਠਹਿਰਾਉਂਦੀ ਹੈ। ਅਸੀਂ ਦੇਖਦੇ ਹਾਂ ਕਿ ਇਸ ਉਮਰ ’ਤੇ ਪਹੁੰਚ ਕੇ ਵੀ ਮਾਪੇ-ਅਧਿਆਪਕ ਜਾਂ ਹੋਰ ਵੱਡੇ ਲੋਕ ਆਪਣਾ ਫ਼ੈਸਲਾ ਥੋਪਦੇ ਹਨ। ਮੰਨ ਲਿਆ, ਉਨ੍ਹਾਂ ਕੋਲ ਉਮਰ ਦੇ ਲਿਹਾਜ਼ ਨਾਲ ਵੱਧ ਤਜਰਬਾ ਅਤੇ ਸਿਆਣਪ ਹੋ ਸਕਦੀ ਹੈ ਪਰ ਜੋ ਸਮਝਣ ਵਾਲੀ ਗੱਲ ਹੈ, ਫ਼ੈਸਲਾ ਨੌਜਵਾਨ ਦੀ ਜ਼ਿੰਦਗੀ ਬਾਰੇ ਹੋ ਰਿਹਾ ਹੈ ਤੇ ਉਹ ਆਪਣੀ ਰਾਹ ਪਛਾਨਣ ਵਿਚ ਸਮਰੱਥ ਹੈ, ਉਸ ’ਤੇ ਫੈਸਲਾ ਥੋਪਣ ਦੀ ਬਜਾਇ ਉਸ ਦੀ ਰਾਏ ਲੈਣਾ, ਆਪਣਾ ਫੈਸਲਾ ਰੱਖਣਾ ਤੇ ਚਰਚਾ ਕਰਨ ਦਾ ਮੌਕਾ ਜ਼ਰੂਰ ਦੇਣਾ ਚਾਹੀਦਾ ਹੈ। ਨਹੀਂ ਤਾਂ ਅਸੀਂ ਦੇਖਦੇ ਹਾਂ ਕਿ ਨੌਜਵਾਨ ਖ਼ੁਦ ਫੈਸਲੇ ਕਰ ਕੇ ਮਾਂ-ਪਿਉ ਤੋਂ ਬਾਗ਼ੀ ਹੋ ਜਾਂਦੇ ਹਨ।

ਮਨੁੱਖ ਆਪਣੀ ਦਿਮਾਗੀ ਸਮੱਰਥਾ ਕਰ ਕੇ ਜਿਗਿਆਸੂ ਹੈ। ਇਹ ਕੁਦਰਤੀ ਗੁਣ ਅਮੀਰ ਗਰੀਬ, ਪੇਂਡੂ ਸ਼ਹਿਰੀ, ਦੂਰ ਦਰਾਜ, ਸਾਰੇ ਮਨੁੱਖਾਂ ਨੂੰ ਜਾਤ, ਧਰਮ ਜਾਂ ਹੋਰ ਸਮਾਜਿਕ ਵਖਰੇਵਿਆਂ ਦੇ ਹੁੰਦਿਆਂ ਸਭ ਵਿਚ ਪਿਆ ਹੁੰਦਾ ਹੈ। ਇਹੀ ਜਿਗਿਆਸਾ ਮਨੁੱਖ ਨੂੰ ਖੋਜੀ ਬਣਾਉਂਦੀ ਹੈ ਤੇ ਉਹ ਖੋਜ ਦੇ ਰਾਹ ਤੁਰ ਪੈਂਦਾ ਹੈ। ਜੇ ਉਸ ਨੂੰ ਕੋਈ ਸਹੀ ਰਾਹ ਦਸੇਰਾ, ਕੋਈ ਗੁਰੂ ਪਿਆਰਾ ਸਮਰੱਥ ਹੈ ਤਾਂ ਉਹ ਆਪਣੀ ਇਸ ਸਮਰੱਥਾ ਨੂੰ ਸੇਧ ਦੇ ਸਕਦਾ ਹੈ ਤੇ ਕਈ ਕੁਝ ਪ੍ਰਾਪਤ ਕਰ ਸਕਦਾ ਹੈ ਤੇ ਉਹ ਨੌਜਵਾਨ ਕੋਈ ਖੋਜ ਮਨੁੱਖਤਾ ਦੀ ਝੋਲੀ ਪਾ ਸਕਦਾ ਹੈ।

ਸਾਡੇ ਕੋਲ ਇਤਿਹਾਸ ਵਿਚ ਅਜਿਹੀਆਂ ਅਨੇਕਾਂ ਉਦਾਹਰਨਾਂ ਹਨ ਜਿਨ੍ਹਾਂ ਨੇ ਅਜੋਕੇ ਕਿਸਮ ਦੀ ਸਕੂਲੀ ਵਿਦਿਆ ਹਾਸਲ ਨਹੀਂ ਕੀਤੀ ਪਰ ਅਨੇਕਾਂ ਲਾਜਵਾਬ ਮੱਲਾਂ ਮਾਰੀਆਂ ਹਨ। ਸਿਆਣਪ ਦੇ ਇਸ ਪਹਿਲੂ ਦੇ ਮੱਦੇਨਜ਼ਰ ਅਸੀਂ ਦੇਖਦੇ ਹਾਂ ਕਿ ਇਸ ਨੂੰ ਮਾਪਣ-ਜਾਂਚਣ ਦੇ ਪੈਮਾਨੇ ਵੀ ਕੱਢੇ ਗਏ ਹਨ ਤੇ ਇਕ ਹੈ, ‘ਆਈ ਕਿਊ’ ਪਰ ਇਸ ’ਤੇ ਕਈ ਸਵਾਲੀਆ ਚਿੰਨ੍ਹ ਲੱਗੇ ਹਨ। ਇਕ ਤਾਂ ਇਹ ਸਕੂਲੀ ਪੜ੍ਹਾਈ ’ਤੇ ਆਧਾਰਿਤ ਹੈ ਤੇ ਮਨੁੱਖੀ ਸਭਿਆਚਾਰਕ ਪਿਛੋਕੜ ਨੂੰ ਅਣਗੌਲਿਆਂ ਕਰਦਾ ਹੈ। ਅਸੀਂ ਦੇਖਦੇ ਹਾਂ ਕਿ ਸਮਾਜ ਵਿਚ ਅਨੇਕਾਂ ਸ਼ੋਹਬੇ ਹਨ, ਕਿਸੇ ਦੀ ਕਿਸੇ ਵਿਚ ਦਿਲਚਸਪੀ ਤੇ ਕਿਸੇ ਦੇ ਹੋਰ ਵਿਚ; ਕੋਈ ਵਿਗਿਆਨ ਵੱਲ ਰੁਚਿਤ ਹੈ, ਕੋਈ ਕਲਾ ਤੇ ਸੰਗੀਤ ਵੱਲ, ਕੋਈ ਆਗੂ ਦੀ ਭੂਮਿਕਾ ਨਿਭਾਉਣ ਵਿਚ ਸੰਤੁਸ਼ਟੀ ਮਹਿਸੂਸ ਕਰਦਾ ਹੈ।

ਇਹ ਸਿਆਣਪ ਦੇ ਰੂਪ ਹਨ। ਦੂਜਾ ਪਹਿਲੂ ਇਹ ਵੀ ਹੈ ਕਿ ਬਹੁਤ ਜ਼ਿਆਦਾ ਸਿਆਣਾ, ਪੜ੍ਹਾਕੂ, ਜਮਾਤਾਂ ਵਿਚ ਅੱਵਲ ਰਹਿਣ ਵਾਲਾ ਕਈ ਵਾਰ ਜ਼ਿੰਦਗੀ ਵਿਚ ਸਫਲ ਨਹੀਂ ਹੁੰਦਾ। ਇਸ ਪ੍ਰਸੰਗ ਵਿਚ ਇਕ ਸਮਝ ਹੈ: ‘ਜਜ਼ਬਾਤੀ ਸਿਆਣਪ’; ਕਹਿਣ ਤੋਂ ਭਾਵ ਜਜ਼ਬਾਤ ਦਾ ਸਿਆਣਪ ਨਾਲ ਇਸਤੇਮਾਲ, ਦੋਹਾਂ ਦਾ ਸਿਹਤਮੰਦ ਸੰਤੁਲਨ।

ਜਿਥੇ ਮਨੁੱਖ ਦੀ ਖਾਸੀਅਤ ਦਿਮਾਗ ਹੈ, ਦੂਜਾ ਉਸ ਦੀ ਸੰਵੇਦਨਸ਼ੀਲਤਾ ਹੈ। ਸੰਵੇਦਨਸ਼ੀਲਤਾ ਮਨੁੱਖ ਨੂੰ ਦੂਜੇ ਦੀ ਮਦਦ ਲਈ ਪ੍ਰੇਰਦੀ ਹੈ। ਸਾਰੇ ਜੀਵਾਂ ਵਿਚ ਸੰਵੇਦਨਾ ਹੁੰਦੀ ਹੈ ਪਰ ਮਨੁੱਖੀ ਸੰਵੇਦਨਾ ਦਾ ਪੜਾਅ ਨਿਵੇਕਲਾ ਤੇ ਵੱਖਰਾ ਹੈ; ਉਹ ਕਿਸੇ ਦਾ ਵੀ ਦਰਦ ਆਪਣੇ ਪਿੰਡੇ ’ਤੇ ਮਹਿਸੂਸ ਕਰ ਸਕਦਾ ਹੈ ਤੇ ਉਸ ਦਰਦ ਦੀ ਕੰਬਣੀ ਵਿਚੋਂ ਲੰਘਦਾ ਫ਼ਿਕਰਮੰਦੀ ਦਾ ਇਜ਼ਹਾਰ ਕਰ ਸਕਦਾ ਹੈ।

ਇਕ ਖਾਸੀਅਤ ਹੋਰ ਜੋ ਮਨੁੱਖ ਵਿਚ ਹੈ, ਉਹ ਹੈ ਆਪਸੀ ਮਦਦ ਅਤੇ ਸਹਿਯੋਗ। ਦੂਸਰੇ ਦਾ ਹੱਥ ਫੜ ਕੇ ਨਾਲ ਤੁਰਨਾ, ਸਹਾਰਾ ਦੇਣਾ। ਦੂਜੇ ਦੇ ਦੁੱਖ ਦਾ ਭਾਈਵਾਲ ਹੋਣਾ। ਜੇ ਨਜ਼ਰ ਮਾਰੀਏ ਤਾਂ ਇਹ ਸਾਰੇ ਮਨੁੱਖੀ ਵਿਲੱਖਣ ਗੁਣ, ਸਿਆਣਪ, ਸੰਵੇਦਨਸ਼ੀਲਤਾ ਅਤੇ ਸਹਿਯੋਗ ਮਨੁੱਖੀ ਜੀਵਨ ਵਿਚ ਭਾਵੇਂ ਜਨਮ ਤੋਂ ਹੁੰਦੇ ਹਨ ਪਰ ਨੌਜਵਾਨੀ ਦੇ ਪੜਾਅ ’ਤੇ ਇਨ੍ਹਾਂ ਸਾਰੀਆਂ ਵਿਲੱਖਣਤਾਵਾਂ ਨੂੰ ਨੌਜਵਾਨ ਖੁਦ ਮਹਿਸੂਸ ਕਰ ਸਕਦੇ ਹਨ ਤੇ ਅਸੀਂ ਉਨ੍ਹਾਂ ਨੂੰ ਇਸ ਦਿਸ਼ਾ ਵਿਚ ਕਾਰਜਸ਼ੀਲ ਹੁੰਦੇ ਦੇਖ ਸਕਦੇ ਹਾਂ। ਸਵਾਲ ਹੈ, ਨੌਜਵਾਨਾਂ ਦਾ ਕੋਈ ਰਾਹ ਦਸੇਰੇ ਹੋਵੇ। ਉਂਞ, ਜੇ ਅਸੀਂ ਕੁਝ ਕਰਨਾ ਹੈ ਤਾਂ ਘੱਟੋ-ਘੱਟ ਅਸੀਂ ਅੜਿੱਕਾ ਨਾ ਬਣੀਏ, ਨੌਜਵਾਨ ਆਪਣੇ ਆਪ ਹੀ ਖ਼ੁਦਮੁਖ਼ਤਾਰੀ ਦੇ ਰਾਹ ਪੈ ਜਾਣਗੇ। ਨੌਜਵਾਨ ਪਲ ਪਲ ਸੁਚੇਤ ਰਹਿਣ ਅਤੇ ਆਪਣੇ ਅੰਦਰ ਵਿਕਸਿਤ ਹੋ ਰਹੀਆਂ ਇਨ੍ਹਾਂ ਕਾਬਲੀਅਤਾਂ ਨੂੰ ਪਛਾਣਨ, ਉਲੀਕਣ ਅਤੇ ਅੱਗੇ ਹੋ ਕੇ ਇਨ੍ਹਾਂ ਨੂੰ ਜ਼ਿੰਦਗੀ ਦਾ ਹਿੱਸਾ ਬਣਾਉਣ।

# 2024 ਦੀਆਂ ਲੋਕ ਸਭਾ ਚੋਣਾਂ ਦਾ ਸਿਆਸੀ ਮਿਜ਼ਾਜ



ਰਾਜੇਸ਼ ਰਾਮਚੰਦਰਨ

ਸੱਤਾਧਾਰੀ ਪਾਰਟੀ ਦੇ ਮੈਂਬਰਾਂ ਨੇ ਜਿਵੇਂ ਮੇਜ਼ ਥਪਥਪਾ ਕੇ ਆਪਣਾ ਆਤਮ-ਵਿਸ਼ਵਾਸ ਜ਼ਾਹਿਰ ਕੀਤਾ ਅਤੇ ਬੇਵਿਸਾਹੀ ਦੇ ਮਤੇ ਨੂੰ ਆਪਣੀ ਤਾਕਤ ਦੇ ਮੁਜ਼ਾਹਰੇ ਵਿਚ ਬਦਲ ਦਿੱਤਾ, ਨਾਲ ਹੀ ਆਪਣੀਆਂ ਪ੍ਰਾਪਤੀਆਂ ਗਿਣਾਉਂਦਿਆਂ 2024 ਦੀਆਂ ਚੋਣਾਂ ਵਿਚ ਆਪਣੀ ਯਕੀਨੀ ਜਿੱਤ ਦਾ ਐਲਾਨ ਕਰ ਦਿੱਤਾ। ਇਸ ਤਰ੍ਹਾਂ ਮਨੀਪੁਰ ਵਿਚ ਮੈਤੇਈਆਂ ਅਤੇ ਕੁਕੀਆਂ ਦਰਮਿਆਨ ਚੱਲ ਰਹੇ ਟਕਰਾਅ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਗਿਆ। ਉਂਝ, ਮਨੀਪੁਰ ਦੇ ਟਕਰਾਅ ਦਾ ਜੋ ਵਿਆਪਕ ਅਸਰ ਦੇਸ਼ 'ਤੇ ਪਿਆ ਹੈ, ਉਹ ਭਾਜਪਾ ਦੇ ਜਮਾਂ ਘਟਾਓ ਤੋਂ ਕਿਤੇ ਜ਼ਿਆਦਾ ਹੈ। ਇਸ ਨੇ ਵਿਆਪਕ ਰੂਪ ਵਿਚ ਅਜਿਹੇ ਤਬਕੇ ਨੂੰ ਝੰਜੋੜਿਆ ਹੈ ਜਿਸ ਕੋਲ ਪੀੜਤਾਂ ਨਾਲ ਪੀੜ ਮਹਿਸੂਸ ਕਰਨ ਦੇ ਕੋਈ ਕਾਰਨ ਨਹੀਂ ਹਨ। ਹਾਲ ਹੀ ਵਿਚ ਕਰੀਬ ਵੀਹ ਜਵਾਨ ਔਰਤਾਂ ਨਾਲ ਕੀਤੀ ਗਈ ਗੱਲਬਾਤ ਤੋਂ ਵੀ ਇਹ ਗੱਲ ਪਤਾ ਲੱਗੀ ਹੈ।

ਹਾਲਾਂਕਿ ਉਹ ਉੱਤਰੀ ਭਾਰਤ ਦੀਆਂ ਹਿੰਦੀ ਅਤੇ ਪੰਜਾਬੀ ਬੋਲਣ ਵਾਲੀਆਂ ਔਰਤਾਂ ਸਨ ਜਿਨ੍ਹਾਂ ਨੂੰ ਸ਼ਾਇਦ ਹੀ ਕਦੇ ਉੱਤਰ-ਪੂਰਬ ਖਿੱਤੇ ਵਿਚ ਜਾਣ ਦਾ ਮੌਕਾ ਮਿਲਿਆ ਹੋਵੇ ਪਰ ਉਹ ਮਨੀਪੁਰ ਵਿਚ ਚੱਲ ਰਹੇ ਹਾਲਾਤ ਤੋਂ ਬਹੁਤ ਪ੍ਰੇਸ਼ਾਨ ਨਜ਼ਰ ਆ ਰਹੀਆਂ ਸਨ। ਉਹ ਗ਼ੈਰ-ਰਾਜਨੀਤਕ ਔਰਤਾਂ (ਜਿਨ੍ਹਾਂ ਸ਼ਾਇਦ ਬੀਤੇ ਵਿਚ ਭਾਜਪਾ ਨੂੰ ਵੋਟਾਂ ਪਾਈਆਂ ਹੋਣਗੀਆਂ) ਮਨੀਪੁਰ ਵਿਚ ਔਰਤਾਂ 'ਤੇ ਹੋਏ ਹਮਲਿਆਂ ਤੋਂ ਖ਼ੁਦ ਆਪਣੇ ਸ਼ਹਿਰਾਂ ਕਸਬਿਆਂ ਵਿਚ ਅਸੁਰੱਖਿਅਤ ਮਹਿਸੂਸ ਕਰਨ ਲੱਗ ਪਈਆਂ। ਇਨ੍ਹਾਂ ਵਿਚੋਂ ਕਈ ਤਾਂ ਮਨੀਪੁਰ ਦੀ ਉਹ ਦਿਲ ਕੰਬਾਊ ਵੀਡੀਓ ਦੇਖ ਕੇ ਅੱਜ ਤੱਕ ਸਦਮੇ ਵਿਚ ਹਨ।

ਮਨੀਪੁਰ ਵਿਚ ਮੈਤੇਈ ਲੋਕਾਂ ਦੀ ਭੀੜ ਵਲੋਂ ਦੋ ਕੁਕੀ ਔਰਤਾਂ ਨੂੰ ਨਿਰਵਸਤਰ ਕਰ ਕੇ ਘੁਮਾਉਣ ਅਤੇ ਗੈਂਗਰੇਪ ਕਰਨ ਦੀ ਘਟਨਾ ਦੇ ਦੇਸ਼ ਦੀਆਂ ਜਵਾਨ ਮਹਿਲਾ ਵੋਟਰਾਂ ਦੇ ਮਨ ਮਸਤਕ 'ਤੇ ਪਏ ਅਸਰ ਨੂੰ ਜਾਣਨ ਲਈ ਕੀਤੇ ਸਰਵੇਖਣ ਤੋਂ ਉਨ੍ਹਾਂ ਦੀਆਂ ਚੁਣਾਵੀ ਤਰਜੀਹਾਂ ਦੇ ਹੋਰ ਜ਼ਿਆਦਾ ਜਵਾਬ ਤਲਾਸ਼ ਕੀਤੇ ਜਾਣਗੇ ਅਤੇ ਇਨ੍ਹਾਂ ਔਰਤਾਂ ਦੇ ਸਮੂਹ ਨਾਲ ਇਸ ਰੂ-ਬ-ਰੂ ਨੂੰ ਭਾਜਪਾ ਪ੍ਰਤੀ ਨਾਰਾਜ਼ਗੀ ਦੇ ਕਿਸੇ ਠੋਸ ਸਬੂਤ ਵਜੋਂ ਨਹੀਂ ਲਿਆ ਜਾਣਾ ਚਾਹੀਦਾ; ਫਿਰ ਵੀ ਅਜਿਹੇ ਬਹੁਤ ਸਾਰੇ ਸੰਕੇਤ ਹਨ ਕਿ ਅਸੁਰੱਖਿਆ ਦੇ ਭਾਵ ਨਾਲ ਜੀਅ ਰਹੀਆਂ ਔਰਤਾਂ ਲਈ ਭਾਜਪਾ ਸ਼ਾਇਦ ਸਭ ਤੋਂ ਤਰਜੀਹੀ ਪਾਰਟੀ ਨਾ ਰਹੇ।

ਇਸ ਪ੍ਰਸੰਗ ਵਿਚ ਮਨੀਪੁਰ ਦੇ ਮੁੱਦੇ 'ਤੇ ਵਿਰੋਧੀ ਧਿਰ ਵਲੋਂ ਲਿਆਂਦਾ ਗਿਆ ਬੇਵਿਸਾਹੀ ਮਤਾ ਅਤੇ ਔਰਤਾਂ 'ਤੇ ਹਮਲਿਆਂ ਦੀ ਲਗਾਤਾਰ ਯਾਦਦਹਾਨੀ ਸਿਰਫ ਲੋਕਾਂ ਅੰਦਰ ਸੱਤਾ ਵਿਰੋਧੀ ਭਾਵਨਾ ਨੂੰ ਹੀ ਹਵਾ ਦੇਵੇਗੀ ਜੋ ਬਹੁਤ ਸਾਰੇ ਸੂਬਿਆਂ ਅੰਦਰ ਪਹਿਲਾਂ ਹੀ ਕਾਫ਼ੀ ਜ਼ੋਰ ਫੜ ਚੁੱਕੀ ਹੈ। ਹਿਮਾਚਲ ਪ੍ਰਦੇਸ਼ ਅਤੇ ਕਰਨਾਟਕ ਪਹਿਲਾਂ ਹੀ ਮੇਜ਼ ਥਪਥਪਾਉਂਦੇ ਰਾਸ਼ਟਰਵਾਦੀ ਜਨੂੰਨ ਦੇ ਅਸਰਦਾਰ ਤੋੜ ਦੀ ਮਿਸਾਲ ਬਣ ਚੁੱਕੇ ਹਨ। ਹੋਰ ਮਜ਼ਬੂਤ ਹੋ ਰਹੀ ਇਹ ਸੱਤਾ ਵਿਰੋਧੀ ਭਾਵਨਾ ਇਸ ਵਾਰ ਭਾਜਪਾ ਦਾ ਬਹੁਤ ਜ਼ਿਆਦਾ ਨੁਕਸਾਨ ਕਰ ਸਕਦੀ ਹੈ ਕਿਉਂਕਿ 2019 ਦੀਆਂ ਚੋਣਾਂ ਵਿਚ ਪਾਰਟੀ ਪਹਿਲਾਂ ਹੀ ਆਪਣਾ ਚੁਣਾਵੀ ਲਾਹਾ ਸਿਖਰਲੇ ਮੁਕਾਮ 'ਤੇ ਪਹੁੰਚਾ ਚੁੱਕੀ ਹੈ। ਤਾਮਿਲ ਨਾਡੂ ਅਤੇ ਕੇਰਲ ਜਿਹੇ ਗ਼ੈਰ-ਰਵਾਇਤੀ ਸੂਬਿਆਂ ਵਿਚ ਇਸ ਦੀ ਚੁਣਾਵੀ ਕਾਰਗੁਜ਼ਾਰੀ ਵਿਚ ਕੋਈ ਸੁਧਾਰ ਆਉਣ ਦੇ ਸੰਕੇਤ ਨਹੀਂ ਹਨ।



ਭਾਜਪਾ ਨੇ ਹਰਿਆਣਾ ਵਿਚ ਦਸਾਂ ਵਿਚੋਂ ਦਸ, ਗੁਜਰਾਤ ਵਿਚ ਸਾਰੀਆਂ 26, ਉਤਰਾਖੰਡ ਦੀਆਂ ਪੰਜਾਂ ਵਿਚੋਂ ਪੰਜ, ਦਿੱਲੀ ਦੀਆਂ ਸਾਰੀਆਂ ਸੱਤ, ਹਿਮਾਚਲ ਪ੍ਰਦੇਸ਼ ਵਿਚ ਸਾਰੀਆਂ ਚਾਰ, ਮੱਧ ਪ੍ਰਦੇਸ਼ ਵਿਚ 29 ਵਿਚੋਂ 28, ਰਾਜਸਥਾਨ ਵਿਚ 25 ਵਿਚੋਂ 24, ਝਾਰਖੰਡ ਵਿਚ 14 ਵਿਚੋਂ 11, ਛਤੀਸਗੜ੍ਹ ਵਿਚ 11 ਵਿਚੋਂ 9, ਬਿਹਾਰ ਵਿਚ (ਸਹਿਯੋਗੀ ਪਾਰਟੀਆ ਨਾਲ ਰਲ ਕੇ) 40 ਵਿਚੋਂ 39, ਕਰਨਾਟਕ ਵਿਚ 28 ਵਿਚੋਂ 25, ਮਹਾਰਾਸ਼ਟਰ (ਇਕਜੁੱਟ ਸ਼ਿਵ ਸੈਨਾ ਨਾਲ ਰਲ ਕੇ) ਵਿਚ 48 ਵਿਚੋਂ 41 ਅਤੇ ਉੱਤਰ ਪ੍ਰਦੇਸ਼ ਵਿਚ 80 ਵਿਚੋਂ 64 ਸੀਟਾਂ ਜਿੱਤੀਆਂ ਸਨ। ਭਾਜਪਾ ਜਿੱਥੇ ਵੀ ਸਫ਼ਲ ਰਹੀ ਸੀ, ਉੱਥੇ ਇਸ ਦੀ ਸੀਟਾਂ ਜਿੱਤਣ ਦੀ ਦਰ ਬਹੁਤ ਜ਼ਿਆਦਾ ਉੱਚੀ ਸੀ ਅਤੇ ਅਜਿਹੀ ਕਾਰਗੁਜ਼ਾਰੀ ਦੁਹਰਾਉਣੀ ਲਗਭਗ ਅਸੰਭਵ ਹੁੰਦੀ ਹੈ। ਪਾਰਟੀ ਦੀਆਂ ਕੁੱਲ 303 ਸੀਟਾਂ ਵਿਚੋਂ 250 ਸੀਟਾਂ ਉਨ੍ਹਾਂ ਸੂਬਿਆਂ ਵਿਚੋਂ ਆਈਆਂ ਸਨ ਜਿੱਥੇ 'ਮੋਦੀ ਸੁਨਾਮੀ' ਆਈ ਹੋਈ ਸੀ।

2014 ਅਤੇ 2019 ਦੀਆਂ ਚੋਣਾਂ ਵਿਚ ਮਾਤ ਖਾਣ ਤੋਂ ਬਾਅਦ ਕਾਂਗਰਸ ਦੇ ਸਿਰਮੌਰ ਆਗੂਆਂ ਨੂੰ ਇਸ ਵਾਰ ਪਾਰਟੀ ਦੀਆਂ ਸੀਟਾਂ ਦੀ ਸੰਖਿਆ 100 ਤੋਂ ਪਾਰ ਲਿਜਾਣ ਦਾ ਭਰੋਸਾ ਹੈ ਅਤੇ ਜੇ ਅਜਿਹਾ ਹੁੰਦਾ ਹੈ ਤਾਂ ਸਿੱਧੇ ਤੌਰ 'ਤੇ ਇਸ ਨਾਲ ਭਾਜਪਾ ਦੇ ਖਾਤੇ ਨੂੰ ਸੱਟ ਵੱਜੇਗੀ। ਕਾਂਗਰਸ ਨੂੰ ਜ਼ਿਆਦਾਤਰ ਸੀਟਾਂ ਮੱਧ ਪ੍ਰਦੇਸ਼, ਰਾਜਸਥਾਨ, ਕਰਨਾਟਕ, ਗੁਜਰਾਤ, ਹਰਿਆਣਾ, ਹਿਮਾਚਲ, ਉਤਰਾਖੰਡ ਅਤੇ ਕੁਝ ਹੋਰ ਸੂਬਿਆਂ ਤੋਂ ਆਉਣ ਦੀ ਆਸ ਹੈ ਜਿੱਥੇ ਇਸ ਦੀ ਭਾਜਪਾ ਨਾਲ ਸਿੱਧੀ ਟੱਕਰ ਹੁੰਦੀ ਹੈ।

ਬੇਰੁਜ਼ਗਾਰੀ, ਮਹਿੰਗਾਈ ਅਤੇ ਔਰਤਾਂ ਦੀ ਸੁਰੱਖਿਆ ਦੇ ਮੁੱਦਿਆਂ ਨਾਲ ਉਨ੍ਹਾਂ ਸ਼ਿਕਵੇ ਸ਼ਿਕਾਇਤਾਂ ਦਾ ਗੁਬਾਰ ਇਕੱਠਾ ਹੋ ਜਾਵੇਗਾ ਜੋ ਚੁਣਾਵੀ ਮਾਹੌਲ ਸਿਰਜਣ ਦਾ ਆਧਾਰ ਸਾਬਿਤ ਹੋ ਸਕਦੇ ਹਨ। ਉਂਝ, ਹਰ ਸੂਬੇ ਅੰਦਰ ਸੱਤਾਧਾਰੀ ਪਾਰਟੀ ਖ਼ਿਲਾਫ਼ ਵੋਟਰਾਂ ਦੇ ਵੱਖੋ-ਵੱਖਰੇ ਕਾਰਨ ਹੁੰਦੇ ਹਨ।

2018 ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਦਾ ਉਸ ਤੋਂ ਬਾਅਦ ਹੋਈਆਂ ਲੋਕ ਸਭਾ ਚੋਣਾਂ 'ਤੇ ਕੋਈ ਅਸਰ ਨਹੀਂ ਪਿਆ ਸੀ ਜਦਕਿ ਭਾਜਪਾ ਨੇ ਉਨ੍ਹਾਂ ਚੋਣਾਂ ਵਿਚ ਹੂੰਝਾ-ਫੇਰੂ ਜਿੱਤ ਦਰਜ ਕੀਤੀ ਸੀ। ਇਹ ਗੱਲ ਠੀਕ ਹੈ ਕਿ ਉਸ ਵੇਲੇ ਵਿਰੋਧੀ ਧਿਰ ਵਲੋਂ ਕੋਈ ਭਰੋਸੇਮੰਦ ਆਗੂ ਨਜ਼ਰ ਨਹੀਂ ਆ ਰਿਹਾ ਸੀ ਪਰ ਹੁਣ 'ਭਾਰਤ ਜੋੜੋ ਯਾਤਰਾ' ਦੀ ਸਫ਼ਲਤਾ, ਮਲਿਕਾਰਜੁਨ ਖੜਗੇ ਦੀ ਕਾਂਗਰਸ ਪ੍ਰਧਾਨ ਵਜੋਂ ਚੋਣ, ਵਿਰੋਧੀ ਧਿਰ ਦੀਆਂ ਬਹੁਤ ਸਾਰੀਆਂ ਪਾਰਟੀਆਂ ਦੇ 'ਇੰਡੀਆ' ਗੱਠਜੋੜ ਦੇ ਬੈਨਰ ਹੇਠ ਇਕਜੁੱਟ ਹੋਣ ਅਤੇ ਰਾਹੁਲ ਗਾਂਧੀ ਦੀ ਲੋਕ ਸਭਾ ਮੈਂਬਰੀ ਬਹਾਲ ਹੋਣ ਸਦਕਾ ਵਿਰੋਧੀ ਧਿਰ ਦੇ ਗੰਭੀਰ ਆਗੂ ਵਜੋਂ ਉਨ੍ਹਾਂ ਦਾ ਕੱਦ ਬੁੱਤ ਕਾਫ਼ੀ ਵਧਿਆ ਹੈ। ਹਾਲਾਂਕਿ ਲੋਕਾਂ ਦੀਆ ਨਜ਼ਰਾਂ ਵਿਚ ਉਹ ਹਾਲੇ ਵੀ ਮੋਦੀ ਦੇ ਹਾਣ ਦੇ ਨਹੀਂ ਬਣ ਸਕੇ ਪਰ ਇਕ ਗ਼ੈਰ-ਗੰਭੀਰ ਆਗੂ ਦੀ 'ਪੱਪੂ' ਵਾਲੀ ਦਿੱਖ ਉਨ੍ਹਾਂ ਬਦਲ ਦਿੱਤੀ ਹੈ ਜਿਸ ਕਰ ਕੇ ਉਨ੍ਹਾਂ ਨੂੰ ਅਮੇਠੀ ਦੀ ਸੀਟ ਵੀ ਗੁਆਉਣੀ ਪਈ ਸੀ।

ਬਿਨਾ ਸ਼ੱਕ, ਲੀਡਰਸ਼ਿਪ ਦਾ ਸਵਾਲ ਵਿਰੋਧੀ ਧਿਰ ਨੂੰ ਹਮੇਸ਼ਾ ਪ੍ਰੇਸ਼ਾਨ ਕਰਦਾ ਰਹੇਗਾ ਅਤੇ ਜੋ ਤੁਰਪ ਦਾ ਪੱਤਾ ਕਾਂਗਰਸ ਚਲਾਉਂਦੀ ਰਹੀ ਹੈ, ਉਹੀ ਪੱਤਾ ਭਾਜਪਾ ਵੀ ਵਰਤ ਸਕਦੀ ਹੈ; ਭਾਵ ਗ਼ੈਰ-ਕਾਂਗਰਸ ਸਰਕਾਰ ਬਣਾਉਣ ਲਈ ਪ੍ਰਧਾਨ ਮੰਤਰੀ ਦਾ ਅਹੁਦਾ ਕਿਸੇ ਹੋਰ ਪਾਰਟੀ ਦੇ ਆਗੂ ਨੂੰ ਦਿੱਤਾ ਜਾ ਸਕਦਾ ਹੈ। ਭਾਜਪਾ ਵਿਰੋਧੀ ਧਿਰ ਨੂੰ ਪਾਟੋਧਾੜ ਕਰਨ ਅਤੇ ਹਰਾਉਣ ਲਈ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ ਪਰ ਦੇਸ਼ ਦਾ ਸਿਆਸੀ ਮਿਜ਼ਾਜ ਤੋਂ ਇਸ ਗੱਲ ਦੇ ਆਸਾਰ ਨਜ਼ਰ ਆ ਰਹੇ ਹਨ ਕਿ ਭਾਜਪਾ ਅਤੇ ਵਿਰੋਧੀ ਧਿਰ ਵਿਚਕਾਰ ਸਖ਼ਤ ਮੁਕਾਬਲਾ ਹੋਵੇਗਾ; ਤੇ ਇਹ ਅਜਿਹੇ ਜਜ਼ਬਾਤ ਹਨ ਜੋ ਇਕਤਰਫ਼ਾ ਬਹਿਸ ਵਿਚ ਹਿੱਸਾ ਲੈਣ ਵਾਲਿਆਂ ਵਲੋਂ ਮੇਜ਼ਾਂ ਦੀ ਥਪਥਪਾਹਟ ਤੋਂ ਬਹੁਤ ਦੂਰ ਤਕ ਜਾਂਦੇ ਹਨ; ਤੇ ਹਰਿਆਣਾ ਦੇ ਨੂਹ ਵਿਚ ਇਕ ਵਾਰ ਫਿਰ ਯਾਤਰਾ ਕੱਢਣ ਦਾ ਵੀ ਇਹੀ ਕਾਰਨ ਹੋ ਸਕਦਾ ਹੈ ਤਾਂ ਕਿ 'ਬੁਲਡੋਜ਼ਰ ਨਿਆਂ' ਤੋਂ ਬਾਅਦ ਇਕ ਵਾਰ ਫਿਰ ਸ਼ਕਤੀ ਪ੍ਰਦਰਸ਼ਨ ਕੀਤਾ ਜਾਵੇ।

ਇਹ ਗੱਲ ਚੇਤੇ ਰੱਖਣੀ ਅਹਿਮ ਹੈ ਕਿ ਨੂਹ ਵਿਚ ਹੋਈ ਹਿੰਸਾ ਦਾ ਤਾਅਲੁਕ ਸਿਰਫ਼ ਹਰਿਆਣਾ ਨਾਲ ਹੀ ਨਹੀਂ ਸਗੋਂ ਰਾਜਸਥਾਨ ਨਾਲ ਵੀ ਹੈ। ਹਿੰਦੂਆਂ ਦੇ ਹਜੂਮ 'ਤੇ ਹਮਲਾ ਕਰਨ ਵਾਲੇ ਮੁਸਲਮਾਨਾਂ ਦੀ ਭੀੜ ਦੇ ਬਹੁਤ ਸਾਰੇ ਲੋਕ ਰਾਜਸਥਾਨ ਤੋਂ ਆਏ ਸਨ। ਦਰਅਸਲ, ਇਸ ਹਿੰਸਾ ਦਾ ਹਰਿਆਣਾ ਨਾਲੋਂ ਰਾਜਸਥਾਨ ਦਾ ਸਬੰਧ ਜ਼ਿਆਦਾ ਇਸ ਕਰ ਕੇ ਵੀ ਹੋ ਸਕਦਾ ਹੈ ਕਿਉਂਕਿ ਉੱਥੇ ਕਾਂਗਰਸ ਨੂੰ ਹਰਾਉਣ ਲਈ ਮਜ਼ਹਬੀ ਧਰੁਵੀਕਰਨ ਅਤੇ ਇਸ ਦੀ ਸਿਆਸੀ ਲਾਮਬੰਦੀ ਦੀ ਲੋੜ ਪੈ ਸਕਦੀ ਹੈ। ਇਨ੍ਹਾਂ ਸੂਬਿਆਂ ਵਿਚ 2019 ਦੀਆਂ ਚੋਣਾਂ ਵਿਚ ਜਿਵੇਂ ਭਾਜਪਾ ਨੇ ਹੂੰਝਾ-ਫੇਰੂ ਜਿੱਤ ਦਰਜ ਕੀਤੀ ਸੀ, ਹੁਣ ਸਿਰਫ਼ ਉੱਤਰ ਪ੍ਰਦੇਸ਼ ਨੂੰ ਛੱਡ ਕੇ ਹੋਰਨੀਂ ਥਾਈਂ ਇਸ ਨੂੰ ਦੁਹਰਾਉਣਾ ਔਖਾ ਜਾਪਦਾ ਹੈ। ਉਂਝ, ਪਿਛਲਾ ਤਜਰਬਾ ਇਹੀ ਦੱਸਦਾ ਹੈ ਕਿ ਦੰਗਿਆਂ ਦੇ ਸਿਰ 'ਤੇ ਚੋਣਾਂ ਲੜੀਆਂ ਜਾਂ ਜਿੱਤੀਆਂ ਨਹੀ ਜਾ ਸਕਦੀਆਂ। ਦੰਗਿਆਂ ਨਾਲ ਸਿਰਫ਼ ਕਿਸੇ ਸੱਤਾਧਾਰੀ ਪਾਰਟੀ ਦੇ ਪ੍ਰਸ਼ਾਸਕ ਦੇ ਤੌਰ 'ਤੇ ਭਰੋਸੇਯੋਗਤਾ ਦੀ ਦੁਰਦਸ਼ਾ ਹੀ ਸਿੱਧ ਹੁੰਦੀ ਹੈ।

ਪੰਜਾਬ ਹਰਿਆਣਾ ਹਾਈ ਕੋਰਟ ਨੇ 'ਬੁਲਡੋਜ਼ਰ ਨਿਆਂ' ਦੀ ਨੁਕਤਾਚੀਨੀ ਕਰਦਿਆਂ ਢਾਹ ਢੁਹਾਈ 'ਤੇ ਰੋਕ ਲਗਾ ਦਿੱਤੀ ਸੀ ਪਰ ਇਸ ਦੇ ਫ਼ੈਸਲੇ ਵਿਚ 'ਨਸਲਕੁਸ਼ੀ' ਜਿਹੇ ਸ਼ਬਦ ਦਾ ਇਸਤੇਮਾਲ ਕਰਨਾ ਗ਼ਲਤ ਸੀ। ਨਸਲਕੁਸ਼ੀ ਤਾਂ ਵੰਡ ਵੇਲੇ ਹੋਈ ਸੀ ਜਦੋਂ ਲੱਖਾਂ ਲੋਕ ਮਾਰ ਦਿੱਤੇ ਗਏ ਸਨ ਅਤੇ ਫਿਰ 1971 ਵਿਚ ਬੰਗਲਾਦੇਸ਼ ਮੁਕਤੀ ਸੰਘਰਸ਼ ਵੇਲੇ ਹੋਈ ਸੀ। ਨੂਹ ਦੇ ਕਿਸੇ ਇਕ ਵੀ ਪਰਿਵਾਰ ਨੂੰ ਜ਼ਿਲ੍ਹੇ ਤੋਂ ਬਾਹਰ ਨਹੀਂ ਜਾਣਾ ਪਿਆ।

# ਮਸਲਾ ਭਾਰਤੀ ਅਰਥਚਾਰੇ ਦੇ ਦੁਨੀਆ ਵਿੱਚ ਤੀਜੇ ਨੰਬਰ ਦਾ



ਡਾ. ਕੇਸਰ ਸਿੰਘ ਭੰਗੂ

ਅੱਜ ਕੱਲ੍ਹ ਦੇਸ਼ ਵਿੱਚ ਸਿਆਸੀ ਪਾਰਟੀਆਂ, ਆਰਥਿਕ ਮਾਹਰਾਂ ਅਤੇ ਆਮ ਲੋਕਾਂ ਦਰਮਿਆਨ, ਭਾਰਤ ਦੀ ਅਰਥਵਿਵਸਥਾ ਦੀ ਕੁਲ ਘਰੇਲੂ ਉਤਪਾਦ ਦੇ ਮਾਮਲੇ ਵਿੱਚ ਦੁਨੀਆ ਵਿੱਚ ਚੰਗੀ ਹੋ ਰਹੀ ਦਰਜਾਬੰਦੀ, ਦੀ ਗੱਲ ਚੱਲ ਰਹੀ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਨੇ ਆਪਣੀ ਪਾਰਟੀ ਅਤੇ ਆਪਣੇ ਲਈ ਲੋਕਾਂ ਤੋਂ ਤੀਜੀ ਵਾਰ ਜਿਤਾਉਣ ਲਈ ਵਾਅਦਾ ਕੀਤਾ ਹੈ ਕਿ ਜਲਦ ਹੀ ਦੇਸ਼ ਨੂੰ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣਾ ਦਿੱਤਾ ਜਾਵੇਗਾ। ਪਿਛਲੇ ਸਮੇਂ ਵਿੱਚ ਅਮਰੀਕਾ ਫੇਰੀ ਦੌਰਾਨ ਵੀ ਪ੍ਰਧਾਨ ਮੰਤਰੀ ਇਸ ਮਾਮਲੇ ਦਾ ਜ਼ਿਕਰ ਕੀਤਾ ਸੀ। ਅੰਤਰਰਾਸ਼ਟਰੀ ਮੁਦਰਾ ਕੋਸ਼ ਨੇ ਵੀ ਅੰਦਾਜ਼ਾ ਲਗਾਇਆ ਹੈ ਕਿ ਭਾਰਤ 2027 ਤੱਕ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਜਪਾਨ ਅਤੇ ਜਰਮਨੀ ਨੂੰ ਪਛਾੜ ਕੇ ਦੁਨੀਆ ਦੀ ਅਮਰੀਕਾ ਅਤੇ ਚੀਨ ਤੋਂ ਬਾਅਦ ਸਭ ਤੋਂ ਵੱਡੀ ਤੀਜੀ ਅਰਥਵਿਵਸਥਾ ਬਣ ਜਾਵੇਗੀ। ਪਹਿਲਾਂ ਭਾਰਤ ਇਸ ਦਰਜਾਬੰਦੀ ਵਿੱਚ 7ਵੇਂ ਸਥਾਨ ਤੇ ਸੀ ਪਰ ਅੱਜ ਕੱਲ ਅਮਰੀਕਾ, ਚੀਨ, ਜਪਾਨ ਅਤੇ ਜਰਮਨੀ ਤੋਂ ਬਾਅਦ ਪੰਜਵੇਂ ਸਥਾਨ ਤੇ ਹੈ। ਅੰਤਰਰਾਸ਼ਟਰੀ ਮੁਦਰਾ ਕੋਸ਼ ਦੇ ਇਕ ਹੋਰ ਤਰੀਕੇ ਦੇ ਅੰਦਾਜ਼ੇ ਮੁਤਾਬਕ, ਭਾਵ ਖ਼ਰੀਦ ਸ਼ਕਤੀ ਬਰਾਬਰਤਾ (ਫੁਰਚਹਅਸਿਨਗ ਫੋੌਇਰ ਫਅਰਿਟੇ) ਦੇ ਹਿਸਾਬ ਨਾਲ, ਭਾਰਤ ਅੱਜ ਹੀ, ਭਾਵ 2023 ਵਿੱਚ, ਚੀਨ ਅਤੇ ਅਮਰੀਕਾ ਤੋਂ ਬਾਅਦ ਦੁਨੀਆ ਦੀ ਤੀਜੀ ਵੱਡੀ ਅਰਥਵਿਵਸਥਾ ਬਣ ਜਾਵੇਗੀ। ਇਸ ਹਿਸਾਬ ਨਾਲ ਚੀਨ ਦਾ ਕੁੱਲ ਘਰੇਲੂ ਪੈਦਾਵਾਰ 33.01 ਟ੍ਰਿਲੀਅਨ ਡਾਲਰ, ਅਮਰੀਕਾ ਦਾ 26.85 ਟ੍ਰਿਲੀਅਨ ਡਾਲਰ ਅਤੇ ਭਾਰਤ ਦਾ 13.03 ਟ੍ਰਿਲੀਅਨ ਡਾਲਰ ਹੋਵੇਗਾ। ਅੱਜ ਕੱਲ ਚੱਲ ਰਹੀ ਮੁਦਰਾ ਵਟਾਂਦਰਾ ਦਰ ਮੁਤਾਬਕ 1 ਅਮਰੀਕੀ ਡਾਲਰ ਭਾਰਤ ਦੇ 80 ਤੋਂ ਵੱਧ ਰੁਪਿਆ ਦੇ ਬਰਾਬਰ ਹੈ ਪਰ ਜਦੋਂ ਖ਼ਰੀਦ ਸ਼ਕਤੀ ਬਰਾਬਰਤਾ (ਫੁਰਚਹਅਸਿਨਗ ਫੋੌਇਰ ਫਅਰਿਟੇ) ਦੇ ਹਿਸਾਬ ਨਾਲ ਵੇਖਦੇ ਹਾਂ ਤਾਂ ਅਸਲੀਅਤ ਦਾ ਪਤਾ ਲੱਗਦਾ ਹੈ। ਉਦਾਹਰਣ ਦੇ ਤੌਰ ਤੇ ਵੇਖੀਏ ਤਾਂ, ਇਸ ਹਿਸਾਬ ਨਾਲ ਜੇਕਰ ਅਮਰੀਕਾ ਵਿੱਚ 25 ਕਿਲੋ ਮੀਟਰ ਸਫ਼ਰ ਕਰਨ ਤੇ 1 ਡਾਲਰ ਖ਼ਰਚ ਆਉਂਦਾ ਹੈ ਅਤੇ ਭਾਰਤ ਵਿੱਚ 25 ਕਿਲੋ ਮੀਟਰ ਸਫ਼ਰ ਕਰਨ ਤੇ 25 ਰੁਪਏ ਖਰਚ ਆਉਂਦੇ ਹਨ ਤਾਂ 1 ਅਮਰੀਕੀ ਡਾਲਰ ਭਾਰਤ ਦੇ 25 ਰੁਪਏ ਦੇ ਬਰਾਬਰ ਹੋਵੇਗਾ।

ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਦਰਜਾਬੰਦੀ ਉੱਚੀ ਹੁੰਦੀ ਸੁਣ ਕੇ ਬਹੁਤ ਫ਼ਖ਼ਰ ਮਹਿਸੂਸ ਹੁੰਦਾ ਹੈ ਅਤੇ ਲਗਦਾ ਹੈ ਦੇਸ਼ ਜਲਦੀ ਹੀ ਵਿਸ਼ਵਗੁਰੂ ਬਣ ਜਾਵੇਗਾ। ਪਰ ਇਸ ਦੇ ਆਰਥਿਕ ਨਾਲੋਂ




ਸਿਆਸੀ ਮਾਅਨੇ ਜ਼ਿਆਦਾ ਹਨ ਕਿਉਂਕਿ ਇਹ ਹਕੂਮਤ ਕਰ ਰਹੀ ਸਿਆਸੀ ਪਾਰਟੀ ਅਤੇ ਮੌਜੂਦਾ ਸਰਕਾਰ ਨੂੰ ਸਿਆਸੀ ਤੌਰ ਤੇ ਤਸੱਲੀ ਅਤੇ ਹੌਸਲਾ ਜ਼ਰੂਰ ਪ੍ਰਦਾਨ ਕਰਦਾ ਹੈ। ਭਾਜਪਾ ਨੇ 2024 ਦੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਇਸ ਦਾ ਢੰਡੋਰਾ ਹੁਣ ਤੋਂ ਹੀ ਪਿੱਟਣਾ ਸ਼ੁਰੂ ਕਰ ਦਿੱਤਾ ਹੈ। ਪਰ ਵੇਖਣ ਵਾਲੀ ਗੱਲ ਇਹ ਹੈ ਕਿ ਕੀ ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ ਦੀ ਸੁਧਰ ਰਹੀ ਦਰਜਾਬੰਦੀ ਦੇ ਨਾਲ ਨਾਲ ਪ੍ਰਤੀ ਵਿਅਕਤੀ ਆਮਦਨ, ਰੁਜ਼ਗਾਰ ਦੀ ਦਰ, ਮਨੁੱਖੀ ਵਿਕਾਸ ਸੂਚਕ ਅੰਕ, ਭੁੱਖਮਰੀ ਸੂਚਕ ਅੰਕ, ਵੱਡੇ ਪੱਧਰ ਦੀਆਂ ਆਰਥਿਕ ਅਸਮਾਨਤਾਵਾਂ ਤੇ ਨਾਬਰਾਬਰੀਆਂ, ਅਸਮਾਨ ਛੂੰਹਦੀ ਮਹਿੰਗਾਈ ਅਤੇ ਹੋਰ ਆਰਥਿਕ ਇੰਡੀਕੇਟਰਾਂ ਵਿੱਚ ਵੀ ਸੁਧਾਰ/ਵਾਧਾ ਹੋ ਰਿਹਾ ਹੈ ਜਾਂ ਨਹੀਂ?

ਸਭ ਤੋਂ ਪਹਿਲਾਂ ਜੇ ਗੱਲ ਕਰੀਏ ਕੀ ਭਾਰਤ ਦੀ ਅਰਥਵਿਵਸਥਾ ਦੀ ਕੁਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਉਪਰ ਆ ਰਹੀ ਦਰਜਾਬੰਦੀ ਦਾ ਦੇਸ਼ ਦੇ ਆਮ ਲੋਕਾਂ ਨੂੰ ਕੋਈ ਲਾਭ ਵੀ ਮਿਲ ਰਿਹਾ ਹੈ ਜਾਂ ਨਹੀਂ,? ਭਾਵ ਉਹਨਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਹੋ ਰਿਹਾ ਹੈ ਜਾਂ ਨਹੀਂ ? ਆਮ ਤੌਰ ਤੇ ਆਰਥਿਕ ਮਾਹਰ ਅਤੇ ਸੰਸਥਾਵਾਂ ਕੁੱਲ ਘਰੇਲੂ ਪੈਦਾਵਾਰ ਦੇ ਪੱਧਰ ਨਾਲੋਂ ਪ੍ਰਤੀ ਵਿਅਕਤੀ ਸਾਲਾਨਾ ਆਮਦਨ ਨੂੰ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਜ਼ਿਆਦਾ ਕਾਰਗਰ ਸੂਚਕ ਮੰਨਦੇ ਹਨ। ਅੰਤਰਰਾਸ਼ਟਰੀ ਸੰਸਥਾਵਾਂ ਆਮ ਤੌਰ ਤੇ ਪ੍ਰਤੀ ਵਿਅਕਤੀ ਸਾਲਾਨਾਂ ਆਮਦਨ ਦੇ ਪੱਧਰ ਮੁਤਾਬਕ ਦੁਨੀਆ ਦੇ ਦੇਸ਼ਾਂ ਨੂੰ ਤਿੰਨ ਭਾਗਾਂ ਵਿੱਚ ਵੰਡਦੀਆਂ ਹਨ। ਪਹਿਲਾਂ ਉੱਚੀ ਆਮਦਨ ਵਾਲੇ ਦੇਸ਼ਾਂ ਦਾ ਗਰੁੱਪ, ਦੂਜਾ ਮੱਧਿਅਮ ਆਮਦਨ ਵਾਲੇ ਦੇਸ਼ਾਂ ਦਾ ਗਰੁੱਪ ਅਤੇ ਤੀਜਾ ਨੀਵੀਂ ਆਮਦਨ ਵਾਲੇ ਦੇਸ਼ਾਂ ਦਾ ਗਰੁੱਪ। ਇਸ ਵੰਡ ਮੁਤਾਬਕ ਭਾਰਤ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਨੀਵੀਂ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ ਵਿੱਚ ਸ਼ਾਮਲ ਹੈ ਕਿਉਂਕਿ ਭਾਰਤ ਦੀ ਪ੍ਰਤੀ ਵਿਅਕਤੀ ਆਮਦਨ ਬਹੁਤ ਹੀ ਘੱਟ ਹੈ। ਜਦੋਂ ਭਾਰਤ 2013-14 ਵਿੱਚ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਦੁਨੀਆਂ ਵਿੱਚ ਨੌਵੇਂ ਸਥਾਨ ਤੇ ਸੀ ਪਰ ਉਸੇ ਸਮੇਂ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਦੇਸ਼ ਦੁਨੀਆਂ ਵਿੱਚ 147ਵੇਂ ਸਥਾਨ ਤੇ ਸੀ ਭਾਵ ਦੇਸ਼ ਕੁੱਝ ਟਾਪੂ ਨੁਮਾ ਅਤੇ ਘੋਰ ਗਰੀਬ ਦੇਸ਼ਾਂ ਤੋਂ ਉੱਪਰ ਹੀ ਸੀ। ਵਰਣਨਯੋਗ ਹੈ ਕਿ ਭਾਰਤ ਦਾ ਗਰੀਬ ਗੁਆਂਢੀ ਬੰਗਲਾਦੇਸ਼ ਵੀ ਪ੍ਰਤੀ ਵਿਅਕਤੀ ਆਮਦਨ ਵਿੱਚ ਅੱਗੇ ਹੈ। ਫੇਰ ਜਦੋਂ ਦੇਸ਼ ਕੁੱਲ ਘਰੇਲੂ ਪੈਦਾਵਾਰ ਮੁਤਾਬਕ 7ਵੇਂ ਸਥਾਨ ਤੇ ਆਇਆ ਤਾਂ ਪ੍ਰਤੀ ਵਿਅਕਤੀ ਆਮਦਨ ਵਿੱਚ ਬਹੁਤ ਘੱਟ ਵਾਧੇ ਨਾਲ ਦੇਸ਼ 141ਵੇਂ ਅਤੇ ਹੁਣ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ 5ਵੇਂ ਸਥਾਨ ਤੇ ਹੈ ਪਰ ਪ੍ਰਤੀ ਵਿਅਕਤੀ ਆਮਦਨ ਵਿੱਚ ਮਾਮੂਲੀ ਵਾਧੇ ਨਾਲ 139ਵੇਂ ਸਥਾਨ ਤੇ ਹੈ। ਸਪਸ਼ਟ ਹੈ ਕਿ ਪ੍ਰਤੀ ਵਿਅਕਤੀ ਸਾਲਾਨਾਂ ਆਮਦਨ ਦੇ ਮਾਮਲੇ ਵਿੱਚ ਦੇਸ਼ ਬਹੁਤ ਪਿੱਛੇ ਹੈ ਅਤੇ ਵਧੀਆ ਕਾਰਗੁਜ਼ਾਰੀ ਨਹੀਂ ਦਿਖਾ ਸਕਿਆ।

ਹੁਣ ਗੱਲ ਕਰਦੇ ਹਾਂ ਭਾਰਤ ਦੇ ਮੁਕਾਬਲੇ ਉਹਨਾਂ ਦੇਸ਼ਾਂ ਦੀ, ਜਿਹਨਾਂ ਨੂੰ ਭਾਰਤ ਨੇ ਕੁੱਲ ਘਰੇਲੂ ਪੈਦਾਵਾਰ ਵਿੱਚ ਪਛਾੜਿਆ ਹੈ ਜਾਂ ਭਵਿੱਖ ਵਿੱਚ ਤੀਜੇ ਦਰਜੇ ਤੇ ਆ ਕੇ ਪਛਾੜ ਦੇਵੇਗਾ। ਜਿਹਨਾਂ ਦੇਸ਼ਾਂ ਨੂੰ ਪਛਾੜਿਆ ਹੈ ਉਹਨਾਂ ਵਿਚ ਮੁੱਖ ਤੌਰ ਤੇ ਬ੍ਰਾਜ਼ੀਲ, ਫਰਾਂਸ, ਇਟਲੀ ਅਤੇ ਬਰਤਾਨੀਆ ਸ਼ਾਮਲ ਹਨ ਅਤੇ ਜਪਾਨ ਅਤੇ ਜਰਮਨੀ ਨੂੰ 2027 ਤੱਕ ਪਛਾੜ ਦੇਵੇਗਾ। ਸਾਲ 2013 ਵਿੱਚ ਭਾਰਤ ਦੀ ਪ੍ਰਤੀ ਵਿਅਕਤੀ ਆਮਦਨ ਮਹਿਜ 1438 ਅਮਰੀਕੀ ਡਾਲਰ ਸੀ ਜਦੋਂ ਕਿ ਉਸੇ ਸਾਲ ਬਰਤਾਨੀਆ ਦੀ ਪ੍ਰਤੀ ਵਿਅਕਤੀ ਆਮਦਨ 43449 ਡਾਲਰ, ਫਰਾਂਸ 42603 ਡਾਲਰ, ਇਟਲੀ 35560 ਡਾਲਰ ਅਤੇ ਬ੍ਰਾਜ਼ੀਲ 12259, ਭਾਵ ਜਿਹਨਾਂ ਦੇਸ਼ਾਂ ਨੂੰ ਪਿੱਛੇ ਛੱਡਿਆ ਸੀ ਭਾਰਤ ਦਾ ਪ੍ਰਤੀ ਵਿਅਕਤੀ ਆਮਦਨ ਵਿੱਚ ਉਹਨਾਂ ਨਾਲ ਕੋਈ ਮੁਕਾਬਲਾ ਹੀ ਨਹੀਂ ਹੈ ਕਿਉਂਕਿ ਭਾਰਤ ਦੀ ਪ੍ਰਤੀ ਵਿਅਕਤੀ ਆਮਦਨ

(ਬਾਕੀ ਅਗਲੇ ਸਫੇ 'ਤੇ)

# ਸਨਅਤੀ ਨਿਘਾਰ ਵੱਲ ਬੜੀ ਤੇਜ਼ੀ ਨਾਲ ਜਾ ਰਿਹੈ ਪੰਜਾਬ

ਜਗਦੇਵ ਸ਼ਰਮਾ ਬੁਗਰਾ

ਸਨਅਤਾਂ ਦੇਸ਼ ਵਾਸੀਆਂ ਦੀ ਖ਼ੁਸ਼ਹਾਲੀ ਲਈ ਇਕ ਵਧੀਆ ਕਾਰਕ ਹੁੰਦੀਆਂ ਹਨ। ਭਾਰਤ ਦੀ ਜੀਡੀਪੀ ਵਿਚ ਸਨਅਤ ਸੈਕਟਰ ਦਾ ਯੋਗਦਾਨ 25.92% ਨਾਲ ਦੂਜਾ ਹੈ ਜਦਕਿ ਸਰਵਿਸ ਸੈਕਟਰ 53.89% ਨਾਲ ਪਹਿਲੇ ਅਤੇ ਖੇਤੀ ਸੈਕਟਰ 20.19% ਨਾਲ ਤੀਜੇ ਨੰਬਰ 'ਤੇ ਆਉਂਦਾ ਹੈ। ਪੰਜਾਬ ਰਾਜ ਦੀ ਜੀਡੀਪੀ ਵਿਚ ਸਨਅਤਾਂ ਦਾ ਯੋਗਦਾਨ 25.15 % ਹੈ ਜੋ ਕਿ ਦੇਸ਼ ਦੇ ਅੰਕੜੇ ਤੋਂ ਥੋੜ੍ਹਾ ਘੱਟ ਹੈ। ਸਰਵਿਸ ਸੈਕਟਰ ਦਾ ਹਿੱਸਾ 45.91% ਅਤੇ ਖੇਤੀ ਦਾ ਹਿੱਸਾ 28.94% ਦੇ ਲਗਪਗ ਹੈ।

ਦੇਸ਼ ਦੇ ਪੱਧਰ 'ਤੇ ਕੁੱਲ ਵਰਕ ਫੋਰਸ ਦੇ 54.4% ਨੂੰ ਸਨਅਤ ਅਤੇ ਵਪਾਰ ਰੁਜ਼ਗਾਰ ਉਪਲਬਧ ਕਰਵਾਉਂਦੀ ਹੈ ਜਦਕਿ 45.6% ਨੂੰ ਖੇਤੀਬਾੜੀ ਖੇਤਰ ਰੁਜ਼ਗਾਰ ਮੁਹੱਈਆ ਕਰਵਾਉਂਦਾ ਹੈ। ਵਿੱਤੀ ਵਰ੍ਹੇ 2021-22 ਵਿਚ ਪੰਜਾਬ ਦੀ ਕਾਟਨ ਯਾਰਨ ਸਨਅਤ ਦੁਆਰਾ 674.58 ਮਿਲੀਅਨ ਅਮਰੀਕੀ ਡਾਲਰ ਦਾ ਮਾਲ ਵਿਦੇਸ਼ਾਂ ਨੂੰ ਭੇਜਿਆ ਗਿਆ। ਇਸੇ ਸਮੇਂ ਦੌਰਾਨ 136.60 ਮਿਲੀਅਨ ਅਮਰੀਕੀ ਡਾਲਰ ਦੀ ਕੀਮਤ ਦਾ ਰੈਡੀਮੇਡ ਗਾਰਮੈਂਟਸ ਨਿਰਯਾਤ ਕੀਤਾ ਗਿਆ। ਭਾਰਤ ਅੰਦਰ ਸਾਈਕਲਾਂ ਦੇ ਕੁੱਲ ਉਤਪਾਦਨ ਦਾ 75 % ਤੇ ਸਾਈਕਲ ਪਾਰਟਸ ਦਾ 80% ਪੰਜਾਬ ਦੇ ਉਦਯੋਗ ਦਿੰਦੇ ਹਨ। ਅਰਬ ਦੇਸ਼ਾਂ ਦੀ ਸਾਈਕਲਾਂ ਦੀ 80% ਲੋੜ ਪੰਜਾਬ ਦੀ ਸਾਈਕਲ ਇੰਡਸਟਰੀ ਪੂਰੀ ਕਰਦੀ ਹੈ। ਹੌਜ਼ਰੀ ਅਤੇ ਵੂਲਨ ਦੇ ਕੁੱਲ ਉਤਪਾਦਨ ਦਾ 65% ਪੰਜਾਬ ਦੀ ਸਨਅਤ ਤਿਆਰ ਕਰਦੀ ਹੈ। ਪੰਜਾਬ ਅੰਦਰ ਕੁੱਲ 269963 ਉਦਯੋਗਿਕ ਇਕਾਈਆਂ ਰਜਿਸਟਰਡ ਹਨ ਤੇ ਇਨ੍ਹਾਂ ਦੀ ਕੁੱਲ ਰੁਜ਼ਗਾਰ ਸਮਰੱਥਾ 24 ਲੱਖ ਦੇ ਲਗਪਗ ਹੈ। ਪੰਜਾਬ ਦੇ ਜ਼ਿਆਦਾਤਰ ਉਦਯੋਗ ਤਿੰਨ ਵੱਡੇ ਸ਼ਹਿਰਾਂ ਲੁਧਿਆਣਾ, ਜਲੰਧਰ ਤੇ ਅੰਮ੍ਰਿਤਸਰ ਵਿਚ ਸਥਿਤ ਹਨ। ਇਨ੍ਹਾਂ ਸ਼ਹਿਰਾਂ ਤੋਂ ਇਲਾਵਾ ਪਟਿਆਲਾ, ਮੰਡੀ ਗੋਬਿੰਦਗੜ੍ਹ, ਬਟਾਲਾ, ਮਲੇਰਕੋਟਲਾ, ਹੁਸ਼ਿਆਰਪੁਰ, ਮੁਹਾਲੀ ਅਤੇ ਫਗਵਾੜਾ ਵਿਚ ਵੀ ਸਨਅਤੀ ਇਕਾਈਆਂ ਸਥਿਤ ਹਨ। ਲੁਧਿਆਣਾ ਨੂੰ ਤਾਂ ਭਾਰਤ ਦੇ ਮੈਨਚੈਸਟਰ ਵਜੋਂ ਵੀ ਜਾਣਿਆ ਜਾਂਦਾ ਹੈ। ਖੇਤੀ ਪ੍ਰਧਾਨ ਸੂਬਾ ਹੋਣ ਦੇ ਨਾਤੇ ਪੰਜਾਬ ਵਿਚ ਜ਼ਿਆਦਾਤਰ ਉਦਯੋਗ ਖੇਤੀਬਾੜੀ ਨਾਲ ਸਬੰਧਤ ਹਨ। ਜ਼ਿਆਦਾ ਸਨਅਤ ਫੂਡ ਪ੍ਰੋਸੈਸਿੰਗ, ਹੌਜ਼ਰੀ, ਖੇਡਾਂ ਦਾ ਸਾਮਾਨ, ਸਟੀਲ ਇੰਡਸਟਰੀ, ਸਾਈਕਲ ਇੰਡਸਟਰੀ, ਸਿਲਾਈ ਮਸ਼ੀਨ ਪਾਰਟਸ, ਪੈਕਿੰਗ ਮੈਟੀਰੀਅਲ, ਟਰੈਕਟਰ ਐਂਡ ਕੰਬਾਈਨ ਅਤੇ ਇਨ੍ਹਾਂ ਦੇ ਕਲਪੁਰਜ਼ੇ ਬਣਾਉਣ ਵਿਚ ਲੱਗੀ ਹੋਈ ਹੈ। ਪੰਜਾਬ 'ਚ ਮਸ਼ੀਨਰੀ, ਰਸਾਇਣਾਂ, ਇਲੈਕਟ੍ਰੀਕਲ ਸਾਮਾਨ ਤੇ ਧਾਤੂ ਉਤਪਾਦਾਂ ਦੇ ਖੇਤਰਾਂ 'ਚ ਵੀ ਉਦਯੋਗਿਕ ਇਕਾਈਆਂ ਸਥਾਪਤ ਹਨ।



ਸ਼ਹਿਰ ਵਾਰ ਲੁਧਿਆਣਾ ਹੌਜ਼ਰੀ, ਰੈਡੀਮੇਡ ਗਾਰਮੈਂਟਸ, ਟੈਕਸਟ-ਾਈਲ, ਸਾਈਕਲ ਅਤੇ ਸਾਈਕਲ ਪਾਰਟਸ, ਸਿਲਾਈ ਮਸ਼ੀਨ ਉਦਯੋਗਾਂ ਵਜੋਂ ਜਾਣਿਆ ਜਾਂਦਾ ਹੈ। ਜਲੰਧਰ ਖੇਡਾਂ ਦਾ ਸਾਮਾਨ, ਸੈਨੇਟਰੀ ਫਿਟਿੰਗਜ਼, ਰਬੜ ਅਤੇ ਚਮੜਾ ਉਦਯੋਗ ਲਈ ਮਸ਼ਹੂਰ ਹੈ। ਅੰਮ੍ਰਿਤਸਰ ਪੈਕਿੰਗ ਮੈਟੀਰੀਅਲ, ਮਸ਼ੀਨਰੀ, ਪ੍ਰਿੰਟਿੰਗ ਲਈ ਜਾਣਿਆ ਜਾਂਦਾ ਹੈ। ਹੁਸ਼ਿਆਰਪੁਰ ਵਿਚ ਚਮੜਾ ਉਦਯੋਗ ਤੇ ਪਲਾਸਟਿਕ ਦਾ ਸਾਮਾਨ ਬਣਦਾ ਹੈ। ਮੰਡੀ ਗੋਬਿੰਦਗੜ੍ਹ ਸਟੀਲ ਸਿਟੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਮਲੇਰਕੋਟਲਾ 'ਚ ਜ਼ਿਆਦਤਰ ਸਾਈਕਲਾਂ ਦੇ ਹਿੱਸੇ-ਪੁਰਜ਼ੇ ਤਿਆਰ ਕਰਨ ਦੀਆਂ ਇਕਾਈਆਂ ਹਨ।ਮੁਹਾਲੀ ਆਈਟੀ ਤੇ ਫਾਰਮਾਸਿਊਟੀਕਲ ਦੇ ਖੇਤਰ ਵਿਚ ਅਪਣਾ ਸਥਾਨ ਬਣਾ ਰਿਹਾ ਹੈ। ਫਗਵਾੜਾ 'ਚ ਡੀਜ਼ਲ ਇੰਜਣ ਤੇ ਉਨ੍ਹਾਂ ਦੇ ਕਲਪੁਰਜ਼ੇ ਬਣਦੇ ਹਨ। ਪਟਿਆਲਾ (ਭਾਦਸੋਂ) ਕੰਬਾਈਨ ਹਾਰਵੈਸਟਰਾਂ ਦੀ ਸਨਅਤ ਲਈ ਪ੍ਰਸਿੱਧ ਹੈ। ਪੰਜਾਬ 'ਚ ਸਨਅਤਾਂ ਦੇ ਵਿਕਾਸ ਤੇ ਤਰੱਕੀ ਲਈ ਸਰਕਾਰਾਂ ਨੇ ਕਈ ਅਦਾਰੇ ਸਥਾਪਤ ਕੀਤੇ ਹੋਏ ਹਨ। ਇਨ੍ਹਾਂ 'ਚ ਪੰਜਾਬ ਵਿੱਤ ਕਾਰਪੋਰੇਸ਼ਨ, ਪੰਜਾਬ ਸਟੇਟ ਇੰਡਸਟ੍ਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ ਤੇ ਪੰਜਾਬ ਸਟੇਟ ਐਕਸਪੋਰਟ ਡਿਵੈਲਪਮੈਂਟ ਕਾਰਪੋਰੇਸ਼ਨ ਦੇ ਨਾਮ ਪ੍ਰਮੁੱਖ ਹਨ। ਇਹ ਸਭ ਸੰਸਥਾਵਾਂ ਉਦਯੋਗਾਂ ਨੂੰ ਹੁਲਾਰਾ ਦੇਣ ਲਈ ਵਿੱਤ, ਹੁਨਰਮੰਦ ਕਾਮੇ, ਆਧੁਨਿਕ ਮਸ਼ੀਨਰੀ ਦੇ ਨਾਲ-ਨਾਲ ਸਨਅਤਾਂ ਨੂੰ ਤਕਨੀਕੀ ਸਹਾਇਤਾ ਪ੍ਰਦਾਨ ਕਰਨ ਦਾ ਕੰਮ ਕਰਦੀਆਂ ਹਨ।

ਜ਼ਿਲ੍ਹਾ ਪੱਧਰ 'ਤੇ ਸਥਾਪਤ ਜ਼ਿਲ੍ਹਾ ਉਦਯੋਗ ਕੇਂਦਰ ਛੋਟੀਆਂ, ਦਰਮਿਆਨੀਆਂ ਸਨਅਤਾਂ ਤੇ ਸਰਕਾਰ ਦਰਮਿਆਨ ਕੜੀ ਦਾ ਕੰਮ ਕਰਦੇ ਹਨ। ਸੰਨ 1960ਵਿਆਂ 'ਚ ਸਥਾਪਤ ਕੀਤੀਆਂ ਇਨ੍ਹਾਂ ਸੰਸਥਾਵਾਂ ਦੀ ਭੂਮਿਕਾ ਸ਼ੁਰੂਆਤੀ ਦੌਰ ਵਿਚ ਸ਼ਲਾਘਾਯੋਗ ਰਹੀ ਪਰ ਰਾਜਨੀਤਕ ਉਦਾਸੀਨਤਾ ਅਤੇ ਸ਼ਾਸਨ ਦੀਆਂ ਦੋਸ਼ਪੂਰਨ ਨੀਤੀਆਂ ਕਾਰਨ ਇਹ ਸੰਸਥਾਵਾਂ ਫੇਲ੍ਹ ਹੋਣ ਲੱਗੀਆਂ। ਬਹੁਤੇ ਅਦਾਰੇ ਖ਼ੁਦ ਵਿੱਤੀ ਸੰਕਟ ਵਿਚ ਘਿਰੇ ਹੋਏ ਹਨ ਤੇ ਇਨ੍ਹਾਂ ਦੀ ਹਾਲਤ ਆਈਸੀਯੂ ਵਿਚਲੇ ਮਰੀਜ਼ ਵਰਗੀ ਹੈ। ਜ਼ਿਲ੍ਹਾ ਉਦਯੋਗ ਕੇਂਦਰਾਂ ਵਿਚ ਸਟਾਫ ਪੂਰਾ ਨਹੀਂ ਹੈ। ਅਜਿਹੇ ਵਿਚ ਅੱਜ-ਕੱਲ੍ਹ ਇਹ ਉਦਯੋਗ ਦੀ ਸਹਾਇਤਾ ਕਰਨ ਵਿਚ ਅਸਮਰੱਥ ਦਿਖਾਈ ਦਿੰਦੇ ਹਨ। ਜਿਸ ਪੰਜਾਬ ਰਾਜ ਦਾ 1981 ਵਿਚ ਜੀਡੀਪੀ ਅਤੇ ਪ੍ਰਤੀ ਵਿਅਕਤੀ ਆਮਦਨ ਪੱਖੋਂ ਦੇਸ਼ ਵਿਚ ਪਹਿਲਾ ਸਥਾਨ, 2001 ਵਿਚ ਚੌਥਾ ਸਥਾਨ ਹੁੰਦਾ ਸੀ, ਵਿੱਤੀ ਵਰ੍ਹੇ 2020-21 ਦੇ ਅੰਕੜਿਆਂ ਅਨੁਸਾਰ ਪੰਜਾਬ 16 ਵੇਂ ਸਥਾਨ ਉੱਤੇ ਪਹੁੰਚ ਚੁੱਕਿਆ ਹੋਵੇ, ਉਸ ਪੰਜਾਬ ਦੀ ਸਨਅਤ ਦੀ ਸਥਿਤੀ ਦਾ ਅੰਦਾਜ਼ਾ ਸਹਿਜੇ ਹੀ ਲੱਗ ਜਾਂਦਾ ਹੈ। ਇਕ ਰਿਪੋਰਟ ਅਨੁਸਾਰ ਸਨਅਤੀ ਸ਼ਹਿਰ ਮੰਡੀ ਗੋਬਿੰਦਗੜ੍ਹ ਵਿਚ ਅੱਜ ਤੋਂ ਤਿੰਨ ਸਾਲ ਪਹਿਲਾਂ 300 ਫਰਨੇਸ ਹੁੰਦੇ ਸਨ, ਅੱਜ 150 'ਤੇ ਪਹੁੰਚ ਗਏ ਹਨ ਅਤੇ ਉਹ ਵੀ 50% ਸਮਰੱਥਾ ਤੇ ਕੰਮ ਕਰ ਰਹੇ ਹਨ।

ਖ਼ਬਰਾਂ ਹਨ ਕਿ ਪੰਜਾਬ ਦੀ ਸਨਅਤ ਉੱਤਰ ਪ੍ਰਦੇਸ਼ ਜਾਣ ਲਈ ਤਿਆਰ ਹੈ ਤੇ ਹਾਲ ਹੀ 'ਚ ਉਦਯੋਗਪਤੀਆਂ ਦਾ ਇਕ ਵਫ਼ਦ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੂੰ ਮਿਲਿਆ ਸੀ। ਉਨ੍ਹਾਂ ਨੇ ਯੂਪੀ ਸਰਕਾਰ ਨਾਲ ਲਗਪਗ 2 ਲੱਖ 30 ਹਜ਼ਾਰ ਕਰੋੜ ਰੁਪਏ ਦੇ ਸਮਝੌਤਿਆਂ 'ਤੇ ਦਸਤਖ਼ਤ ਕੀਤੇ ਹਨ। ਪੰਜਾਬ 'ਚ ਨਵੇਂ ਕਾਰਖਾਨੇ ਲੱਗ ਨਹੀਂ ਰਹੇ ਤੇ ਪੁਰਾਣੇ ਨੇੜਲੇ ਰਾਜਾਂ 'ਚ ਸ਼ਿਫਟ ਹੋ ਰਹੇ ਹਨ। ਅਸੀਂ ਇਸ ਆਲਮ ਨੂੰ ਕਿਉਂ ਪਹੁੰਚੇ, ਇਸ ਨੂੰ ਘੋਖਣ 'ਤੇ ਬਹੁਤ ਸਾਰੇ ਕਾਰਨ ਸਾਹਮਣੇ ਆਉਂਦੇ ਹਨ। ਸਭ ਤੋਂ ਪਹਿਲਾ ਕਾਰਨ ਹੈ ਰਾਜ ਦੀ ਅਮਨ-ਕਾਨੂੰਨ ਦੀ ਖ਼ਰਾਬ ਵਿਵਸਥਾ। ਪਿਛਲੀ ਸਦੀ ਦੇ 80ਵਿਆਂ 'ਚ ਪੰਜਾਬ ਜਿਹੜੇ ਦੌਰ 'ਚੋਂ ਲੰਘਿਆ, ਉਸ ਨੇ ਉਦਯੋਗਾਂ ਨੂੰ ਵੱਡੀ ਸੱਟ ਮਾਰੀ। ਉਸ ਦੌਰ ਵਰਗਾ ਹੀ ਦੌਰ ਗੈਂਗਵਾਦ ਦੇ ਨਾਂ ਥੱਲੇ ਅੱਜ-ਕੱਲ੍ਹ ਚੱਲ ਰਿਹਾ ਹੈ। ਨਿੱਤ ਫਿਰੌਤੀ ਦੀਆਂ ਕਾਲਾਂ, ਫਿਰੌਤੀ ਨਾ ਦੇਣ 'ਤੇ ਮਾਰ ਦੇਣ ਦੀਆਂ ਧਮਕੀਆਂ ਉਦਯੋਗਪਤੀਆਂ ਨੂੰ ਨਿਰ-ਉਤਸ਼ਾਹਤ ਕਰਦੀਆਂ ਹਨ। ਲਾਲ ਫੀਤਾਸ਼ਾਹੀ, ਇੰਸਪੈਕਟਰੀ ਰਾਜ ਤੇ ਹਰ ਪੱਧਰ 'ਤੇ ਭ੍ਰਿਸ਼ਟਾਚਾਰ ਵੀ ਉਦਯੋਗਿਕ ਤਰੱਕੀ ਦੇ ਰਾਹ ਦੀ ਰੁਕਾਵਟ ਬਣਦੇ ਹਨ। ਤੀਜਾ ਵੱਡਾ ਕਾਰਨ ਹੈ ਚੀਨ ਦੀਆਂ ਬਣੀਆਂ ਵਸਤਾਂ ਸਾਡੇ ਉਤਪਾਦਾਂ ਨਾਲੋਂ ਸਸਤੀਆਂ ਬਾਜ਼ਾਰ 'ਚ ਮੁਹੱਈਆ ਹਨ। ਇਸੇ ਲਈ ਅੱਜ 90% ਮਾਰਕੀਟ 'ਤੇ ਚੀਨੀਆਂ ਦਾ ਕਬਜ਼ਾ ਹੋ ਗਿਆ ਹੈ। ਪੰਜਾਬ 'ਚ ਬਿਜਲੀ ਗੁਆਂਢੀ ਰਾਜਾਂ ਨਾਲੋਂ ਮਹਿੰਗੀ ਹੈ। ਐੱਫਸੀਆਈ ਦੁਆਰਾ ਲੇਵੀ ਪ੍ਰਾਈਸ ਨੀਤੀ ਤਹਿਤ ਕੀਤੀ ਜਾਣ ਵਾਲੀ ਚੌਲਾਂ ਦੀ ਖ਼ਰੀਦ ਬੰਦ ਕਰ ਦੇਣ ਕਾਰਨ ਪੰਜਾਬ ਦੀ ਚੌਲ ਸਨਅਤ ਦਾ ਲੱਕ ਟੁੱਟ ਗਿਆ ਹੈ।

ਵਿੱਤ ਕਾਰਪੋਰੇਸ਼ਨਾਂ ਦੀ ਮਾੜੀ ਮਾਲੀ ਹਾਲਤ ਵੀ ਸਨਅਤਾਂ ਦੀ ਮਾੜੀ ਹਾਲਤ ਲਈ ਜ਼ਿੰਮੇਵਾਰ ਹੈ। ਕਈ ਗੁਆਂਢੀ ਰਾਜ ਉਦਯੋਗ ਨੂੰ ਹੁਲਾਰਾ ਦੇਣ ਲਈ ਕਈ ਵਾਰ ਪੰਜ ਸਾਲ ਤਕ ਦੇ ਟੈਕਸ ਹੋਲੀਡੇ ਦੀ ਸਹੂਲਤ ਦਿੰਦੇ ਹਨ ਜਦਕਿ ਪੰਜਾਬ ਇਸ ਸਥਿਤੀ ਵਿਚ ਨਹੀਂ ਹੈ। ਪੰਜਾਬ ਦੀ ਦੇਸ਼ ਦੇ ਬੰਦਰਗਾਹਾਂ ਤੋਂ ਦੂਰੀ ਵੀ ਉਦਯੋਗਿਕ ਤਰੱਕੀ ਵਿਚ ਰੁਕਾਵਟ ਬਣਦੀ ਹੈ ਕਿਉਂਕਿ ਮਾਲ ਦੀ ਢੋਆ-ਢੁਆਈ ਮਹਿੰਗੀ ਪੈਂਦੀ ਹੈ। ਦਸ ਮਾਰਚ 2023 ਨੂੰ ਪੇਸ਼ ਕੀਤੇ ਪੰਜਾਬ ਦੇ ਬਜਟ ਮੁਤਾਬਕ ਰਾਜ ਦੀ ਕੁੱਲ ਆਮਦਨ ਦਾ 35% ਤਨਖ਼ਾਹਾਂ, 18% ਪੈਨਸ਼ਨਾਂ ਅਤੇ 20% ਹੋਰ ਦੇਣਦਾਰੀਆਂ 'ਤੇ ਖ਼ਰਚ ਹੋ ਜਾਂਦਾ ਹੈ। ਵੋਟਾਂ ਦੇ ਲਾਲਚ ਹਿੱਤ ਜਨਤਾ ਨੂੰ ਮੁਫ਼ਤ ਬਿਜਲੀ, ਮੁਫ਼ਤ ਸਫ਼ਰ ਦੀ ਸਹੂਲਤ, ਖੇਤੀ ਖੇਤਰ ਲਈ ਫ੍ਰੀ ਬਿਜਲੀ ਵਰਗੀਆਂ ਮੁਫ਼ਤ ਦੀਆਂ ਰਿਉੜੀਆਂ ਰਾਜ ਦੇ ਖ਼ਜ਼ਾਨੇ ਨੂੰ ਖੋਰਾ ਲਾਉਂਦੀਆਂ ਹਨ ਤੇ ਰਾਜ ਦੇ ਸਨਅਤੀ ਵਿਕਾਸ ਲਈ ਬਹੁਤ ਘੱਟ ਫੰਡ ਬਚਦੇ ਹਨ। ਬੇਸ਼ੱਕ ਮੌਜੂਦਾ ਸਰਕਾਰ ਦਾ ਇੱਧਰ ਧਿਆਨ ਹੈ ਪਰ ਹਾਲੇ ਤਕ ਦੀ ਕਾਰਗੁਜ਼ਾਰੀ ਮਾੜੀ ਹੀ ਹੈ। ਸਰਕਾਰ ਨੇ ਸਨਅਤ ਦੇ ਵਿਕਾਸ ਵਿਚ ਸਹਾਈ ਕਾਨੂੰਨ-ਵਿਵਸਥਾ ਸੁਧਾਰਨ, ਛੋਟੀਆਂ ਤੇ ਦਰਮਿਆਨੇ ਦਰਜੇ ਦੀਆਂ ਸਨਅਤਾਂ ਦੀਆਂ ਲੋੜਾਂ ਦੀ ਪੂਰਤੀ ਹਿਤ ਸਿੰਗਲ ਵਿੰਡੋ ਸਕੀਮ ਤੇ ਬਾਹਰੀ ਨਿਵੇਸ਼ ਨੂੰ ਆਕਰਸ਼ਿਤ ਕਰਨ ਲਈ ਕੁਝ ਕਦਮ ਉਠਾਏ ਹਨ ਅਤੇ 40000 ਕਰੋੜ ਦਾ ਬਾਹਰੀ ਨਿਵੇਸ਼ ਆਉਣ ਦੀਆਂ ਖ਼ਬਰਾਂ ਵੀ ਹਨ ਪਰ ਇਸ ਦੇ ਨਤੀਜੇ ਹਾਲੇ ਸਾਹਮਣੇ ਆਉਣ ਨੂੰ ਸਮਾਂ ਲੱਗੇਗਾ।

# ਮਨੁੱਖ ਨੂੰ ਬਹੁਤ ਮਹਿੰਗਾ ਪੈ ਰਿਹੈ ਕੁਦਰਤ ਨਾਲ ਭਾਰੀ ਖਿਲਵਾੜ

ਉੱਤਰਾਖੰਡ ਦੀ ਤਬਾਹੀ ਤੋਂ ਅਸੀਂ ਕੁਝ ਨਹੀਂ ਸਿੱਖਿਆ। ਇਸੇ ਲਈ ਹਿਮਾਚਲ ਪ੍ਰਦੇਸ਼ 'ਚ ਉਹੀ ਸਾਰਾ ਕੁਝ ਦੁਹਰਾਇਆ ਜਾ ਰਿਹਾ ਹੈ। ਹਿਮਾਚਲ 'ਚ ਤਾਂ ਜਾਨੀ-ਮਾਲੀ ਨੁਕਸਾਨ ਹੋ ਹੀ ਰਿਹਾ ਹੈ, ਇਸ ਦਾ ਖਮਿਆਜ਼ਾ ਗੁਆਂਢੀ ਸੂਬੇ ਪੰਜਾਬ ਨੂੰ ਵੀ ਭੁਗਤਣਾ ਪੈ ਰਿਹਾ ਹੈ। ਕੁਦਰਤ ਨਾਲ ਛੇੜਛਾੜ ਦਾ ਨਤੀਜਾ ਇਹ ਹੋਇਆ ਕਿ ਇਸ ਵਾਰ ਬਰਸਾਤ ਦੇ ਮੌਸਮ 'ਚ ਹਿਮਾਚਲ ਪ੍ਰਦੇਸ਼ 'ਚ ਭਾਰੀ ਮੀਂਹ ਨੇ ਕਹਿਰ ਵਰ੍ਹਾਇਆ ਹੈ। ਖ਼ਾਸ ਤੌਰ 'ਤੇ ਮੰਡੀ, ਸ਼ਿਮਲਾ, ਹਮੀਰਪੁਰ, ਕਾਂਗੜਾ ਤੇ ਬਿਲਾਸਪੁਰ ਜ਼ਿਲ੍ਹੇ ਵੱਧ ਤਬਾਹੀ ਦੇ ਸ਼ਿਕਾਰ ਹੋਏ। ਸੂਬੇ 'ਚ ਆਮ ਤੋਂ 111% ਵੱਧ ਮੀਂਹ ਪਿਆ। ਇਸ ਸਦਕਾ ਹਰ ਪਾਸੇ ਤਬਾਹੀ ਦਾ ਮੰਜ਼ਰ ਹੈ। ਪਹਾੜਾਂ ਦੀ ਲਾਈਫਲਾਈਨ ਕਹਾਉਣ ਵਾਲੀਆਂ 900 ਤੋਂ ਵੱਧ ਸੜਕਾਂ, 1135 ਬਿਜਲੀ ਦੇ ਟਰਾਂਸਫਾਰਮਰ ਤੇ 285 ਪੀਣ ਵਾਲੇ ਪਾਣੀਆਂ ਦੀਆਂ ਯੋਜਨਾਵਾਂ ਠੱਪ ਹੋ ਗਈਆਂ। ਸੜਕਾਂ ਬੰਦ ਹੋਣ ਨਾਲ 1800 ਤੋਂ ਵੱਧ ਰੂਟਾਂ 'ਤੇ ਸੇਵਾਵਾਂ ਬੰਦ ਹੋ ਗਈਆਂ। ਸੂਬੇ ਵਿਚ ਆਮ ਤੌਰ 'ਤੇ ਹਰ ਸਾਲ 11



ਤੋਂ 17 ਅਗਸਤ ਤਕ ਔਸਤਨ 64 ਮਿਲੀਮੀਟਰ ਆਮ ਬਾਰਿਸ਼ ਹੁੰਦੀ ਹੈ ਪਰ ਇਸ ਵਾਰ 135.1 ਐੱਮਐੱਮ ਮੀਂਹ ਪਿਆ। ਪਹਾੜਾਂ 'ਤੇ ਇਸ ਬਾਰਿਸ਼ ਨਾਲ 7,482 ਕਰੋੜ ਰੁਪਏ ਦੀ ਨਿੱਜੀ ਤੇ ਸਰਕਾਰੀ ਜਾਇਦਾਦ ਤਬਾਹ ਹੋ ਗਈ ਹੈ। ਇਕੱਲੇ ਜਲ ਸ਼ਕਤੀ ਵਿਭਾਗ ਦੀ 1842.60 ਕਰੋੜ, ਪੀਡਬਲਯੂਡੀ ਦੀ 2491.26 ਕਰੋੜ, ਬਿਜਲੀ ਬੋਰਡ ਦੀ 1505.73 ਕਰੋੜ ਰੁਪਏ ਦੀ ਜਾਇਦਾਦ ਤਬਾਹ ਹੋਈ ਹੈ। ਲੋਕਾਂ ਦੇ 1,792 ਘਰ ਪੂਰੀ ਤਰ੍ਹਾਂ ਨਾਲ ਅਤੇ 8,952 ਘਰ ਮਾਮੂਲੀ ਨੁਕਸਾਨੇ ਗਏ ਹਨ। ਸਭ ਤੋਂ ਵੱਡੀ ਗੱਲ ਇਹ ਹੈ ਕਿ 300 ਤੋਂ ਵੱਧ ਲੋਕਾਂ ਦੀਆਂ ਜਾਨਾਂ ਚਲੀਆਂ ਗਈਆਂ। ਇਹ ਤਾਂ ਅੰਦਾਜ਼ੇ ਹਨ, ਨੁਕਸਾਨ ਸ਼ਾਇਦ ਇਸ ਤੋਂ ਕਿਤੇ ਵੱਧ ਹੈ। ਕੁਦਰਤ ਨਾਲ ਛੇੜਛਾੜ ਦੇ ਨਤੀਜੇ ਭੁਗਤਣੇ ਹੀ ਪੈਣੇ ਹਨ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕੁਦਰਤ ਨਾਲ ਛੇੜਛਾੜ ਕਿਉਂ ਤੇ ਕਿਵੇਂ ਹੋਈ? ਕੀ ਉੱਤਰਾਖੰਡ ਜਾਂ ਹਿਮਾਚਲ ਵਿਚ ਰਾਤੋ-ਰਾਤ ਕੁਦਰਤ ਨਾਲ ਛੇੜਛਾੜ ਹੋ ਗਈ ਜਾਂ ਫਿਰ ਇੱਥੋਂ ਤਕ ਤਬਾਹੀ ਦੀ ਕਗਾਰ 'ਤੇ ਪਹੁੰਚਣ 'ਚ ਬਹੁਤ ਸਾਲ ਲੱਗ ਗਏ।

ਮਾਹਰਾਂ ਦੀ ਮੰਨੀਏ ਤਾਂ ਪਹਾੜਾਂ 'ਚ ਗ਼ੈਰ-ਵਿਗਿਆਨਕ ਨਿਰਮਾਣ ਤੇ ਘਟਦਾ ਜੰਗਲੀ ਖੇਤਰ ਹਿਮਾਲਿਆ ਦੀ ਉਮਰ ਘਟਾ ਰਿਹਾ ਹੈ। ਇਸ ਦੇ ਸਿੱਟੇ ਵਜੋਂ ਹੀ ਪਹਾੜ ਡਿੱਗ ਰਹੇ ਹਨ। ਹਿਮਾਚਲ 'ਚ ਦੋ ਸਾਲ ਵਿਚ ਪਹਾੜ ਧਸਣ ਦੀਆਂ ਘਟਨਾਵਾਂ ਛੇ ਗੁਣਾ ਵਧ ਗਈਆਂ ਹਨ। ਇਸ ਮੌਨਸੂਨ ਦੇ 55 ਦਿਨਾਂ ਵਿਚ 113 ਵਾਰ ਪਹਾੜ ਧਸਣ ਦੀਆਂ ਘਟਨਾਵਾਂ ਹੋਈਆਂ ਹਨ। ਪੂਰੇ ਸੂਬੇ 'ਚ ਅਜਿਹੇ ਖੇਤਰ 17,120 ਹੋ ਗਏ ਹਨ। ਇਨ੍ਹਾਂ 'ਚ ਵੀ 675 ਲਾਗੇ ਇਨਸਾਨੀ ਬਸਤੀਆਂ ਹਨ। ਪ੍ਰਸਿੱਧ ਵਾਤਾਵਰਨ ਪ੍ਰੇਮੀ ਸੁੰਦਰ ਲਾਲ ਬਹੁਗੁਣਾ ਚਿਪਕੋ ਅੰਦੋਲਨ ਦੇ ਮੁਖੀ ਸਨ। ਉਨ੍ਹਾਂ ਦਾ ਉਦੇਸ਼ ਸੀ ਹਿਮਾਲਿਆ 'ਚ ਜੰਗਲਾਂ ਦੀ ਕਟਾਈ ਨੂੰ ਰੋਕ ਕੇ ਵੱਡੀ ਬਰਬਾਦੀ ਤੋਂ ਬਚਾਉਣਾ। ਸੱਤਰਵਿਆਂ 'ਚ ਸ਼ੁਰੂ ਹੋਏ ਇਸ ਅੰਦੋਲਨ ਵਿਚ ਲੋਕ ਦਰਖਤਾਂ ਨੂੰ ਚਿਪਕ ਜਾਂਦੇ ਸਨ ਤਾਂ ਕਿ ਉਨ੍ਹਾਂ ਨੂੰ ਕੱਟਿਆ ਨਾ ਜਾ ਸਕੇ। ਇਸ ਕਾਰਨ ਹੀ ਇਸ ਅੰਦੋਲਨ ਦਾ ਨਾਂ ਚਿਪਕੋ ਅੰਦੋਲਨ ਪਿਆ ਸੀ। ਮਗਰੋਂ ਉਹ ਵੱਡੇ ਡੈਮਾਂ ਕਾਰਨ ਵਾਤਾਵਰਨ ਨੂੰ ਹੋਣ ਵਾਲੇ ਨੁਕਸਾਨਾਂ ਖ਼ਿਲਾਫ਼ ਵੀ ਲੜਦੇ ਰਹੇ। ਬੇਸ਼ੱਕ ਇਨ੍ਹਾਂ ਅੰਦੋਲਨਾਂ ਦਾ ਵਕਤੀ ਅਸਰ ਹੋਇਆ ਪਰ ਮਨੁੱਖ ਦੀ ਲਾਲਸਾ ਤੇ ਅੰਨ੍ਹੇਵਾਹ ਵਿਕਾਸ ਦੇ ਜਨੂੰਨ ਨੇ ਹਿਮਾਲਿਆ ਦਾ ਬਹੁਤ ਨੁਕਸਾਨ ਕੀਤਾ। ਇਸ ਦਾ ਹੀ ਖਮਿਆਜ਼ਾ ਅੱਜ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ। ਹਿਮਾਚਲ ਦੀ ਤ੍ਰਾਸਦੀ 'ਤੇ ਸਿਆਸੀ ਪਾਰਟੀਆਂ ਆਪੋ-ਆਪਣੀ ਸਿਆਸਤ ਖੇਡ ਰਹੀਆਂ ਹਨ। ਜੇ ਸਮਾਂ ਰਹਿੰਦਿਆਂ ਸਬਕ ਨਾ ਸਿੱਖੇ ਗਏ ਤਾਂ ਭਵਿੱਖ ਵਿਚ ਕੁਦਰਤ ਕਿਸੇ ਨਾ ਕਿਸੇ ਰੂਪ 'ਚ ਸਬਕ ਸਿਖਾ ਹੀ ਦੇਵੇਗੀ।

# ਮਸਲਾ ਭਾਰਤੀ ਅਰਥਚਾਰੇ ਦੇ ਦੂਨੀਆ ਵਿੱਚ ਤੀਜੇ ਨੰਬਰ ਦਾ

**(ਸਫਾ 6 ਦੀ ਬਾਕੀ)**

ਬਹੁਤ ਹੀ ਨੀਵੇਂ ਪੱਧਰ ਤੇ ਹੈ। ਭਾਰਤ ਦੀ ਪ੍ਰਤੀ ਵਿਅਕਤੀ ਆਮਦਨ 2013-14 ਵਿੱਚ 1438 ਅਮਰੀਕੀ ਡਾਲਰ ਤੋਂ ਵੱਧ ਕੇ 2022-23 ਵਿੱਚ 2389 ਡਾਲਰ ਹੀ ਹੋਈ ਹੈ। ਇਹਨਾਂ ਦੇਸ਼ਾਂ ਦੇ ਬਾਕੀ ਆਰਥਿਕ ਸੂਚਕ ਅੰਕ ਜਿਵੇਂ ਕਿ ਰੁਜ਼ਗਾਰ ਦੀ ਦਰ, ਮਨੁੱਖੀ ਵਿਕਾਸ ਸੂਚਕ ਅੰਕ, ਭੁੱਖਮਰੀ ਸੂਚਕ ਅੰਕ, ਵੱਡੇ ਪੱਧਰ ਦੀਆਂ ਆਰਥਿਕ ਅਸਮਾਨਤਾਵਾਂ ਤੇ ਨਾਬਰਾਬਰੀਆ ਵੀ ਭਾਰਤ ਨਾਲੋਂ ਕਿਤੇ ਬੇਹਤਰੀਨ ਹਨ। ਇਸ ਤੋਂ ਸਾਫ ਹੋ ਜਾਂਦਾ ਹੈ ਕਿ ਭਾਰਤ ਉਦੋਂ ਹੀ ਖੁਸ਼ਹਾਲ ਦੇਸ਼ ਬਣ ਸਕਦਾ ਹੈ ਜਦੋਂ ਪ੍ਰਤੀ ਵਿਅਕਤੀ ਆਮਦਨ ਦੁਨੀਆ ਵਿੱਚ ਉੱਚੀ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ ਵਿੱਚ ਸ਼ਾਮਲ ਹੋ ਜਾਵੇਗਾ ਅਤੇ ਦੇਸ਼ ਵਿੱਚੋ ਗਰੀਬੀ, ਬੇਰੁਜ਼ਗਾਰੀ, ਭੁੱਖਮਰੀ ਅਤੇ ਆਰਥਿਕ ਨਾਬਰਾਬਰੀਆ ਖ਼ਤਮ ਹੋ ਜਾਣਗੀਆਂ, ਨਾ ਕਿ ਉਦੋਂ ਜਦੋਂ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਤੀਜੇ ਜਾਂ ਪਹਿਲੇ ਸਥਾਨ ਤੇ ਆ ਜਾਵੇਗਾ।

ਅਜਿਹਾ ਕਰਨ ਲਈ ਦੇਸ਼ ਵਿੱਚ ਮੌਜੂਦਾ ਕੇਂਦਰੀ ਸਰਕਾਰ ਦੁਆਰਾ ਚਲਾਈਆਂ ਜਾ ਰਹੀ ਆਰਥਿਕ ਨੀਤੀਆਂ, ਜਿਹੜੀਆਂ ਕਿ ਸਰਮਾਏਦਾਰਾਂ, ਪੂੰਜੀਪਤੀਆਂ, ਅਮੀਰਾਂ ਅਤੇ ਕਾਰਪੋਰੇਟਾ ਦਾ ਪੱਖ ਪੂਰ ਰਹੀਆਂ ਹਨ, ਨੂੰ ਆਮ ਲੋਕਾਂ ਦੇ ਹਿੱਤਾਂ ਵਿੱਚ ਬਦਲਣਾ ਪਵੇਗਾ। ਕੇਂਦਰੀ ਸਰਕਾਰ ਕੇਵਲ ਨੀਤੀਆਂ ਹੀ ਅਮੀਰਾਂ ਲਈ ਨਹੀਂ ਬਣਾ ਰਹੀ ਸਗੋਂ ਉਹ ਤਾਂ ਨਵੇਂ ਕਾਨੂੰਨ ਅਤੇ ਮੌਜੂਦਾ ਕਾਨੂੰਨਾਂ ਵਿਚ ਤਰਮੀਮਾਂ ਵੀ ਕਾਰਪੋਰੇਟਾ ਅਤੇ ਪੂੰਜੀਪਤੀਆਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਉਨ੍ਹਾਂ ਨੂੰ ਲਾਭ ਪਹੁੰਚਾਉਣ ਲਈ ਕਰ ਰਹੀ ਹੈ। ਜੇਕਰ ਵੱਧਦੇ ਕੁੱਲ ਘਰੇਲੂ ਪੈਦਾਵਾਰ ਦਾ ਲਾਭ ਦੇਸ਼ ਦੇ ਆਮ ਲੋਕਾਂ ਤੱਕ ਪਹੁੰਚਾਉਣਾ ਹੈ ਤਾਂ ਕੇਵਲ ਢੰਢੋਰਾ ਪਿੱਟਣ ਨਾਲ ਸਿਆਸੀ ਲਾਹਾ ਤਾਂ ਖੱਟਿਆ ਜਾ ਸਕਦਾ ਹੈ ਪਰ ਜ਼ਮੀਨੀ ਪੱਧਰ ਤੇ ਆਮ ਲੋਕਾਂ ਲਈ ਕੁੱਝ ਵੀ ਨਹੀਂ ਬਦਲੇਗਾ। ਇਸ ਲਈ ਸਭ ਤੋਂ ਪਹਿਲਾਂ ਆਉਣ ਵਾਲੇ ਸਮੇਂ ਵਿੱਚ ਬਰਾਬਰੀ ਦੀ ਵੰਡ ਦੇ ਆਧਾਰ ਤੇ ਉੱਚੀ ਆਰਥਿਕ ਤਰੱਕੀ ਦੀ ਦਰ ਹਾਸਲ ਕਰਨਾ ਪਵੇਗਾ। ਭਾਵ ਆਰਥਿਕ ਤਰੱਕੀ ਨਾਲ ਵਧਿਆ ਕੁੱਲ ਘਰੇਲੂ ਪੈਦਾਵਾਰ ਕੁੱਝ ਅਮੀਰਾਂ ਦੇ ਹੱਥਾਂ ਵਿੱਚ ਹੀ ਨਾ ਰਹਿ ਜਾਵੇ ਸਗੋਂ ਵਧੀ ਹੋਈ ਪੈਦਾਵਾਰ ਦਾ ਬਰਾਬਰ ਲਾਭ ਦੇਸ਼ ਦੇ ਆਮ ਲੋਕਾਂ ਤੱਕ ਵੀ ਪਹੁੰਚਣਾ ਚਾਹੀਦਾ ਹੈ। ਇਸ ਦੇ ਨਾਲ ਹੀ ਦੇਸ਼ ਵਿੱਚ ਬਹੁਤ ਵੱਡੇ ਪੱਧਰ ਤੇ ਲਾਭਕਾਰੀ ਰੁਜ਼ਗਾਰ ਵੀ ਆਮ ਲੋਕਾਂ ਲਈ ਪੈਦਾ ਕਰਨਾ ਪਵੇਗਾ ਕਿਉਂਕਿ ਭਾਰਤ ਵਿਚ ਬਹੁਤ ਵੱਡੇ ਪੱਧਰ ਤੇ ਆਮ ਬੇਰੁਜ਼ਗਾਰੀ ਹੈ। ਇਹ ਵੀ ਵੇਖਣ ਵਿੱਚ ਆਇਆ ਹੈ ਕਿ ਦੇਸ਼ ਵਿੱਚ ਸਿਹਤ ਅਤੇ ਸਿੱਖਿਆ ਦੀਆਂ ਸਹੂਲਤਾਂ ਦੀ ਬਹੁਤ ਘਾਟ ਹੈ ਅਤੇ ਉਹ ਸਮੇਂ ਦੇ ਹਾਣਦੀਆਂ ਨਹੀਂ ਹਨ ਜਿਸ ਕਾਰਨ ਦੇਸ਼ ਦੇ ਸਿਹਤ ਅਤੇ ਸਿੱਖਿਆ ਨਾਲ ਸਬੰਧਤ ਸੂਚਕ ਅੰਕ ਵੀ ਦੁਨੀਆ ਦੇ ਉਪਰਲੇ ਦੇਸ਼ਾਂ ਮੁਕਾਬਲੇ ਵਿਚ ਬਹੁਤ ਪਿਛੜੇ ਹੋਏ ਹਨ। ਅਜਿਹਾ ਕਰਨ ਲਈ ਦੇਸ਼ ਵਿੱਚ ਸਰਕਾਰ ਨੂੰ ਅਸਲ ਨਿਵੇਸ਼ ਨੂੰ ਵਧਾਉਣਾ ਪਵੇਗਾ।

ਉਪਰੋਕਤ ਵਿਸ਼ਲੇਸ਼ਣ ਸਪੱਸ਼ਟ ਕਰਦਾ ਹੈ ਕਿ ਭਾਰਤ ਭਾਵੇਂ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਦੁਨੀਆ ਵਿੱਚ ਪਹਿਲੇ ਸਥਾਨ ਤੇ ਵੀ ਆ ਜਾਵੇ ਪਰ ਇਸ ਦੇ ਕੋਈ ਮਾਅਨੇ ਨਹੀਂ ਹੋਣਗੇ। ਜਦੋਂ ਤੱਕ ਦੇਸ਼ ਦੇ ਲੋਕਾਂ ਦੀ ਪ੍ਰਤੀ ਵਿਅਕਤੀ ਆਮਦਨ ਵਿੱਚ ਚੋਖਾ ਵਾਧਾ ਨਹੀਂ ਹੁੰਦਾ ਅਤੇ ਨਾਲ ਹੀ ਮਨੁੱਖੀ ਵਿਕਾਸ ਨੂੰ ਸਮੇਂ ਦੇ ਹਾਣਦਾ ਨਹੀਂ ਬਣਾਇਆ ਜਾਂਦਾ। ਦੇਸ਼ ਵਿੱਚੋ ਭੁੱਖਮਰੀ ਦੇ ਖ਼ਾਤਮੇ, ਗਰੀਬੀ ਦੇ ਖਾਤਮੇ ਅਤੇ ਕੁੱਲ ਘਰੇਲੂ ਪੈਦਾਵਾਰ ਦੀ ਕਾਣੀ ਵੰਡ ਦੇ ਖ਼ਾਤਮੇ ਦੇ ਉਦੇਸ਼ਾਂ ਦੀ ਪ੍ਰਾਪਤੀ ਨਹੀਂ ਹੁੰਦੀ ਉਦੋਂ ਤੱਕ ਦੇਸ਼ ਦੇ ਆਮ ਲੋਕਾਂ ਨੂੰ ਭਾਰਤ ਦੇ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਦੁਨੀਆਂ ਦੇ ਪਹਿਲੇ ਜਾਂ ਤੀਜੇ ਦਰਜੇ ਦਾ ਮੁਲਕ ਬਨਣ ਦਾ ਕੋਈ ਲਾਭ ਨਹੀਂ ਹੋਵੇਗਾ।

# ਭਾਰਤ ਵਿਰੁੱਧ ਚੀਨ ਦੀ ਇਕ ਹੋਰ ਖ਼ਤਰਨਾਕ ਚਾਲ



ਵਿਜੈ ਕ੍ਰਾਂਤੀ

ਹਾਲ ਹੀ ’ਚ ‘ਨਿਊਯਾਰਕ ਟਾਈਮਜ਼’ ’ਚ ਛਪੀ ਖ਼ਬਰ ਨੇ ਭਾਰਤੀ ਰਾਜਨੀਤੀ ’ਚ ਭੂਚਾਲ ਲਿਆ ਦਿੱਤਾ। ਅਖ਼ਬਾਰ ਅਨੁਸਾਰ ਅਮਰੀਕੀ ਉਦਯੋਗਪਤੀ ਨੇਵੇਲ ਰਾਏ ਸਿੰਘਮ ਅਮਰੀਕਾ, ਬ੍ਰਿਟੇਨ, ਦੱਖਣੀ ਅਫਰੀਕਾ ਤੇ ਬ੍ਰਾਜ਼ੀਲ ਜਿਹੇ ਕਈ ਦੇਸ਼ਾਂ ਤੋਂ ਇਲਾਵਾ ਭਾਰਤ ’ਚ ਵੀ ਚੀਨ ਸਰਕਾਰ ਤੇ ਚੀਨੀ ਕਮਿਊਨਿਸਟ ਪਾਰਟੀ ਦੀ ਪ੍ਰਾਪੇਗੰਡਾ ਮੁਹਿੰਮ ਚਲਾਉਂਦਾ ਹੈ।

‘ਨਿਊਯਾਰਕ ਟਾਈਮਜ਼’ ਦੀ ਇਸ ਖੋਜੀ ਰਿਪੋਰਟ ’ਚ ਦੱਸਿਆ ਗਿਆ ਹੈ ਕਿ ਸਿੰਘਮ ਨੇ ਕਰੋੜਾਂ ਡਾਲਰ ਖ਼ਰਚ ਕਰ ਕੇ ਜਿਨ੍ਹਾਂ ਖ਼ਬਰੀ ਮਾਧਿਅਮਾਂ ਦੀ ਵਰਤੋਂ ਕੀਤੀ, ਉਨ੍ਹਾਂ ’ਚ ਭਾਰਤ ’ਚ ਸਰਗਰਮ ਇਕ ਖ਼ਬਰੀ ਵੈੱਬਸਾਈਟ ‘ਨਿਊਜ਼ਕਲਿੱਕ’ ਵੀ ਸ਼ਾਮਲ ਹੈ। ਇਸ ਤੋਂ ਪਹਿਲਾਂ ਭਾਰਤੀ ਸੁਰੱਖਿਆ ਏਜੰਸੀਆਂ ਨੇ ਵੀ 2021 ’ਚ ‘ਨਿਊਜ਼ਲਿੱਕ’ ’ਤੇ ਚੀਨ ਦੀ ਹਮਾਇਤ ਤੇ ਭਾਰਤੀ ਹਿੱਤਾਂ ਵਿਰੁੱਧ ਕੂੜ ਪ੍ਰਚਾਰ ਦੇ ਮਾਮਲੇ ’ਚ ਸ਼ਿਕੰਜਾ ਕੱਸਿਆ ਸੀ।

ਉਦੋਂ ਕਾਂਗਰਸ ਸਮੇਤ ਕਈ ਵਿਰੋਧੀ ਪਾਰਟੀਆਂ ਨੇ ਉਸ ਕਾਰਵਾਈ ਨੂੰ ਮੋਦੀ ਸਰਕਾਰ ਖ਼ਿਲਾਫ਼ ਖ਼ਬਰੀ ਮਾਧਿਅਮਾਂ ਦੀ ਆਜ਼ਾਦੀ ਦਾ ਗਲ ਘੁੱਟਣ ਤੇ ਲੋਕਤੰਤਰ ਨੂੰ ਬਰਬਾਦ ਕਰਨ ਦੇ ਨਾਂ ’ਤੇ ਜ਼ੋਰਦਾਰ ਮੁਹਿੰਮ ਚਲਾਈ ਸੀ। ਹੁਣ ਭਾਰਤੀ ਏਜੰਸੀਆਂ ਦੇ ਉਸੇ ਦੋਸ਼ ਦੀ ਪੁਸ਼ਟੀ ‘ਨਿਊਯਾਰਕ ਟਾਈਮਜ਼’ ਨੇ ਕੀਤੀ ਹੈ। ਇਹ ਉਹੋ ਅਖ਼ਬਾਰ ਹੈ, ਜੋ ਮੋਦੀ ਸਰਕਾਰ ਨੂੰ ਅਕਸਰ ਨਿਸ਼ਾਨੇ ’ਤੇ ਲੈਂਦਾ ਰਹਿੰਦਾ ਹੈ। ਇਸ ਸਮੇਂ ਸੁਭਾਵਿਕ ਸੀ ਕਿ ‘ਨਿਊਯਾਰਕ ਟਾਈਮਜ਼’ ਦੀ ਰਿਪੋਰਟ ’ਤੇ ਭਾਜਪਾ ਤੇ ਮੋਦੀ ਸਰਕਾਰ ਦੇ ਕਈ ਮੰਤਰੀਆਂ ਨੇ ਸੰਸਦ ਦੇ ਅੰਦਰ ਤੇ ਬਾਹਰ ਕਾਂਗਰਸ ’ਤੇ ਹੱਲਾ ਬੋਲ ਦਿੱਤਾ। ‘ਨਿਊਯਾਰਕ ਟਾਈਮਜ਼’ ਅਨੁਸਾਰ ਸਿੰਘਮ ਇਕ ਅਮਰੀਕੀ ਕਾਰੋਬਾਰੀ ਹੈ, ਜੋ ਅਮਰੀਕਾ ਦੀਆਂ ਕੱਟੜਪੰਥੀ ਅਤੇ ਮਾਓਵਾਦੀ ਜਥੇਬੰਦੀਆਂ ਨਾਲ ਸਰਗਰਮ ਤੌਰ ’ਤੇ ਜੁੜਿਆ ਹੋਇਆ ਹੈ।

ਚੀਨੀ ਸਫ਼ਾਰਤਖ਼ਾਨੇ ਵੱਲੋਂ ਰਾਜੀਵ ਗਾਂਧੀ ਫਾਊਂਡੇਸ਼ਨ ਨੂੰ ਮੋਟਾ ਪੈਸਾ ਦਿੱਤੇ ਜਾਣ ਅਤੇ ਡੋਕਲਾਮ ਵਿਵਾਦ ਦੌਰਾਨ ਰਾਹੁਲ ਗਾਂਧੀ ਵੱਲੋਂ ਚੀਨੀ ਰਾਜਦੂਤ ਨਾਲ ਮੁਲਾਕਾਤ ਦੇ ਦੋਸ਼ਾਂ ’ਚ ਕਾਂਗਰਸ ਪਹਿਲਾਂ ਹੀ ਘਿਰੀ ਹੋਈ ਹੈ। ‘ਨਿਊਜ਼ਕਲਿੱਕ’ ਮਾਮਲੇ ਨੇ ਉਸ ਲਈ ਹੋਰ ਮੁਸ਼ਕਲਾਂ ਪੈਦਾ ਕਰ ਦਿੱਤੀਆਂ ਹਨ। ਇਸ ਲਈ ਹੈਰਾਨੀ ਦੀ ਗੱਲ ਨਹੀਂ ਕਿ ਇਹ ਮਾਮਲਾ ਸਾਹਮਣੇ ਆਉਂਦਿਆਂ ਹੀ ਕੇਂਦਰੀ ਸੂਚਨਾ ਤੇ ਪ੍ਰਸਾਰਣ ਮੰਤਰੀ ਅਨੁਰਾਗ ਠਾਕੁਰ ਨੇ ਕਿਹਾ ਕਿ ਚੀਨ ਸਰਕਾਰ, ‘ਨਿਊਜ਼ਕਲਿੱਕ’ ਤੇ ਕਾਂਗਰਸ ਪਾਰਟੀ ਇਕ ਹੀ ਗਰਭਨਾਲ ਨਾਲ ਜੁੜੇ ਹੋਏ ਹਨ।

ਭਾਜਪਾ ਦੇ ਸੰਸਦ ਮੈਂਬਰ ਨਿਸ਼ੀਕਾਂਤ ਦੂਬੇ ਨੇ ਕਿਹਾ ਕਿ ‘ਨਿਊਜ਼ਕਲਿੱਕ’ ਨੇ ਵਿਦੇਸ਼ ਤੋਂ ਮਿਲੇ 38 ਕਰੋੜ ਰੁਪਏ ਨਾਲ ਦੇਸ਼ ਨੂੰ ਬਦਨਾਮ ਕਰਨ ਦੀ ਮੁਹਿੰਮ ਚਲਾਈ ਅਤੇ ਇਹ ਭਾਰਤ ਵਿਰੋਧੀ ਟੁਕੜੇ-ਟੁਕੜੇ ਗੈਂਗ ਦਾ ਹੀ ਹਿੱਸਾ ਹੈ। ਇਸ ਵਿਵਾਦ ਦਾ ਮੰਦਭਾਗਾ ਪਹਿਲੂ ਇਹ ਰਿਹਾ ਕਿ ਦੇਸ਼ ਦਾ ਅਕਸ ਵਿਗਾੜਨ, ਭਾਰਤ ’ਚ ਚੀਨ ਦੀ ਹਮਾਇਤ ’ਚ ਮਾਹੌਲ ਬਣਾਉਣ ਤੇ ਭਾਰਤੀ ਲੋਕਤੰਤਰ ਨੂੰ ਕਮਜ਼ੋਰ ਕਰਨ ਲਈ ਚੀਨ ਸਰਕਾਰ ਵੱਲੋਂ ਚਲਾਈ ਜਾ ਰਹੀ



ਮੁਹਿੰਮ ਦਾ ਜ਼ਿਆਦਾ ਜ਼ਰੂਰੀ ਮੁੱਦਾ ਚਰਚਾ ਦੇ ਕੇਂਦਰ ’ਚੋਂ ਬਾਹਰ ਹੋ ਗਿਆ।

‘ਨਿਊਯਾਰਕ ਟਾਈਮਜ਼’ ਦੀ ਰਿਪੋਰਟ ’ਚ ਇਹ ਸਾਹਮਣੇ ਆਇਆ ਕਿ ਚੀਨ ਸਰਕਾਰ ਦੁਨੀਆ ਭਰ ’ਚ ਚੀਨ ਵਿਰੋਧੀ ਭਾਵਨਾਵਾਂ ਤੋਂ ਧਿਆਨ ਹਟਾਉਣ ਅਤੇ ਚੀਨ ਹਮਾਇਤੀ ਮਾਹੌਲ ਤਿਆਰ ਕਰਨ ਲਈ ਕਈ ਸਵੈ-ਸੇਵੀ ਜਥੇਬੰਦੀਆਂ, ਮੀਡੀਆ ਅਦਾਰਿਆਂ ਤੇ ਪੱਤਰਕਾਰਾਂ ’ਤੇ ਅਰਬਾਂ ਡਾਲਰ ਖ਼ਰਚ ਕਰ ਰਹੀ ਹੈ। ਇਸ ਤੋਂ ਪਹਿਲਾਂ 2021 ’ਚ ਭਾਰਤੀ ਨਿਆਂਸ਼ਾਸਤਰੀਆਂ, ਪੱਤਰਕਾਰਾਂ ਤੇ ਖੋਜਾਰਥੀਆਂ ਦੀ ਜਥੇਬੰਦੀ ‘ਲਾਅ ਐਂਡ ਸੁਸਾਇਟੀ’ ਨੇ ਭਾਰਤ ’ਚ ਚੀਨ ਸਰਕਾਰ ਵੱਲੋਂ ਚਲਾਈ ਜਾ ਰਹੀ ਪ੍ਰਾਪੇਗੰਡਾ ਮੁਹਿੰਮ ਦੇ ਕਈ ਪਹਿਲੂਆਂ ਦਾ ਵਿਸਥਾਰਤ ਅਧਿਐਨ ਕਰ ਕੇ ‘ਮੈਪਿੰਗ ਚਾਇਨੀਜ਼ ਫੁਟਪ੍ਰਿੰਟ ਐਂਡ ਇਨਫਲੂੰਐਂਸ ਆਪ੍ਰੇਸ਼ਨਜ਼ ਇਨ ਇੰਡੀਆ’ ਸਿਰਲੇਖ ਹੇਠ ਰਿਪੋਰਟ ਜਾਰੀ ਕੀਤੀ ਸੀ। ਉਸ ’ਚ ਵਪਾਰ, ਰਾਜਨੀਤੀ ਤੇ ਜਾਸੂਸੀ ਜਿਹੇ ਖੇਤਰਾਂ ਤੋਂ ਇਲਾਵਾ ਸਿਨੇਮਾ, ਮੀਡੀਆ, ਥਿੰਕ ਟੈਂਕ ਅਤੇ ਯੂਨੀਵਰਸਿਟੀਆਂ ’ਚ ਚੀਨ ਦੀ ਡੂੰਘੀ ਘੁਸਪੈਠ ਦਾ ਲੇਖਾ-ਜੋਖਾ ਕੀਤਾ ਗਿਆ ਸੀ। ਉਸ ਰਿਪੋਰਟ ਅਨੁਸਾਰ ਚੀਨ ਦੀ ਸਰਕਾਰ ਸਿਉਂਕ ਦੀ ਤਰ੍ਹਾਂ ਲਗਭਗ ਪੂਰੇ ਭਾਰਤੀ ਅਰਥਚਾਰੇ ਅੰਦਰ ਦਾਖ਼ਲ ਹੋਣ ਦੀ ਮੁਹਿੰਮ ਛੇੜ ਚੁੱਕੀ ਹੈ ਤੇ ਜੇ ਸਰਕਾਰ ਤੇ ਸਮਾਜ ਨੇ ਸਮਾਂ ਰਹਿੰਦਿਆਂ ਕਦਮ ਨਾ ਚੁੱਕੇ ਤਾਂ ਪੂਰਾ ਸਿਸਟਮ ਜਰਜਰ ਹੋ ਕੇ ਡਿੱਗ ਜਾਵੇਗਾ। ਉਸ ’ਤੇ ਚੀਨੀ ਪ੍ਰਭੂਸੱਤਾ ਵਧ ਜਾਵੇਗੀ।

ਪਿਛਲੇ ਕੁਝ ਸਮੇਂ ’ਚ ਚੀਨੀ ਕੰਪਨੀਆਂ ਨੇ ਭਾਰਤ ’ਚ ਆਪਣੇ ਵਿਸਥਾਰ ਦੀ ਇਕ ਯੋਜਨਾਬੱਧ ਰਣਨੀਤੀ ’ਤੇ ਕੰਮ ਕੀਤਾ ਹੈ। ਇਸ ’ਚ ਖ਼ਬਰ, ਵਿਚਾਰ ਅਤੇ ਮਨੋਰੰਜਨ ਜਿਹੇ ਉਨ੍ਹਾਂ ਮਾਧਿਅਮਾਂ ਨਾਲ ਆਪਣਾ ਦਬਦਬਾ ਡੂੰਘਾ ਕਰਨ ਦੀ ਕੋਸ਼ਿਸ਼ ਕੀਤੀ ਹੈ ਜੋ ਆਮ ਲੋਕਾਂ ਦੀ ਧਾਰਨਾ ਨੂੰ ਪ੍ਰਭਾਵਿਤ ਕਰਨ ਤੇ ਲੋਕ ਰਾਏ ਬਣਾਉਣ ’ਚ ਅਹਿਮ ਭੂਮਿਕਾ ਨਿਭਾਉਂਦੇ ਹਨ।

ਇਸੇ ਕੜੀ ’ਚ ਇਕ ਚੀਨੀ ਮੋਬਾਈਲ ਕੰਪਨੀ ਨੇ ਫਿਲਮਾਂ ਅਤੇ ਸੰਗੀਤ ਨਾਲ ਜੁੜੀ ਕੰਪਨੀ ਹੰਗਾਮਾ ’ਚ ਕਰੀਬ 200 ਕਰੋੜ ਰੁਪਏ ਨਿਵੇਸ਼ ਕੀਤੇ। ਮਿਊਜ਼ਿਕ ਸਟ੍ਰੀਮਿੰਗ ਪਲੇਟਫਾਰਮ ਗਾਣਾ ਤੇ ਐਂਟਰਟੇਨਮੇਂਟ ਐਪ ਐੱਮਐਕਸ ਪਲੇਅਰ ’ਚ ਵੀ ਚੀਨੀ ਕੰਪਨੀ ਟੇਨਮੈਂਟ ਦਾ ਭਾਰੀ-ਭਰਕਮ ਨਿਵੇਸ਼ ਹੈ। ਆਨਲਾਈਨ ਵੀਡੀਓ ਸਟ੍ਰੀਮਿਗ ਨਾਲ ਜੁੜੀ ਵਿਡੂਲੀ ’ਚ ਚੀਨੀ ਕੰਪਨੀ ਅਲੀਬਾਬਾ ਦਾ ਕਾਫ਼ੀ ਨਿਵੇਸ਼ ਹੈ। ਲਾਅ ਐਂਡ ਸੁਸਾਇਟੀ ਦੀ ਰਿਪੋਰਟ ਅਨੁਸਾਰ ਭਾਰਤ ਦੇ ਪ੍ਰਮੁੱਖ ਖ਼ਬਰ ਕੰਟੈਂਟ ਪਲੇਟਫਾਰਮ ਡੇਲੀ ਹੰਟ ’ਚ ਕਰੀਬ 200 ਕਰੋੜ ਅਤੇ ਨਿਊਜ਼ ਡਾਗ ’ਚ 400 ਕਰੋੜ ਦਾ ਚੀਨੀ ਨਿਵੇਸ਼ ਹੈ। ਅਲੀਬਾਬਾ ਦੇ ਕੰਟਰੋਲ ਵਾਲੇ ਯੂਸੀ ਨਿਊਜ਼ ’ਤੇ ਭਾਰਤ ’ਚ ਪਾਬੰਦੀ ਲਾਏ ਜਾਣ ਸਮੇਂ ਤੱਕ ਕਰੀਬ 13 ਕਰੋੜ ਯੂਜ਼ਰ ਹੋ ਗਏ ਸਨ। ਚੀਨੀ ਨਿਵੇਸ਼ ਵਾਲੀਆਂ ਦੇਸ਼ ਦੀਆਂ ਕੰਪਨੀਆਂ ਘੱਟੋ-ਘੱਟ 13 ਭਾਸ਼ਾਵਾਂ ’ਚ ਮੀਡੀਆ ਸੰਸਥਾਵਾਂ ਚਲਾਉਂਦੀਆਂ ਹਨ। ਭਾਰਤ ਦੀਆਂ ਪ੍ਰਮੁੱਖ ਖ਼ਬਰ ਏਜੰਸੀਆਂ ’ਚ ਵੀ ਚੀਨ ਦਾ ਖ਼ਾਸਾ ਪ੍ਰਭਾਵ ਹੈ। ਚੇਤੇ ਰਹੇ ਕਿ ਗਲਵਾਨ ’ਚ ਚੀਨੀ ਹਮਲੇ ਤੋਂ ਤੁਰੰਤ ਬਾਅਦ ਇਕ ਏਜੰਸੀ ਨੇ ਚੀਨੀ ਰਾਜਦੂਤ ਦਾ ਲੰਬਾ ਇੰਟਰਵਿਊ ਚਲਾਇਆ ਸੀ। ਉਸ ’ਚ ਰਾਜਦੂਤ ਨੇ ਚੀਨੀ ਧਿਰ ਨੂੰ ਸਹੀ ਠਹਿਰਾਇਆ ਸੀ। ਇਕ ਹੋਰ ਏਜੰਸੀ ਦਾ ਤਾਂ ਚੀਨ ਦੀ ਸਰਕਾਰੀ ਖ਼ਬਰ ਏਜੰਸੀ ਸਿਨਹੂਆ ਨਾਲ ਸਾਲਾਂ ਪੁਰਾਣਾ ਸਮਝੌਤਾ ਹੈ।

ਇੰਟਰਨੈੱਟ ਰਾਹੀਂ ਖੁੰਬਾਂ ਦੀ ਤਰ੍ਹਾਂ ਉੱਗ ਆਈਆਂ ਖ਼ਬਰੀ ਸੰਸਥਾਵਾਂ, ਆਜ਼ਾਦ ਤੇ ਨਿਰਪੱਖ ਪੱਤਰਕਾਰੀ ਦੀ ਆੜ ’ਚ ਕੰਮ ਕਰਨ ਵਾਲਿਆਂ ’ਚ ਕਿਸ ਤਰ੍ਹਾਂ ਚੀਨੀ ਰਿਓੜੀਆਂ ਵੰਡੀਆਂ ਜਾ ਰਹੀਆਂ ਹਨ, ‘ਨਿਊਜ਼ਕਲਿੱਕ’ ਮਾਮਲਾ ਇਸ ਦੀ ਜਿਉਂਦੀ-ਜਾਗਦੀ ਮਿਸਾਲ ਹੈ। ਹਾਲੇ ਇਸ ਦਲਦਲ ’ਚ ਪਤਾ ਨਹੀਂ ਕਿੰਨੇ ਨਾਂ ਹੋਰ ਸਾਹਮਣੇ ਆਉਣੇ ਹਨ।

ਰਿਪੋਰਟ ਅਨੁਸਾਰ ਚੀਨ ਸਰਕਾਰ ਆਪਣੇ ਹਮਦਰਦ ਪੱਤਰਕਾਰਾਂ ਰਾਹੀਂ ਭਾਰਤੀ ਪੱਤਰਕਾਰਾਂ ਦੇ ਕਈ ਸਮੂਹਾਂ ਨੂੰ ਚੀਨ ਅਤੇ ਤਿੱਬਤ ਦੀ ਸੈਰ ਕਰਵਾ ਚੁੱਕੀ ਹੈ। ਉੱਥੇ ਹੀ ਕਈ ਭਾਰਤੀ ਅਖ਼ਬਾਰ ਇਸ਼ਤਿਹਾਰ ਦੀ ਆੜ ’ਚ ਚੀਨੀ ਸਫ਼ਾਰਤਖ਼ਾਨੇ ਵੱਲੋਂ ਜਾਰੀ ਕੀਤੇ ਗਏ ਵੱਖ-ਵੱਖ ਸਪਲੀਮੈਂਟ ਪ੍ਰਕਾਸ਼ਿਤ ਕਰਦੇ ਰਹਿੰਦੇ ਹਨ। ਦਿਸਣ ’ਚ ਇਹ ਅਖ਼ਬਾਰ ਦੇ ਆਮ ਪੰਨੇ ਲੱਗਦੇ ਹਨ ਪਰ ਇਹ ਸਿੱਧਾ-ਸਿੱਧਾ ਚੀਨੀ ਸਰਕਾਰ ਦਾ ਪ੍ਰਾਪੇਗੰਡਾ ਹੁੰਦਾ ਹੈ।

ਕੁੱਲ ਮਿਲਾ ਕੇ, ਭਾਰਤੀ ਮੀਡੀਆ ’ਚ ਚੀਨ ਦੀ ਮਜ਼ਬੂਤ ਹੁੰਦੀ ਪਕੜ ਦੀਆਂ ਇਹ ਉਦਾਹਰਨਾਂ ਚਿੰਤਤ ਕਰਨ ਵਾਲੀਆਂ ਹਨ। ਕੁਝ ਸਮਾਂ ਪਹਿਲਾਂ ਹੀ ਇਕ ਭਾਰਤੀ ਪੱਤਰਕਾਰ ਰਾਜੀਵ ਸ਼ਰਮਾ ਵੱਲੋਂ ਪੱਤਰਕਾਰੀ ਦੀ ਆੜ ’ਚ ਚੀਨ ਲਈ ਜਾਸੂਸੀ ਦਾ ਮਾਮਲਾ ਸਾਹਮਣੇ ਆਇਆ ਸੀ ਅਤੇ ਹੁਣ ਇਸ ਅਧਿਆਇ ’ਚ ‘ਨਿਊਜ਼ਕਲਿੱਕ’ ਦਾ ਨਾਂ ਵੀ ਜੁੜ ਗਿਆ ਹੈ।

SINGH WORLD travel
Lycamobile Call the world for less
ria Money Transfer
AIRPORT DROP OFF AND PICKUP AVAILBLE
Money Transfer @ Special Rates
India and Pakistan!!!
Cell Phone Activation & Recharge Services
ਏਅਰਪੋਰਟ ਤੇ ਜਾਣ-ਆਉਣ ਲਈ ਗੱਡੀ ਦਾ ਵੀ ਪ੍ਰਬੰਧ ਹੈ
ਹੋਰ ਜਾਣਕਾਰੀ ਲਈ ਸੰਪਰਕ ਕਰੋ
SINGH WORLD TRAVEL
PH. 530-443-4865
Email: Info@singhworldtravel.com
1248 Franklin Ave. #A
Yuba City CA, 95991

The California Learning Academy
Services Offered
* US Citizenship Interview Preparation
* Daily Use Englsh Coaching
* Ebay & Amazon Seller Coaching
* Notary Service by Appointment
Do you want to Start Your own Business?
Do you want to become Online Retailer?
Do you want to get E-Commerce Site?
WHY TO CHOOSE US?
Individual attention
Result driven coaching
Flexible timing
We Are Here For You
Call Us: 559-905-4749
ਸਿਟੀਜ਼ਨਸ਼ਿਪ ਦੀ ਤਿਆਰੀ
45 ਦਿਨਾਂ ਵਿਚ ਅੰਗਰੇਜ਼ੀ ਸਿੱਖੋ
Schedule Your Appointment Before Visit
www.thecalifornialearningacademy.com
thecalifornialearningacademy@gmail.com
5627 N Figarden Dr. Suite 114 # Fresno CA 93722
Ph. 559-905-4749

# ਕੈਨੇਡਾ 'ਚ ਟਰੂਡੋ ਪਿਉ-ਪੁੱਤ ਦੀ ਇੱਕੋ ਜਿਹੀ ਹੋਣੀ



ਦਰਬਾਰਾ ਸਿੰਘ ਕਾਹਲੋਂ

ਕੈਨੇਡਾ ਦੇ 15ਵੇਂ ਪ੍ਰਧਾਨ ਮੰਤਰੀ ਪੈਰੇ ਟਰੂਡੋ (1968-1979 ਅਤੇ 1980-1984) ਜੋ ਅਜੋਕੇ ਕੈਨੇਡਾ ਦੇ 23ਵੇਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ (2015-) ਦੇ ਪਿਤਾ ਸਨ, ਨੇ ਸੰਨ 1977 ਵਿਚ ਸੱਤਾ ਵਿਚ ਹੁੰਦੇ ਹੋਏ ਉਸ ਦੀ ਮਾਂ ਮਾਰਗ੍ਰੇਟ ਨਾਲੋਂ ਵੱਖ ਹੋਣ ਦਾ ਐਲਾਨ ਕੀਤਾ ਸੀ। ਉਵੇਂ ਹੀ ਪੁੱਤਰ ਨੇ ਸੱਤਾ ਵਿਚ ਹੁੰਦੇ ਹੋਏ ਆਪਣੀ ਪਤਨੀ ਸੋਫੀ ਗ੍ਰੈਗੋਇਰ ਨਾਲੋਂ 2 ਅਗਸਤ 2023 ਨੂੰ ਵੱਖ ਹੋਣ ਦਾ ਐਲਾਨ ਕੀਤਾ ਹੈ। ਪੈਰੇ ਟਰੂਡੋ 51 ਸਾਲ ਦੇ ਸਨ ਜਦੋਂ ਉਨ੍ਹਾਂ ਨੇ 18 ਸਾਲਾ ਅਤਿ ਸੁੰਦਰ ਲੜਕੀ ਮਾਰਗ੍ਰੇਟ ਸਿੰਕਲੇਅਰ ਨਾਲ ਸੰਨ 1971 ਵਿਚ ਚੁੱਪ-ਚਪੀਤੇ ਸ਼ਾਦੀ ਕੀਤੀ ਸੀ। ਉਸ ਨੇ ਤਿੰਨ ਪੁੱਤਰਾਂ ਨੂੰ ਜਨਮ ਦਿੱਤਾ।

ਜਸਟਿਨ ਟਰੂਡੋ ਸਭ ਤੋਂ ਵੱਡੇ ਸਨ ਲੇਕਿਨ ਸੰਨ 1977 ਵਿਚ ਇਹ ਸ਼ਾਦੀ ਟੁੱਟਣ ਕਰਕੇ ਤਿੰਨੇ ਛੋਟੇ ਬੱਚੇ ਪ੍ਰਧਾਨ ਮੰਤਰੀ ਪਾਸ ਰਹੇ ਜਦਕਿ ਮਾਂ ਨੂੰ ਪੁੱਤਰਾਂ ਨੂੰ ਮਿਲਣ ਦੀ ਪੂਰੀ ਖੁੱਲ੍ਹ ਰਹੀ। ਸੰਨ 1984 ਵਿਚ ਦੋਹਾਂ ਵਿਚ ਤਲਾਕ ਹੋਣ ਦੇ ਕੁਝ ਹਫ਼ਤਿਆਂ ਬਾਅਦ ਮਾਰਗ੍ਰੇਟ ਨੇ ਕਾਰੋਬਾਰੀ ਫ੍ਰਾਈਡ ਕੈਂਪਰ ਨਾਲ ਸ਼ਾਦੀ ਕਰ ਲਈ। ਮਾਰਗ੍ਰੇਟ ਟਰੂਡੋ ਦੇ ਟੈਡ ਕੈਨੇਡੀ, ਫਿਲਮ ਸਟਾਰ ਜੈਕ ਨਿਕਲੋਸਨ ਅਤੇ ਰਾਈਨ ਓ ਨੀਲ ਨਾਲ ਸਬੰਧ ਰਹੇ ਜੋ ਉਹ ਆਪਣੀਆਂ 'ਯਾਦਾਂ' ਲਿਖਦੀ ਹੈ। ਉਸ ਨੇ ਟੈਡ ਕੈਨੇਡੀ ਨੂੰ ਕਿਹਾ ਸੀ, ''ਉਸ ਦੀ ਸ਼ਾਦੀ ਉਸ ਨੇ ਬਰਬਾਦ ਨਹੀਂ ਕੀਤੀ ਬਲਕਿ ਮੈਂ (ਮਾਰਗ੍ਰੇਟ) ਆਪਣੀ ਸ਼ਾਦੀ ਬਰਬਾਦ ਹੋਣ ਲਈ ਉਸ ਦੀ ਮਦਦ ਲਈ ਜੋ ਪਹਿਲਾਂ ਹੀ ਖ਼ਤਮ ਹੋ ਚੁੱਕੀ ਸੀ।'' ਐਸਾ ਕੁਝ ਚੱਲਦਾ ਰਹਿੰਦਾ ਹੈ ਸੱਤਾ ਦੇ ਗਲਿਆਰਿਆਂ ਵਿਚ। ਵੱਡਾ ਲੜਕਾ ਜਸਟਿਨ ਟਰੂਡੋ ਜੋ ਮਾਪਿਆਂ ਦੇ ਵੱਖ ਹੋਣ ਵੇਲੇ ਸਿਰਫ਼ 5 ਸਾਲ ਦਾ ਸੀ, ਸੰਨ 2014 ਵਿਚ ਆਪਣੀ 'ਕਾਮਨ ਗਰਾਊਂਡ' ਲਿਖਤ ਵਿਚ ਲਿਖਦਾ ਹੈ ਕਿ ਉਸ ਨੂੰ ਆਪਣੀ ਮਹੱਤਤਾ ਘਟ ਗਈ ਲੱਗੀ ਭਾਵੇਂ ਮਾਪਿਆਂ ਨੇ ਹਮੇਸ਼ਾ ਉਸ ਦੀ ਪੀੜਾ ਘਟਾਉਣ ਦਾ ਯਤਨ ਕੀਤਾ। ਉਹ ਥੋੜ੍ਹਾ ਖਿੱਝਿਆ ਜਿਹਾ ਰਹਿੰਦਾ ਸੀ। ਸ਼ਾਇਦ ਦੂਜਿਆਂ ਦੋਹਾਂ ਦਾ ਹਾਲ ਇਸ ਤੋਂ ਵੀ ਭੈੜਾ ਹੋਵੇ। ਇਕ ਤਾਂ 1998 'ਚ ਬਰਫ ਦੇ ਤੋਦੇ ਹੇਠ ਦੱਬ ਕੇ ਚੱਲ ਵਸਿਆ। ਇਸੇ ਲਿਖਤ ਵਿਚ ਅੱਗੇ ਉਹ ਲਿਖਦਾ ਹੈ ਕਿ ਉਸ ਦੇ ਪਿਤਾ ਨੇ ਉਸ ਤੋਂ ਮਾਫ਼ੀ ਮੰਗੀ ਸੀ ਕਿ ਉਸ ਨੇ ਦੂਸਰੀ ਸ਼ਾਦੀ ਨਾ ਕਰਕੇ ਉਨ੍ਹਾਂ ਨੂੰ ਮਾਂ ਦੀ ਉਪਸਥਿਤੀ ਅਤੇ ਪਿਆਰ ਤੋਂ ਵਾਂਝੇ ਰੱਖਿਆ। ਪਰ ਸੱਚ ਇਹ ਵੀ ਹੈ ਕਿ ਉਸ ਨੇ ਇਕ ਔਰਤ ਡੇਬੋਰਾ ਮਾਰਗ੍ਰੇਟ ਰਾਈਲੈਂਡ ਕੋਨੀ ਨਾਲ ਸੰਬੰਧ ਰੱਖੇ ਜਿਸ ਵਿੱਚੋਂ ਲੜਕੀ ਸਾਰਾ ਕੋਨੀ ਨੇ ਜਨਮ ਲਿਆ। ਸੰਨ 2013 ਵਿਚ ਲਿਬਰਲ ਪਾਰਟੀ ਲੀਡਰਸ਼ਿਪ ਵੇਲੇ ਉਹ ਮਤਰੇਏ ਭਰਾ ਜਸਟਿਨ ਟਰੂਡੋ ਵਿਰੁੱਧ ਖੜ੍ਹੀ ਹੋਈ ਤੇ 15ਵੀਂ ਪੁਜ਼ੀਸ਼ਨ 'ਤੇ ਰਹੀ।

ਜਸਟਿਨ ਟਰੂਡੋ ਨੇ ਇਕ ਅਮੀਰ ਸਟਾਕ ਬਰੋਕਰ ਜੀਨਜ਼ ਗ੍ਰੈਗੋਇਰ ਦੀ ਖੂਬਸੂਰਤ ਲੜਕੀ ਸੋਫੀ ਗ੍ਰੈਗੋਇਰ ਨਾਲ 28 ਮਈ 2015 ਨੂੰ ਸ਼ਾਦੀ ਕੀਤੀ ਸੀ। ਇਕਵੰਜਾ ਸਾਲਾ ਟਰੂਡੋ ਅਤੇ 48 ਸਾਲਾਂ ਦੀ ਸੋਫੀ ਦੇ 3 ਬੱਚੇ ਹਨ-ਲੜਕੇ ਐਗਜ਼ੇਵੀਅਰ (15), ਹੈਡਰਿਨ (7) ਅਤੇ 14 ਸਾਲਾਂ ਦੀ ਲੜਕੀ ਬਿਲਾਗ੍ਰੇਸ। ਦੋ ਅਗਸਤ 2023 ਨੂੰ ਵੱਖ ਹੋਣ ਦੇ ਐਲਾਨ ਤੋਂ ਪਹਿਲਾਂ ਹੀ ਦੋਹਾਂ ਨੇ ਮਿਲ-ਬੈਠ ਕੇ ਭਵਿੱਖ ਤੈਅ ਕਰ ਲਿਆ ਸੀ ਅਤੇ ਕਾਨੂੰਨੀ ਪੇਪਰਾਂ 'ਤੇ ਸਹੀ ਪਾ ਲਈ ਸੀ। ਪਿਤਾ ਵਾਂਗ ਤਿੰਨੇ ਬੱਚੇ ਪ੍ਰਧਾਨ ਮੰਤਰੀ ਟਰੂਡੋ ਦੇ ਨਾਲ ਸਰਕਾਰੀ ਰਿਹਾਇਸ਼ ਵਿਚ ਰਹਿਣਗੇ। ਵੱਖ ਹੋਈ ਮਾਂ ਨੂੰ ਬੱਚਿਆਂ ਅਤੇ ਪਰਿਵਾਰ ਨੂੰ ਪਿਆਰ ਅਤੇ ਸਤਿਕਾਰ ਸਹਿਤ ਮਿਲਣ ਦੀ ਖੁੱਲ੍ਹ ਹੋਵੇਗੀ। ਪਰ ਕੀ ਜਸਟਿਨ ਟਰੂਡੋ ਨੇ ਕਦੇ ਸੋਚਿਆ ਨਹੀਂ ਕਿ ਉਸ ਦੇ ਤਿੰਨੇ ਬੱਚੇ ਮਾਂ-ਬਾਪ ਦੀ ਸ਼ਾਦੀ ਟੁੱਟ ਜਾਣ ਕਰਕੇ ਕਿਸ ਪੀੜਾਜਨਕ ਅਜ਼ੀਹਤ ਵਿੱਚੋਂ ਗੁਜ਼ਰ ਰਹੇ ਹਨ। ਵੱਖ ਹੋਣ ਨਾਲ ਸੋਫੀ ਗ੍ਰੈਗੋਇਰ ਦਾ ਭਵਿੱਖ ਟਕੋਰਾਂ ਖਾਣ ਲੱਗ ਪਿਆ ਹੈ। ਉਸ ਦਾ ਨਾਮ ਅਤੇ ਪੇਜ ਲਿਬਰਲ ਪਾਰਟੀ ਦੀ



ਵੈੱਬਸਾਈਟ ਤੋਂ ਹਟਾ ਦਿੱਤਾ ਗਿਆ ਹੈ। ਸਾਬਕਾ ਸੋਵੀਅਤ ਯੂਨੀਅਨ ਕਾਲ ਵੇਲੇ ਜੋ ਆਗੂ ਪਾਰਟੀ ਦੀਆਂ ਨਜ਼ਰਾਂ ਵਿੱਚੋਂ ਗਿਰ ਜਾਂਦਾ ਸੀ ਉਸ ਨੂੰ 'ਅਨਪਰਸਨ' (ਕਮੀਨਾ) ਕਰਾਰ ਦਿੱਤਾ ਜਾਂਦਾ ਸੀ। ਜੋ ਸੋਫੀ ਪਾਰਟੀ ਪ੍ਰੋਗਰਾਮਾਂ, ਨੀਤੀ ਨਿਰਧਾਰਨ ਕਾਰਜਾਂ, ਫੰਡ ਇਕੱਤਰ ਕਰਨ, ਚੋਣ ਮੁਹਿੰਮਾਂ ਵਿਚ ਮੋਹਰੀ ਹੋ ਕੇ ਕੰਮ ਕਰਦੀ ਸੀ, ਅੱਜ ਜ਼ੀਰੋ ਹੋ ਗਈ। ਉਂਜ ਵੀ ਜੋ ਟਰੂਡੋ ਦੀਆਂ ਨਜ਼ਰਾਂ ਵਿੱਚੋਂ ਡਿੱਗਿਆ ਉਹ ਕੂੜੇਦਾਨ ਵਿਚ ਸੁੱਟ ਦਿੱਤਾ ਗਿਆ। ਇਨ੍ਹਾਂ ਵਿਚ ਸਾਬਕਾ ਕੈਬਨਿਟ ਮੰਤਰੀ ਜੋਡੀ ਵਿਲਸਨ, ਪੱਤਰਕਾਰ ਰੋਜਨਾਈਟ, ਸਾਂਸਦ ਸਿਲੀਵਾ ਸੀਜ਼ਰ, ਲਿਬਰਲ ਉਮੀਦਵਾਰ ਰਹੇ ਕੇਰਨਵਾਗ ਆਦਿ ਵਰਣਨਯੋਗ ਹਨ। ਇਹ ਉਹੋ ਸੋਫੀ ਹੈ ਜਿਸ ਨੂੰ ਅਕਤੂਬਰ 2015 'ਚ 'ਨਿਊਯਾਰਕ ਪੋਸਟ' ਨੇ 'ਵਿਸ਼ਵ ਦੀ ਸਭ ਤੋਂ ਹਾਟ ਔਰਤ' ਦਰਸਾਇਆ ਸੀ। ਰਾਜਨੀਤੀ ਸ਼ਾਦੀ ਦੀ ਸੌਂਕਣ ਮੰਨੀ ਜਾਂਦੀ ਹੈ। ਇਸ ਵਿਚ ਟਰੂਡੋਆਂ ਦਾ ਵੱਡਾ ਕਸੂਰ ਨਹੀਂ ਹੈ। ਟਰੂਡੋ ਪਹਿਲੇ ਰਾਜਨੀਤੀਵਾਨ ਨਹੀਂ ਜੋ ਪਤਨੀਆਂ ਨਾਲੋਂ ਵੱਖ ਹੋਏ ਹੋਣ।

ਦਰਅਸਲ, ਸਰਕਾਰੀ ਟਾਊਨ, ਰੁਤਬੇ, ਚਕਾਚੌਂਧ ਸਿਹਤਮੰਦ ਸ਼ਾਦੀਆਂ ਦੀ ਬਲੀ ਲੈ ਲੈਂਦੇ ਹਨ। ਪਿਤਾ ਵੱਲੋਂ ਰਾਜਨੀਤਕ ਚਕਾਚੌਂਧ ਵੇਲੇ ਛੋਟੀ ਉਮਰ ਦੀ ਲੜਕੀ ਨਾਲ ਸ਼ਾਦੀ ਕਰਨਾ, ਪੁੱਤਰ ਵੱਲੋਂ ਪਤਨੀ ਨਾਲ ਮਿਲ ਕੇ ਸੱਤਾ ਵਿਚ ਆਉਣਾ ਅਤੇ ਸੱਤਾ ਨਾਲ ਵੱਧ ਲਗਾਅ ਰੱਖਣਾ ਇਨ੍ਹਾਂ ਪ੍ਰਧਾਨ ਮੰਤਰੀਆਂ ਦੀਆਂ ਸ਼ਾਦੀਆਂ ਦੀ ਬਰਬਾਦੀ ਦੇ ਕਾਰਨ ਬਣੇ। ਸੰਨ 2014 ਦੀਆਂ ਯਾਦਾਂ 'ਕਾਮਨ ਗਰਾਊਂਡ' ਵਿਚ ਕੁਝ ਭਾਰਤ ਦੇ ਮਰਹੂਮ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਪਤਨੀ ਸੋਨੀਆ ਗਾਂਧੀ ਵਾਂਗ, ਸੋਫੀ ਗ੍ਰੈਗੋਇਰ ਦੀ ਸੋਚ ਨੂੰ ਰਾਜਨੀਤੀ ਵਿਰੋਧੀ ਦਰਜ ਕਰਦੇ ਜਸਟਿਨ ਟਰੂਡੋ ਲਿਖਦੇ ਹਨ, ''ਸਾਡੀ ਸ਼ਾਦੀ ਸੰਪੂਰਨ ਨਹੀਂ ਸੀ। ਕਈ ਦੁੱਖਦਾਈ ਉਤਰਾਅ-ਚੜ੍ਹਾਅ ਆਏ।'' ਇਸੇ ਵਰ੍ਹੇ ਇਕ ਇੰਟਰਵਿਊ ਵਿਚ ਉਨ੍ਹਾਂ ਨੇ ਕਿਹਾ, ''ਕਈ ਵਾਰ ਐਸੇ ਮੌਕੇ ਆਏ ਕਿ ਉਹ ਮੇਰੇ ਕਿੱਤੇ ਨੂੰ ਨਫ਼ਰਤ ਕਰਦੀ ਦਿਸੀ। ਉਹ ਮੇਰੇ ਵੱਲੋਂ ਆਪਣੇ ਕਿੱਤੇ ਨਾਲ ਪਿਆਰ ਕਰਨ ਕਰਕੇ ਨਫ਼ਰਤ ਕਰਦੀ ਸੀ।'' ਮੇਗਨ ਮਰਕਲ ਬ੍ਰਿਟਿਸ਼ ਪ੍ਰਿੰਸ ਹੈਰੀ ਦੀ ਪਤਨੀ ਉਸ ਨੂੰ ਇਕ ਸੰਵੇਦਨਸ਼ੀਲ, ਬਹਾਦਰ, ਹਾਸੇ-ਠੱਠੇ ਵਾਲੀ ਨਾਰ ਮੰਨਦੀ ਸੀ। ਉਹ ਯੋਗਾ ਦੀ ਸ਼ੌਕੀਨ ਅਤੇ ਅਧਿਆਪਕਾ ਵੀ ਹੈ। ਸ਼ਾਦੀ ਤੋਂ ਪਹਿਲਾਂ ਟੈਲੀਵਿਜ਼ਨ ਹੋਸਟ ਵਜੋਂ ਕੰਮ ਕਰਦੀ ਸੀ। ਕਮਿਊਨੀਕੇਸ਼ਨ ਗ੍ਰੈਜੂਏਟ ਹੈ।

ਦੋ ਕਿਤਾਬਾਂ ਬੱਚਿਆਂ ਸਬੰਧੀ ਤੇ ਆਤਮ ਕਥਾ ਲਿਖ ਰਹੀ ਹੈ। ਕੈਨੇਡਾ ਅੰਦਰ ਸੰਵਿਧਾਨਕ ਰਾਜਸ਼ਾਹੀ ਵਿਵਸਥਾ ਦੀਆਂ ਵੀ ਇਹ ਦੋਵੇਂ ਸੱਸ ਮਾਰਗ੍ਰੇਟ ਟਰੂਡੋ ਅਤੇ ਨੂੰਹ ਸੋਫੀ ਗ੍ਰੈਗੋਇਰ ਸ਼ਿਕਾਰ ਬਣੀਆਂ। ਇਸ ਵਿਵਸਥਾ ਵਿਚ ਪ੍ਰਧਾਨ ਮੰਤਰੀ ਦੀ ਪਤਨੀ ਨੂੰ ਸਰਕਾਰੀ ਤੌਰ 'ਤੇ 'ਫਸਟ ਲੇਡੀ' ਸਵੀਕਾਰ ਨਹੀਂ ਕੀਤਾ ਜਾਂਦਾ। ਨਾ ਕੋਈ ਭੱਤਾ ਜਾਂ ਤਨਖ਼ਾਹ ਮਿਲਦੀ ਹੈ ਭਾਵੇਂ ਉਹ ਆਪਣੇ ਪਤੀ ਨਾਲ ਦੇਸ਼-ਵਿਦੇਸ਼ ਅੰਦਰ ਸਮਾਰੋਹਾਂ ਵਿਚ ਜਾਂਦੀ ਹੈ। ਅਮਰੀਕਾ ਅਤੇ ਹੋਰ ਦੇਸ਼ਾਂ ਵਾਂਗ ਰਾਜ ਦੇ ਮੁਖੀ ਦੀ ਪਤਨੀ ਹੋਣ ਕਰਕੇ ਦਫ਼ਤਰ ਤੇ ਅਮਲਾ ਨਹੀਂ ਦਿੱਤਾ ਜਾਂਦਾ। ਉਲਟਾ 'ਵੀ ਚੈਰਿਟੀ' ਗ਼ੈਰ ਲਾਭ ਵਾਲੇ ਸੰਗਠਨ ਵਿਚ ਵਲੰਟੀਅਰ ਦੇ ਤੌਰ 'ਤੇ ਕੰਮ ਕਰਨ ਦੇ ਬਾਵਜੂਦ 912 ਮਿਲੀਅਨ ਡਾਲਰ ਦੇ ਕੇਸ ਵਿਚ ਘਸੀਟਿਆ ਗਿਆ। ਕੈਨੇਡਾ ਦਾ ਹਿੱਲ ਕੰਮਕਾਜੀ ਸੱਭਿਆਚਾਰ ਬਹੁਤ ਕਰੂਰ ਹੈ। ਹਫ਼ਤੇ ਵਿਚ ਰਾਜਧਾਨੀ ਵਿਖੇ 90 ਘੰਟੇ ਕੰਮ, ਮਹੀਨੇ ਵਿਚ ਕਈ ਯਾਤਰਾਵਾਂ, ਅਚਾਨਕ ਕੰਮਕਾਜ, ਜਨਮ ਦਿਨ ਪਾਰਟੀਆਂ ਵਿੱਚੋਂ ਗ਼ਾਇਬ ਹੋਣ ਲਈ ਮਜਬੂਰ ਹੋਣਾ, ਹੋਟਲਾਂ ਵਿਚ ਇਕੱਲੇ ਰਾਤਾਂ ਕੱਟਣਾ, ਕਾਕਟੇਲਜ਼, ਮੁਫ਼ਤ ਡਰਿੰਕਸ , ਰਾਤ-ਬਰਾਤੇ ਪਾਰਟੀਆਂ, ਸਮਾਰੋਹਾਂ ਵਿਚ ਜਾਣ ਕਰਕੇ ਬੰਦਾ -ਜ਼ਨਾਨੀ ਕਦੇ ਇਸ ਖੁੱਲ੍ਹੇ ਸਮਾਜ ਵਿਚ ਲੀਹੋਂ ਲਹਿ ਜਾਂਦੇ ਹਨ। ਸੋ, ਬਹਿਕ ਜਾਣਾ ਆਮ ਵਰਤਾਰਾ ਹੁੰਦਾ ਹੈ। ਇਹ ਵਰਤਾਰਾ ਤਾਂ ਖ਼ੈਰ ਸਾਰੇ ਪਾਸੇ ਰਾਜਨੀਤੀ ਵਿਚ ਭਾਰੂ ਹੈ।

ਨਤੀਜੇ ਵਜੋਂ ਬਹੁਤ ਸਾਰੇ ਪਰਿਵਾਰ ਤਲਾਕ ਦੀ ਲਾਈਨ ਵਿਚ ਲੱਗੇ ਰਹਿੰਦੇ ਹਨ। ਲਿਬਰਲ ਸਾਂਸਦ ਪੈਟਰਿਕ ਵੀਲਰ ਅਨੁਸਾਰ ਕੈਨੇਡੀਅਨ ਹਾਊਸ ਆਫ ਕਾਮਨਜ਼ ਵਿਚ 85 ਪ੍ਰਤੀਸ਼ਤ ਮੈਂਬਰ ਤਲਾਕ ਦਾ ਸ਼ਿਕਾਰ ਹਨ। ਸੰਨ 2013 ਦੀ ਮੈਕਲੀਨ ਮੈਗਜ਼ੀਨ ਰਿਪੋਰਟ ਵੀ ਇਸ ਪ੍ਰਤੀਸ਼ਤਤਾ 'ਤੇ ਮੋਹਰ ਲਾਉਂਦੀ ਹੈ ਜੋ ਪਾਰਲੀਮਾਨੀ ਸਟੱਡੀ ਦੀ ਲਾਇਬ੍ਰੇਰੀ ਦੇ ਅੰਕੜਿਆਂ 'ਤੇ ਆਧਾਰਤ ਹੈ।ਟਰੂਡੋ ਵੀ ਬੌਂਦਲਿਆ ਪਿਆ ਹੈ।

ਇਕ ਪਾਸੇ ਲੋਕਾਂ ਨੂੰ ਇਕੱਲਿਆਂ ਕੁਝ ਸਮਾਂ ਛੱਡਣ ਲਈ ਕਿਹਾ, ਦੂਸਰੇ ਪਾਸੇ ਵੱਡੇ ਪੁੱਤਰ ਨਾਲ ਫਿਲਮ ਵੇਖਣ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਤਸਵੀਰਾਂ ਪਾਉਂਦਾ ਵੇਖਿਆ ਗਿਆ। ਜਗਮੀਤ ਸਿੰਘ ਐਨਡੀਪੀ ਸੁਪਰੀਮੋ ਨੇ ਸਹੀ ਕਿਹਾ ਪਰਿਵਾਰ ਨਾਲ ਹਮਦਰਦੀ ਜਤਾਉਂਦੇ ਸਮੇਂ। ਪਰਿਵਾਰ ਦਾ ਵੱਖ ਹੋਣਾ ਬਹੁਤ ਔਖਾ ਹੁੰਦਾ ਹੈ। ਵੱਖ ਰਹਿਣਾ ਸੌਖਾ ਨਹੀਂ ਹੁੰਦਾ।

ਜਦੋਂ ਜਨਤਾ ਦੀਆਂ ਨਜ਼ਰਾਂ ਕੇਂਦਰਿਤ ਹੋਣ ਤਾਂ ਹੋਰ ਔਖਾ ਹੋ ਜਾਂਦਾ ਹੈ। ਇਸ ਦਾ ਬੱਚਿਆਂ ਦੀ ਮਾਨਸਿਕਤਾ ਤੇ ਭਵਿੱਖ 'ਤੇ ਵੱਡਾ ਅਸਰ ਵੇਖਿਆ ਜਾਂਦਾ ਹੈ। 'ਛੁੱਟੜ' ਸ਼ਬਦ ਦੋਹਾਂ ਨੂੰ ਵੱਢ-ਵੱਢ ਖਾਵੇਗਾ। ਇਹ ਜਿਉਂਦੇ ਜੀਅ ਦੋਜ਼ਖ ਦੀ ਅੱਗ 'ਚ ਸੜਨ ਸਮਾਨ ਹੈ। ਆਮ ਵਿਅਕਤੀ ਇਹ ਵੀ ਕਹਿੰਦਾ ਹੈ ਕਿ ਜੋ ਪਰਿਵਾਰ ਨਹੀਂ ਚਲਾ ਸਕਿਆ, ਦੇਸ਼ ਕਿਵੇਂ ਚਲਾ ਸਕੇਗਾ? ਕੈਨੇਡਾ ਮਹਿੰਗਾਈ, ਆਰਥਿਕ ਮੰਦਹਾਲੀ, ਹਾਊਸਿੰਗ ਸਮੱਸਿਆ, ਸਕੈਂਡਲਾਂ, ਵੋਟਰਾਂ ਦੀ ਥਕਾਵਟ ਨਾਲ ਪਿਸ ਰਿਹਾ ਹੈ। ਚੰਗਾ ਹੋਵੇ ਜੋ ਟਰੂਡੋ ਪਰਿਵਾਰ ਇਕ ਵਾਰ ਮੁੜ ਹਾਉਮੈ ਤਿਆਗ ਕੇ ਟੁੱਟੀ ਗੰਢ ਲਵੇ, ਆਪਣੇ ਤੇ ਪਿਤਾ ਦੇ ਪਰਿਵਾਰ ਤੇ ਰਾਜਨੀਤੀ ਦੇ ਦਾਗ ਧੋ ਲਵੇ।

# ਪਹਾੜਾਂ 'ਤੇ ਭਾਰੀ ਬਰਸਾਤ ਕਾਰਨ ਪੰਜਾਬ 'ਚ ਹੜ੍ਹਾਂ ਨੇ ਇਕ ਵਾਰ ਫਿਰ ਦਿੱਤੀ ਦਸਤਕ

ਪੰਜਾਬ ਦੇ ਕੁਝ ਜ਼ਿਲ੍ਹਿਆਂ ਦੇ ਲੋਕਾਂ ਨੇ ਹਾਲੇ ਕੁਝ ਦਿਨ ਪਹਿਲਾਂ ਹੀ ਹੜ੍ਹਾਂ ਦੀ ਇਕ ਵੱਡੀ ਮਾਰ ਝੱਲੀ ਹੈ। ਇਨ੍ਹਾਂ ਨਾਲ ਕਾਫ਼ੀ ਵੱਡੇ ਪੱਧਰ 'ਤੇ ਜਾਨੀ ਤੇ ਮਾਲੀ ਨੁਕਸਾਨ ਹੋਇਆ ਸੀ। ਹਾਲੇ ਤਕ ਤਾਂ ਪਹਿਲਾਂ ਹੋਏ ਨੁਕਸਾਨ ਦੀ ਵੀ ਭਰਪਾਈ ਨਹੀਂ ਹੋਈ ਸੀ ਕਿ ਹੁਣ ਫਿਰ ਕੁਦਰਤ ਨੇ ਆਪਣੀ ਕਰੋਪੀ ਦਿਖਾਉਣੀ ਸ਼ੁਰੂ ਕਰ ਦਿੱਤੀ ਹੈ। ਅਸਲ 'ਚ ਹਿਮਾਚਲ ਪ੍ਰਦੇਸ਼ ਨੂੰ ਮੀਂਹ ਨੇ ਬੇਹਾਲ ਕੀਤਾ ਹੋਇਆ ਹੈ। ਭਾਰੀ ਮੀਂਹ ਤੇ





ਜ਼ਮੀਨ ਖਿਸਕਣ ਨਾਲ 50 ਤੋਂ ਵੱਧ ਲੋਕਾਂ ਦੀਆਂ ਮੌਤਾਂ ਹੋ ਚੁੱਕੀਆਂ ਹਨ ਤੇ ਕਾਫ਼ੀ ਲੋਕ ਹਾਲੇ ਵੀ ਲਾਪਤਾ ਹਨ। ਹਿਮਾਚਲ ਦੇ ਮੀਂਹ ਦਾ ਅਸਰ ਪੰਜਾਬ 'ਤੇ ਪੈ ਰਿਹਾ ਹੈ। ਇਸ ਕਾਰਨ ਭਾਖੜਾ ਡੈਮ ਤੇ ਪੌਂਗ ਡੈਮ 'ਚ ਪਾਣੀ ਦਾ ਪੱਧਰ ਖ਼ਤਰੇ ਦੇ ਨਿਸ਼ਾਨ ਤਕ ਪਹੁੰਚਿਆ ਹੋਇਆ ਹੈ। ਭਾਖੜਾ ਬਿਆਸ ਪ੍ਰਬੰਧਕੀ ਬੋਰਡ (ਬੀਬੀਐੱਮਬੀ) ਨੂੰ ਇਨ੍ਹਾਂ ਡੈਮਾਂ ਤੋਂ ਪਾਣੀ ਛੱਡਣ ਲਈ ਮਜਬੂਰ ਹੋਣਾ ਪੈ ਰਿਹਾ ਹੈ ਤੇ ਗੁਰਦਾਸਪੁਰ, ਹੁਸ਼ਿਆਰਪੁਰ, ਕਪੂਰਥਲਾ ਤੇ ਰੋਪੜ ਜ਼ਿਲ੍ਹਿਆਂ 'ਚ ਇਕ ਵਾਰ ਫਿਰ ਤੋਂ ਹੜ੍ਹਾਂ ਵਾਲੇ ਹਾਲਾਤ ਬਣ ਗਏ ਹਨ। ਭਾਵੇਂ ਬੀਬੀਐੱਮਬੀ ਵੱਲੋਂ ਪਹਿਲਾਂ ਹੀ ਇਸ ਬਾਬਤ ਚੇਤਾਵਨੀ ਜਾਰੀ ਕਰ ਦਿੱਤੀ ਗਈ ਸੀ ਪਰ ਫਿਰ ਵੀ ਪਾਣੀ ਦੀ ਮਾਰ ਹੇਠ ਵੱਡੀ ਗਿਣਤੀ 'ਚ ਪਿੰਡਾਂ ਦੇ ਲੋਕ ਆ ਗਏ ਹਨ। ਪੌਂਗ ਡੈਮ ਤੋਂ ਪਾਣੀ ਛੱਡਣ ਕਾਰਨ ਬਿਆਸ ਦਰਿਆ 'ਚ ਪਾਣੀ ਦਾ ਪੱਧਰ ਵਧ ਗਿਆ ਤੇ ਦੋ ਥਾਵਾਂ ਤੋਂ ਧੁੱਸੀ ਬੰਨ੍ਹ ਟੁੱਟ ਗਿਆ। ਇਸੇ ਤਰ੍ਹਾਂ ਭਾਖੜਾ ਡੈਮ ਤੋਂ ਪਾਣੀ ਛੱਡਣ ਕਾਰਨ ਨੀਵੇਂ ਇਲਾਕਿਆਂ 'ਚ ਪਾਣੀ ਭਰ ਗਿਆ। ਓਧਰ, ਘੱਗਰ ਦਰਿਆ ਨੇ ਪਹਿਲਾਂ ਵੀ ਕਹਿਰ ਢਾਹਿਆ ਸੀ ਤੇ ਹੁਣ ਫਿਰ ਇਸ ਨੇ ਲੋਕ ਡਰਾਏ ਹੋਏ ਹਨ। ਹਿਮਾਚਲ ਤੇ ਪੰਜਾਬ 'ਚ ਹਾਲੇ ਹੋਰ ਮੀਂਹ ਪੈਣ ਦੀ ਭਵਿੱਖਬਾਣੀ ਨੇ ਵੀ ਲੋਕਾਂ ਨੇ ਪਰੇਸ਼ਾਨੀ ਵਿਚ ਪਾਇਆ ਹੋਇਆ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਸਾਰੇ ਮੰਤਰੀਆਂ ਨੂੰ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਲੋਕਾਂ ਦੀ ਸਾਰ ਲੈਣ ਲਈ ਕਹਿ ਦਿੱਤਾ ਹੈ। ਸਮਾਜ ਸੇਵੀ ਸੰਸਥਾਵਾਂ ਵੀ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਵਧ-ਚੜ੍ਹ ਕੇ ਅੱਗੇ ਆਉਣ ਲੱਗੀਆਂ ਹਨ। ਹਿਮਾਚਲ ਪ੍ਰਦੇਸ਼ 'ਚ ਪੈ ਰਹੇ ਭਾਰੀ ਮੀਂਹ ਕਾਰਨ ਪੰਜਾਬ ਦੇ ਡੈਮਾਂ 'ਚ ਆ ਰਹੇ ਵਾਧੂ ਪਾਣੀ ਕਾਰਨ ਪੈਦਾ ਹੋਈ ਸਥਿਤੀ ਦੇ ਮੱਦੇਨਜ਼ਰ ਮੁੱਖ ਸਕੱਤਰ ਅਨੁਰਾਗ ਵਰਮਾ ਨੇ ਸਾਰੇ ਡਿਪਟੀ ਕਮਿਸ਼ਨਰਾਂ ਨਾਲ ਮੀਟਿੰਗ ਕੀਤੀ। ਮੁੱਖ ਸਕੱਤਰ ਨੇ ਕਿਹਾ ਕਿ ਲੋਕਾਂ ਦੇ ਜਾਨ-ਮਾਲ ਦੀ ਸੁਰੱਖਿਆ ਸਭ ਤੋਂ ਵੱਡੀ ਤਰਜੀਹ ਹੈ। ਟੋਲ ਫ੍ਰੀ ਨੰਬਰ ਜਾਰੀ ਕਰ ਦਿੱਤੇ ਗਏ ਹਨ। ਐੱਨਡੀਆਰਐੱਫ ਦੀਆਂ ਟੀਮਾਂ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਪਹੁੰਚ ਚੁੱਕੀਆਂ ਹਨ। ਬੀਬੀਐੱਮਬੀ ਨੇ ਦਾਅਵਾ ਕੀਤਾ ਹੈ ਕਿ ਡੈਮਾਂ ਤੋਂ ਕੰਟਰੋਲਡ ਤਰੀਕੇ ਨਾਲ ਪਾਣੀ ਛੱਡਿਆ ਜਾ ਰਿਹਾ ਹੈ। ਚਾਰ-ਪੰਜ ਦਿਨਾਂ 'ਚ ਪਾਣੀ ਨੂੰ ਸੇਫ ਲੈਵਲ 'ਤੇ ਲਿਆਉਣ ਦੇ ਵੀ ਦਾਅਵੇ ਕੀਤੇ ਜਾ ਰਹੇ ਹਨ। ਬੇਸ਼ੱਕ ਲੋੜ ਨਾਲੋਂ ਵੱਧ ਵਰਖਾ ਪੈਣ 'ਤੇ ਸ਼ਾਸਨ-ਪ੍ਰਸ਼ਾਸਨ ਵੱਲੋਂ ਇਸ ਨੂੰ ਕੁਦਰਤੀ ਕਰੋਪੀ ਕਹਿ ਕੇ ਪੱਲਾ ਝਾੜਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਪਰ ਸੱਚਾਈ ਤਾਂ ਇਹ ਵੀ ਹੈ ਕਿ ਪਾਣੀ ਦੀ ਸਹੀ ਤਰੀਕੇ ਨਾਲ ਸਾਂਭ-ਸੰਭਾਲ ਨਾ ਹੋਣ ਕਾਰਨ ਲੋਕਾਂ ਨੂੰ ਅਜਿਹੀਆਂ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਜਿਹੇ 'ਚ ਸਭ ਤੋਂ ਵੱਧ ਮਾਰ ਕਿਸਾਨਾਂ ਨੂੰ ਝੱਲਣੀ ਪੈਂਦੀ ਹੈ। ਨਾ ਸਿਰਫ਼ ਫ਼ਸਲਾਂ ਦਾ ਨੁਕਸਾਨ ਹੁੰਦਾ ਹੈ ਸਗੋਂ ਹੋਰ ਅਸਾਸਿਆਂ ਦਾ ਵੀ ਵੱਡੇ ਪੱਧਰ 'ਤੇ ਨੁਕਸਾਨ ਹੁੰਦਾ ਹੈ। ਮਗਰੋਂ ਮੁਆਵਜ਼ੇ ਵਜੋਂ ਨਿਗੂਣੀ ਰਕਮ ਹਾਸਲ ਕਰਨ ਲਈ ਵੀ ਧੱਕੇ ਖਾਣੇ ਪੈਂਦੇ ਹਨ। ਹੜ੍ਹਾਂ ਤੇ ਹੋਰ ਆਫ਼ਤਾਂ ਕਾਰਨ ਹੋਣ ਵਾਲੇ ਨੁਕਸਾਨ ਤੋਂ ਬਚਾਅ ਲਈ ਪਹਿਲਾਂ ਤੋਂ ਹੀ ਠੋਸ ਰਣਨੀਤੀ ਹੋਣੀ ਚਾਹੀਦੀ ਹੈ। ਅਜਿਹੇ ਮੌਕੇ ਆਉਣ 'ਤੇ ਘਾਟਾਂ-ਵਾਧਾਂ ਪਰਖ਼ ਕੇ ਸਥਾਈ ਨੀਤੀ ਬਣੇ ਤਾਂ ਕਿ ਲੋਕਾਂ ਦੇ ਜਾਨ-ਮਾਲ ਦਾ ਘੱਟ ਤੋਂ ਘੱਟ ਨੁਕਸਾਨ ਹੋਵੇ।

## ਚੰਨ ਤੱਕ ਪਹੁੰਚਣ ਦੀ ਦੌੜ ਵਿੱਚ ਰੂਸ ਪੱਛੜਿਆ

# ਭਾਰਤ ਦਾ ਚੰਦਰਯਾਨ-3 ਬਾਜ਼ੀ ਮਾਰੇਗਾ ਜਾਂ ਰੂਸ ਦੇ ਲੂਨਾ-25 ਵਾਂਗ ਅਸਫਲ ਹੋਵੇਗਾ

ਪਿਛਲੇ ਮਹੀਨੇ ਭਾਰਤ ਨੇ ਇੱਕ ਵਾਰ ਫਿਰ ਚੰਦਰਮਾ 'ਤੇ ਆਪਣਾ ਮਿਸ਼ਨ ਭੇਜਿਆ ਹੈ। ਇਸ ਦੇ ਨਾਲ ਹੀ ਕਰੀਬ ਪੰਜ ਦਹਾਕਿਆਂ ਦੇ ਲੰਬੇ ਵਕਫ਼ੇ ਤੋਂ ਬਾਅਦ ਰੂਸ ਵੀ ਚੰਦਰਮਾ 'ਤੇ ਪਹੁੰਚਣ ਦੀ ਦੌੜ 'ਚ ਸ਼ਾਮਲ ਹੋ ਗਿਆ ਹੈ। ਇਸ ਦਾ ਮਤਲਬ ਹੈ ਕਿ ਇਸ ਸਮੇਂ ਇੱਕ ਰੂਸੀ ਅਤੇ ਇੱਕ ਭਾਰਤੀ ਪੁਲਾੜ ਯਾਨ ਚੰਦਰਮਾ 'ਤੇ ਉਤਰਨ ਦੇ ਇਰਾਦੇ ਨਾਲ ਅੱਗੇ ਵਧ ਰਹੇ ਹਨ। ਭਾਰਤ ਦਾ ਚੰਦਰਯਾਨ-3 ਅਤੇ ਰੂਸ ਦਾ ਲੂਨਾ-25 ਆਪਣੇ ਇੱਕ-ਇੱਕ ਲੈਂਡਰ ਨਾਲ ਪੁਲਾੜ ਵਿੱਚ ਗਏ ਹਨ, ਤਾਂ ਜੋ ਚੰਨ ਦੇ ਦੱਖਣੀ ਧਰੁਵ ਵਿੱਚ ਭਾਵ ਹਨ੍ਹੇਰੇ ਵਾਲੇ ਹਿੱਸੇ 'ਚ ਉਤਰ ਕੇ ਇਤਿਹਾਸ ਰਚ ਸਕਣ। ਇਹ ਚੰਦਰਮਾ ਦਾ ਉਹ ਖੇਤਰ ਹੈ ਜਿੱਥੇ ਹੁਣ ਤੱਕ ਕੋਈ ਵੀ ਲੈਂਡਰ ਸਫਲਤਾਪੂਰਵਕ ਉਤਰ ਨਹੀਂ ਸਕਿਆ ਹੈ। ਇਹ ਦੋਵੇਂ ਲੈਂਡਰ ਚੰਨ 'ਤੇ ਜੰਮੇ ਪਾਣੀ ਅਤੇ ਕਿਸੇ ਵੀ ਸੰਭਾਵਿਤ ਖਣਿਜ ਨੂੰ ਲੱਭਣ ਦੇ ਉਦੇਸ਼ ਨਾਲ ਚੰਨ ਵੱਲ ਗਏ ਹਨ। ਰੂਸ ਨੇ 11 ਅਗਸਤ 2023 (ਮਾਸਕੋ ਦੇ ਸਮੇਂ ਅਨੁਸਾਰ) ਲੂਨਾ-25 ਨੂੰ ਲਾਂਚ ਕੀਤਾ ਸੀ, ਜਦਕਿ ਭਾਰਤ ਨੇ ਚੰਦਰਯਾਨ-3 ਨੂੰ 14 ਜੁਲਾਈ ਨੂੰ ਚੰਨ 'ਤੇ ਭੇਜਿਆ ਹੈ। ਮਾਹਿਰਾਂ ਦਾ ਕਹਿਣਾ ਸੀ ਕਿ ਇਹ ਦੋਵੇਂ ਮਿਸ਼ਨ ਲਗਭਗ ਇੱਕੋ ਸਮੇਂ ਚੰਨ 'ਤੇ ਆਪਣੇ-ਆਪਣੇ ਲੈਂਡਰ ਨੂੰ ਉਤਾਰਨਗੇ। ਪਰ ਰੂਸ ਅਸਫਲ ਰਿਹਾ। ਅਜਿਹੇ 'ਚ ਦੁਨੀਆਂ ਭਰ ਦੇ ਲੋਕ ਇਸ ਗੱਲ ਦਾ ਇੰਤਜ਼ਾਰ ਕਰ ਰਹੇ ਹਨ ਕਿ ਚੰਦਰਮਾ ਦੇ ਦੱਖਣੀ ਧਰੁਵ 'ਤੇ ਆਪਣਾ ਲੈਂਡਰ ਪਹਿਲਾਂ ਅਤੇ ਸਫਲਤਾਪੂਰਵਕ ਕਿਹੜਾ ਦੇਸ਼ ਉਤਾਰੇਗਾ, ਭਾਰਤ ਜਾਂ ਰੂਸ?

**1960 ਦੇ ਦਹਾਕੇ ਵਿੱਚ ਸ਼ੁਰੂ ਹੋਈ ਇਹ ਰੇਸ**

ਹਾਲਾਂਕਿ, ਚੰਦਰਮਾ ਤੱਕ ਦੀ ਇਹ ਦੌੜ ਅੱਜ-ਕੱਲ੍ਹ ਨਹੀਂ ਸਗੋਂ 1960 ਵਿੱਚ ਸ਼ੁਰੂ ਹੋਈ ਸੀ। ਉਸ ਸਮੇਂ ਅਮਰੀਕਾ ਅਤੇ ਸੋਵੀਅਤ ਸੰਘ ਵਿਚਕਾਰ ਇਹ ਮੁਕਾਬਲਾ ਸੀ ਕਿ ਚੰਦ 'ਤੇ ਸਭ ਤੋਂ ਪਹਿਲਾਂ ਮਨੁੱਖ ਨੂੰ ਕੌਣ ਉਤਾਰ ਸਕਦਾ ਹੈ। ਧਰਤੀ ਦੇ ਆਰਬਿਟ ਵਿੱਚ ਪਹਿਲਾ ਉਪਗ੍ਰਹਿ ਸਥਾਪਿਤ ਕਰਨ, ਪਹਿਲੀ ਵਾਰ ਮਨੁੱਖਾਂ ਨੂੰ ਪੁਲਾੜ ਵਿੱਚ ਭੇਜਣ ਅਤੇ ਚੰਨ 'ਤੇ ਮਨੁੱਖ ਰਹਿਤ ਮਿਸ਼ਨ ਨੂੰ ਉਤਾਰਨ ਵਿੱਚ ਰੂਸ ਨੇ ਬਾਜ਼ੀ ਮਾਰੀ। ਪਰ ਅਪੋਲੋ ਮਿਸ਼ਨ ਰਾਹੀਂ ਅਮਰੀਕਾ ਨੇ ਪਹਿਲੀ ਵਾਰ ਚੰਦਰਮਾ ਦੀ ਸਤ੍ਹਾ 'ਤੇ ਮਨੁੱਖ ਨੂੰ ਉਤਾਰਿਆ ਅਤੇ ਇਹ ਵੱਡੀ ਉਪਲੱਬਧੀ ਆਪਣੇ ਨਾਂ ਕਰ ਲਈ। ਅਮਰੀਕਾ ਦੀ ਇਸ ਪ੍ਰਾਪਤੀ ਨੂੰ ਦੁਨੀਆਂ ਭਰ ਦੇ ਲੱਖਾਂ ਲੋਕਾਂ ਨੇ ਟੈਲੀਵਿਜ਼ਨ 'ਤੇ ਦੇਖਿਆ। ਇਸ ਤੋਂ ਬਾਅਦ ਅਮਰੀਕਾ ਨੇ ਚੰਦਰਮਾ 'ਤੇ ਕਈ ਹੋਰ ਮਨੁੱਖੀ ਮਿਸ਼ਨ ਭੇਜੇ। ਅਮਰੀਕਾ ਦਾ ਅਪੋਲੋ ਪ੍ਰੋਗਰਾਮ ਸਾਲ 1972 ਵਿੱਚ ਖਤਮ ਹੋ ਗਿਆ ਸੀ। ਪੰਜ ਦਹਾਕਿਆਂ ਬਾਅਦ ਵੀ ਅਮਰੀਕਾ ਤੋਂ ਇਲਾਵਾ ਕੋਈ ਵੀ ਦੇਸ਼ ਚੰਦ 'ਤੇ ਮਨੁੱਖ ਨੂੰ ਨਹੀਂ ਉਤਾਰ ਸਕਿਆ ਹੈ।

**ਦੱਖਣੀ ਧਰੁਵ 'ਤੇ ਕਿਸ ਦੀ ਲੈਂਡਿੰਗ ਹੋਵੇਗੀ ਪਹਿਲਾਂ**

14 ਜੁਲਾਈ, 2023 ਨੂੰ, ਭਾਰਤ ਦੇ ਚੰਦਰਯਾਨ ਨੇ ਧਰਤੀ ਤੋਂ ਉਡਾਣ ਭਰੀ। ਇਸ ਵਿੱਚ ਚੰਦਰਮਾ ਦੀ ਸਤ੍ਹਾ ਨਾਲ ਸਬੰਧਤ ਜਾਣਕਾਰੀ ਇਕੱਠੀ ਕਰਨ ਲਈ ਵਿਗਿਆਨਕ ਯੰਤਰਾਂ ਦੇ ਨਾਲ ਛੇ ਪਹੀਆਂ ਵਾਲਾ ਰੋਵਰ ਵੀ ਹੈ। ਉਮੀਦ ਕੀਤੀ ਜਾ ਰਹੀ ਹੈ ਕਿ ਚੰਦਰਮਾ ਦੇ ਆਰਬਿਟ 'ਚ ਕਈ ਵਾਰ ਚੱਕਰ ਲਗਾ ਕੇ ਇਹ ਪਹਿਲਾਂ ਚੰਦਰਮਾ 'ਤੇ ਉਤਰਨ ਦੀ ਤਿਆਰੀ ਕਰੇਗਾ ਅਤੇ ਫਿਰ 23 ਅਗਸਤ ਨੂੰ ਲੈਂਡਰ ਨੂੰ ਚੰਦਰਮਾ ਦੀ ਸਤ੍ਹਾ 'ਤੇ ਉਤਰੇਗਾ। ਇਸ ਦੇ ਨਾਲ ਹੀ ਰੂਸ ਦਾ ਲੈਂਡਰ ਲੂਨਾ-25 11 ਅਗਸਤ ਨੂੰ ਚੰਦਰਮਾ ਲਈ ਰਵਾਨਾ ਹੋਇਆ ਹੈ। ਇਹ ਚੰਦਰਯਾਨ ਤੋਂ ਵੀ ਜ਼ਿਆਦਾ ਤੇਜ਼ ਰਫਤਾਰ ਨਾਲ ਸਿੱਧੇ ਰਸਤੇ ਰਾਹੀਂ ਚੰਦਰਮਾ ਵੱਲ ਜਾ ਰਿਹਾ ਹੈ ਅਤੇ ਉਮੀਦ ਕੀਤੀ ਜਾ ਰਹੀ ਹੈ ਕਿ ਇਹ ਆਪਣੇ ਲਾਂਚ ਦੇ 10 ਦਿਨਾਂ ਦੇ ਅੰਦਰ ਹੀ ਚੰਦਰਮਾ 'ਤੇ ਪਹੁੰਚ ਜਾਵੇਗਾ। ਰੂਸੀ ਪੁਲਾੜ ਏਜੰਸੀ ਰੋਸਕੌਸਮੌਸ ਨੇ ਵੀ ਆਪਣੀ ਇੱਛਾ ਸਰੇਆਮ ਪ੍ਰਗਟਾਈ ਹੈ ਕਿ ਚੰਦਰਮਾ ਦੇ ਦੱਖਣੀ ਧਰੁਵ 'ਤੇ ਸਾਫਟ ਲੈਂਡਿੰਗ ਕਰਵਾਉਣ ਦੇ ਮਾਮਲੇ ਵਿੱਚ ਰੂਸ ਦੁਨੀਆਂ ਦਾ ਪਹਿਲਾ ਦੇਸ਼ ਬਣਨਾ ਚਾਹੁੰਦਾ ਹੈ। ਪਰ ਮੰਨਿਆ ਜਾ ਰਿਹਾ ਹੈ ਕਿ ਲੂਨਾ-25 ਦੀ ਯਾਤਰਾ ਥੋੜ੍ਹੀ ਹੌਲੀ ਹੋ ਸਕਦੀ ਹੈ ਅਤੇ ਚੰਦਰਮਾ 'ਤੇ ਪਹੁੰਚਣ 'ਚ ਇਸ ਨੂੰ ਥੋੜ੍ਹਾ ਵੱਧ ਸਮਾਂ ਲੱਗ ਸਕਦਾ ਹੈ। ਅਜਿਹੀ ਸਥਿਤੀ ਵਿੱਚ, ਇਹ ਪੂਰੀ ਤਰ੍ਹਾਂ ਸੰਭਵ ਹੈ ਕਿ ਚੰਦਰਯਾਨ-3 ਦਾ ਲੈਂਡਰ ਸਭ ਤੋਂ ਪਹਿਲਾਂ ਚੰਦਰਮਾ ਦੀ ਸਤ੍ਹਾ 'ਤੇ ਉਤਰੇ। ਗੱਲ ਰੂਸ ਦੀ ਹੋਵੇ ਜਾਂ ਭਾਰਤ ਦੀ, ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ ਕਿ ਚੰਦਰਮਾ 'ਤੇ ਪਹੁੰਚਣ ਦੀ ਦੌੜ 'ਚ ਇੱਕ ਵਾਰ ਫਿਰ ਕਈ ਦੇਸ਼ਾਂ ਦੀ ਦਿਲਚਸਪੀ ਵਧ ਰਹੀ ਹੈ। ਹਾਲ ਹੀ 'ਚ ਚੰਦਰਮਾ 'ਤੇ ਪਾਣੀ ਦੇ ਸੰਕੇਤ ਮਿਲੇ ਹਨ, ਜਿਸ ਤੋਂ ਬਾਅਦ ਵਿਗਿਆਨੀਆਂ 'ਚ ਖਾਸਾ ਉਤਸ਼ਾਹ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਜੇਕਰ ਭਵਿੱਖ 'ਚ ਚੰਦਰਮਾ 'ਤੇ ਬੇਸ ਬਣਾਉਣਾ ਹੋਵੇ ਤਾਂ ਇਸ ਜੰਮੇ ਹੋਏ ਪਾਣੀ ਦੇ ਹਾਈਡ੍ਰੋਜਨ ਤੋਂ ਈਂਧਨ ਤਿਆਰ ਕੀਤਾ ਜਾ ਸਕਦਾ ਹੈ। ਇੱਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਇਹ ਪਾਣੀ ਭਵਿੱਖ ਵਿੱਚ ਪੀਣ ਯੋਗ ਬਣਾਇਆ ਜਾ ਸਕੇਗਾ।

**ਲੂਨਾ-25 ਬਨਾਮ ਚੰਦਰਯਾਨ-3**

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਰੂਸ ਦੇ ਲੂਨਾ-25 ਅਤੇ ਭਾਰਤ ਦੇ ਚੰਦਰਯਾਨ-3 ਵਿਚਕਾਰ ਦੌੜ ਨੇ ਚੰਨ ਦੀ ਸਤ੍ਹਾ ਦੀ ਖੋਜ ਦੇ ਇੱਕ ਨਵੇਂ ਦੌਰ ਦੀ ਸ਼ੁਰੂਆਤ ਕਰ ਦਿੱਤੀ ਹੈ। ਇਸ ਵਿੱਚ ਭਾਰਤ ਅਤੇ ਰੂਸ ਤੋਂ ਇਲਾਵਾ ਅਮਰੀਕਾ, ਚੀਨ, ਇਜ਼ਰਾਈਲ, ਜਾਪਾਨ ਅਤੇ ਪ੍ਰਾਈਵੇਟ ਕੰਪਨੀਆਂ ਵੀ ਸ਼ਾਮਲ ਹਨ, ਜੋ ਚੰਦਰਮਾ ਲਈ ਮਾਨਵ ਰਹਿਤ ਅਤੇ ਮਨੁੱਖਾਂ ਨੂੰ ਲੈ ਕੇ ਜਾਣ ਵਾਲੇ ਪ੍ਰੋਗਰਾਮਾਂ ਦੀ



ਯੋਜਨਾ ਬਣਾ ਰਹੀਆਂ ਹਨ। ਕੁਝ ਦੇਸ਼ਾਂ ਲਈ ਇਹ ਦੋਸਤਾਨਾ ਮੁਕਾਬਲਾ ਹੈ, ਪਰ ਇਹ ਸੱਚ ਹੈ ਕਿ ਖੋਜ ਦਾ ਹਰ ਪ੍ਰੋਗਰਾਮ ਚੰਦਰਮਾ ਬਾਰੇ ਜਾਣਕਾਰੀ ਦੀ ਕਿਤਾਬ ਵਿੱਚ ਇੱਕ ਨਵਾਂ ਅਧਿਆਏ ਸਾਬਤ ਹੋਵੇਗਾ। ਚੰਦਰਮਾ 'ਤੇ ਲੈਂਡਰ ਨੂੰ ਉਤਾਰਨ ਦਾ ਹਰ ਦੇਸ਼ ਦਾ ਹਰੇਕ ਛੋਟਾ ਕਦਮ ਵੀ ਮਨੁੱਖਾਂ ਨੂੰ ਸੌਰ ਮੰਡਲ ਦੀ ਪ੍ਰਣਾਲੀ ਦੇ ਮੈਂਬਰਾਂ ਨੂੰ ਸਮਝਣ ਵਿੱਚ ਮਦਦ ਕਰੇਗਾ। ਪਰ ਕੁਝ ਮਾਹਰਾਂ ਦਾ ਮੰਨਣਾ ਹੈ ਕਿ ਚੰਦਰਮਾ ਦੇ ਦੱਖਣੀ ਧਰੁਵ 'ਤੇ ਸਭ ਤੋਂ ਪਹਿਲਾਂ ਕੌਣ ਉਤਰੇਗਾ, ਇਹ ਬਹੁਤ ਮਹੱਤਵਪੂਰਨ ਹੈ।

**ਭਾਰਤ ਰੂਸ ਤੋਂ ਇੱਕ ਕਦਮ ਅੱਗੇ**

ਅਮਰੀਕਾ ਦੇ ਏਅਰ ਐਂਡ ਸਪੇਸ ਫੋਰਟ ਦੀ ਏਅਰ ਯੂਨੀਵਰਸਿਟੀ ਵਿੱਚ ਰਣਨੀਤੀ ਅਤੇ ਸੁਰੱਖਿਆ ਮਾਮਲਿਆਂ ਦੇ ਮਹਿਲਾ ਪ੍ਰੋਫੈਸਰ ਵੈਂਡੀ ਵਿਟਮੈਨ ਕੌਬ ਦਾ ਕਹਿਣਾ ਹੈ, "ਅਜਿਹਾ ਲੱਗਦਾ ਹੈ ਕਿ ਇਹ ਮਹਿਜ਼ ਇਤਫ਼ਾਕ ਹੈ ਕਿ ਦੋਵੇਂ ਚੰਦਰਮਾ ਲੈਂਡਰ ਇੱਕੋ ਸਮੇਂ ਚੰਦ 'ਤੇ ਉਤਰ ਸਕਦੇ ਹਨ, ਪਰ ਇਹ ਬਹੁਤ ਦਿਲਚਸਪ ਹੈ।" ਉਹ ਦੱਸਦੇ ਹਨ ਕਿ ਰੂਸ 2021 'ਚ ਲੂਨਾ-25 ਨੂੰ ਲਾਂਚ ਕਰਨਾ ਚਾਹੁੰਦਾ ਸੀ ਪਰ ਕੁਝ ਕਾਰਨਾਂ ਕਰਕੇ ਇਸ ਦੀ ਲਾਂਚਿੰਗ 'ਚ ਦੇਰੀ ਹੋ ਗਈ ਅਤੇ ਇਸ ਨੂੰ ਇਸ ਸਾਲ ਲਾਂਚ ਕੀਤਾ ਜਾ ਸਕਿਆ। ਉਹ ਕਹਿੰਦੇ ਹਨ ਕਿ ਭਾਰਤ ਇਸ ਮਾਮਲੇ ਵਿਚ ਰੂਸ ਤੋਂ ਇਕ ਕਦਮ ਅੱਗੇ ਹੈ ਕਿਉਂਕਿ ਉਸ ਦਾ ਪੁਲਾੜ ਯਾਨ ਪਹਿਲਾਂ ਹੀ ਚੰਦਰਮਾ ਦੇ ਚੱਕਰ ਵਿਚ ਹੈ। ਉਨ੍ਹਾਂ ਮੁਤਾਬਕ, "ਹੋ ਸਕਦਾ ਹੈ ਕਿ ਇਸ ਕਾਰਨ ਰੂਸ 'ਤੇ ਚੰਦਰਮਾ 'ਤੇ ਪਹਿਲਾਂ ਪਹੁੰਚਣ ਲਈ ਕੁਝ ਦਬਾਅ ਵੀ ਹੋਵੇ, ਕਿਉਂਕਿ ਉਨ੍ਹਾਂ ਨੇ ਇਸ ਲਈ ਸਿੱਧਾ ਰਸਤਾ ਚੁਣਿਆ ਹੈ।" ਚੰਦਰਯਾਨ-3 ਦਾ ਵਜ਼ਨ ਲੂਨਾ-25 ਨਾਲੋਂ ਦੁੱਗਣਾ ਹੈ ਅਤੇ ਇਸ ਨੂੰ ਰੂਸੀ ਪੁਲਾੜ ਯਾਨ ਨਾਲੋਂ ਘੱਟ ਤਾਕਤਵਰ ਰਾਕੇਟ ਨਾਲ ਲਾਂਚ ਕੀਤਾ ਗਿਆ ਸੀ। ਇਸ ਦਾ ਮਤਲਬ ਹੈ ਕਿ ਚੰਦਰਯਾਨ-3 ਧਰਤੀ ਦੇ ਦੁਆਲੇ ਅੰਡਾਕਾਰ ਚੱਕਰ ਲਗਾਏਗਾ ਅਤੇ ਇਸ ਤੋਂ ਬਾਅਦ ਇਹ ਚੰਦਰਮਾ ਵੱਲ ਆਪਣੇ ਆਪ ਨੂੰ ਉਛਾਲ ਦੇਵੇਗਾ। ਦੋਵਾਂ ਪ੍ਰੋਗਰਾਮਾਂ 'ਚ ਸਭ ਤੋਂ ਵੱਧ ਦਬਾਅ ਆਪਰੇਟਰਾਂ 'ਤੇ ਹੋਵੇਗਾ, ਜਿਨ੍ਹਾਂ ਨੂੰ ਚੰਦਰਮਾ 'ਤੇ ਲੈਂਡਰ ਨੂੰ ਉਤਾਰਨ ਤੋਂ ਪਹਿਲਾਂ ਉਸ ਦਾ ਸਟੀਕ ਮੁਲਾਂਕਣ ਕਰਨਾ ਹੋਵੇਗਾ ਤਾਂ ਜੋ ਟੱਚਡਾਊਨ ਦੀ ਪ੍ਰਕਿਰਿਆ 'ਚ ਕੋਈ ਗੜਬੜ ਨਾ ਹੋਵੇ। ਆਖਰੀ ਸਮੇਂ 'ਚ ਮਾਮੂਲੀ ਤਕਨੀਕੀ ਖਰਾਬੀ ਕਾਰਨ ਪੂਰੀ ਮੁਹਿੰਮ ਦੇ ਅਸਫਲ ਹੋਣ ਦਾ ਖਤਰਾ ਹੈ ਅਤੇ ਦੋਵੇਂ ਮੁਹਿੰਮਾਂ ਉਦੋਂ ਤੱਕ ਸਫਲ ਨਹੀਂ ਮੰਨੀਆਂ ਜਾਣਗੀਆਂ ਜਦੋਂ ਤੱਕ ਉਹ ਆਪਣੇ ਲੈਂਡਰ ਨੂੰ ਚੰਦਰਮਾ ਦੀ ਸਤ੍ਹਾ 'ਤੇ ਸਹੀ ਢੰਗ ਨਾਲ ਨਹੀਂ ਉਤਾਰ ਦਿੰਦੇ।

**ਰੂਸ ਦਾ ਲੂਨਾ-1 ਚੰਦਰਮਾ ਤੱਕ ਪਹੁੰਚਣ ਵਾਲਾ ਪਹਿਲਾ ਰੋਵਰ ਸੀ**

ਹਾਲਾਂਕਿ ਇਹ ਵੀ ਸੱਚ ਹੈ ਕਿ ਦੋਵਾਂ ਦੇਸ਼ਾਂ ਲਈ ਇਹ ਮਾਮਲਾ ਰਾਸ਼ਟਰੀ ਸਵੈਮਾਣ ਨਾਲ ਵੀ ਜੁੜਿਆ ਹੋਇਆ ਹੈ। ਯੂਕਰੇਨ ਖਿਲਾਫ 'ਵਿਸ਼ੇਸ਼ ਫੌਜੀ ਕਾਰਵਾਈ' ਸ਼ੁਰੂ ਕਰਨ ਤੋਂ ਬਾਅਦ ਰੂਸ ਨੂੰ ਕਈ ਪੱਧਰਾਂ 'ਤੇ ਪਾਬੰਦੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਜਿਹੇ 'ਚ ਉਹ ਇਹ ਸਾਬਤ ਕਰਨਾ ਚਾਹੁੰਦਾ ਹੈ ਕਿ ਪੁਲਾੜ ਦੇ ਖੇਤਰ 'ਚ ਉਸ ਦੀ ਯੋਗਤਾ ਕਿਸੇ ਵੀ ਕਾਰਨ ਪ੍ਰਭਾਵਿਤ ਨਹੀਂ ਹੋਈ ਹੈ। ਵਿਟਮੈਨ ਕੌਬ ਦਾ ਕਹਿਣਾ ਹੈ ਕਿ "ਇਨ੍ਹਾਂ ਪਾਬੰਦੀਆਂ ਦਾ ਰੂਸ ਦੇ ਪੁਲਾੜ ਪ੍ਰੋਗਰਾਮ 'ਤੇ ਬੁਰਾ ਪ੍ਰਭਾਵ ਪਿਆ ਹੈ।"

ਬ੍ਰਿਟੇਨ ਦੀ ਕੁਈਨ ਮਾਰਗਰੇਟ ਯੂਨੀਵਰਸਿਟੀ 'ਚ ਸਪੇਸ ਇੰਡਸਟਰੀ ਦੀ ਪੜ੍ਹਾਈ ਕਰ ਰਹੇ ਸਟੀਫਾਨੀਆ ਪਾਲਾਦਿਨੀ ਕਹਿੰਦੇ ਹਨ ਕਿ ਜਦੋਂ ਰੂਸ ਹੋੜ ਵਿੱਚ ਨਹੀਂ ਸੀ, ਉਸ ਵੇਲੇ 50 ਸਾਲ ਪਹਿਲਾਂ ਸੋਵੀਅਤ ਸੰਘ ਚੰਦ 'ਤੇ ਲੈਂਡਰ ਅਤੇ ਰੋਵਰ ਉਤਾਰਨ ਦੇ ਯੋਗ ਰਿਹਾ ਸੀ, ਇਹ ਪੂਰੀ



ਦੌੜ ਅਸਲ 'ਚ ਚੰਦ 'ਤੇ ਪਹੁੰਚਣ ਦੀ ਨਹੀਂ ਹੈ। ਦੇਖਿਆ ਜਾਵੇ ਤਾਂ ਰੂਸ ਪਹਿਲਾਂ ਹੀ ਇਹ ਦੌੜ ਜਿੱਤ ਚੁੱਕਿਆ ਹੈ ਪਰ ਫਿਰ 1976 'ਚ ਲੂਨਾ-24 ਤੋਂ ਬਾਅਦ ਰੂਸ ਨੇ ਇਸ ਮਿਸ਼ਨ 'ਤੇ ਜ਼ਿਆਦਾ ਧਿਆਨ ਨਹੀਂ ਦਿੱਤਾ। ਲੂਨਾ-25, ਸਾਲਾਂ ਬਾਅਦ ਰੂਸ ਦੇ ਚੰਦਰਮਾ ਮਿਸ਼ਨ ਨੂੰ ਮੁੜ ਪੱਟੜੀ 'ਤੇ ਲਿਆਉਣ ਦੀ ਕੋਸ਼ਿਸ਼ ਹੈ। ਮੰਨਿਆ ਜਾਂਦਾ ਹੈ ਕਿ ਰੂਸ ਦਾ ਲੂਨਾ-1 ਚੰਦਰਮਾ ਤੱਕ ਪਹੁੰਚਣ ਵਾਲਾ ਪਹਿਲਾ ਰੋਵਰ ਸੀ। ਜਾਣਕਾਰ ਕਹਿੰਦੇ ਹਨ ਕਿ ਇਸ ਦਾ ਡਿਜ਼ਾਈਨ ਕੁਝ ਇਸ ਤਰ੍ਹਾਂ ਦਾ ਸੀ ਕਿ ਇਹ ਚੰਦਰਮਾ ਤੱਕ ਪਹੁੰਚ ਕੇ ਉੱਥੇ ਉਤਰੇ, ਪਰ ਜਦੋਂ 1959 'ਚ ਇਹ ਚੰਦਰਮਾ ਕੋਲ ਪਹੁੰਚਿਆ ਤਾਂ ਉਸ ਦੀ ਸਤਹਿ ਤੋਂ 3,725 ਮੀਲ (5,995 ਕਿਲੋਮੀਟਰ) ਦੀ ਦੂਰੀ ਤੋਂ ਹੁੰਦਾ ਹੋਇਆ ਲੰਘ ਗਿਆ ਸੀ। ਸਟੇਫਾਨੀਆ ਕਹਿੰਦੇ ਹਨ ਕਿ "ਜੇਕਰ ਭਾਰਤ ਦਾ ਚੰਦਰਯਾਨ-3 ਯੋਜਨਾ ਅਨੁਸਾਰ ਚੰਦਰਮਾ 'ਤੇ ਉਤਰਦਾ ਹੈ, ਤਾਂ ਇਹ ਭਾਰਤ ਲਈ ਸਾਫਟ ਲੈਂਡਿੰਗ ਦੀ ਪਹਿਲੀ ਵੱਡੀ ਪ੍ਰਾਪਤੀ ਹੋਵੇਗੀ।" ਉਹ ਕਹਿੰਦੇ ਹਨ ਕਿ 2019 ਵਿੱਚ ਚੰਦਰਯਾਨ-2 ਦੇ ਨਾਲ ਵੀ ਭਾਰਤ ਨੇ ਇਹੀ ਕੋਸ਼ਿਸ਼ ਕੀਤੀ ਸੀ ਕਿ ਉਹ ਚੰਦਰਮਾ ਦੀ ਸਤਹਿ 'ਤੇ ਲੈਂਡਰ ਦੀ ਸਾਫਟ ਲੈਂਡਿੰਗ ਕਰਵਾ ਸਕੇ। ਪਰ ਇਹ ਲੈਂਡਰ ਚੰਦਰਮਾ ਦੀ ਸਤਹਿ ਨਾਲ ਟਕਰਾ ਗਿਆ, ਜਿਸ ਕਾਰਨ ਇਹ ਮਿਸ਼ਨ ਅਸਫਲ ਹੋ ਗਿਆ। ਹਾਲਾਂਕਿ, ਚੰਨ ਦੇ ਦੱਖਣੀ ਧਰੁਵ ਤੱਕ ਪਹੁੰਚਣ ਦੀ ਕੋਸ਼ਿਸ਼ ਭਾਰਤ ਨੇ ਇਸ ਤੋਂ ਪਹਿਲਾਂ ਹੀ ਕੀਤੀ ਹੈ। ਭਾਰਤ ਨੇ ਅਕਤੂਬਰ 2008 ਵਿੱਚ ਚੰਦਰਯਾਨ-1 ਨੂੰ ਚੰਦਰਮਾ ਦੇ ਆਰਬਿਟ ਵਿੱਚ ਸਥਾਪਿਤ ਕੀਤਾ ਸੀ, ਇਸ ਨੇ ਮੂਨ ਇਮਪੈਕਟ ਪ੍ਰਾਬ ਭੇਜਿਆ ਸੀ ਜੋ ਸ਼ੈਕਲਟਨ ਕ੍ਰੇਟਰ ਦੇ ਨੇੜੇ ਕਰੈਸ਼ ਹੋ ਗਿਆ ਸੀ। ਹਾਲਾਂਕਿ ਇਸ ਪ੍ਰਾਬ ਨੂੰ ਕਦੇ ਵੀ ਸਾਫਟ ਲੈਂਡਿੰਗ ਲਈ ਤਿਆਰ ਨਹੀਂ ਕੀਤਾ ਗਿਆ ਸੀ।

**ਤਾਂ ਇਸ ਵਾਰ ਵੱਖਰਾ ਕੀ ਹੈ?**

ਪਰ ਇਸ ਵਾਰ ਰੂਸ ਅਤੇ ਭਾਰਤ ਦਾ ਮਿਸ਼ਨ ਪਹਿਲਾਂ ਨਾਲੋਂ ਵੱਖਰਾ ਹੈ ਕਿਉਂਕਿ ਇਸ ਵਾਰ ਦੋਵਾਂ ਦੀ ਕੋਸ਼ਿਸ਼ ਹੈ ਕਿ ਉਹ ਚੰਦਰਮਾ ਦੇ ਦੱਖਣੀ ਧਰੁਵ 'ਤੇ ਉਤਰਨ ਲਈ ਸਹੀ ਜਗ੍ਹਾ ਲੱਭ ਸਕਣ। ਚੰਦਰਮਾ 'ਤੇ ਹੁਣ ਤੱਕ ਜੋ ਵੀ ਮਿਸ਼ਨ ਭੇਜੇ ਗਏ ਹਨ, ਉਹ ਚੰਨ ਦੇ ਉੱਤਰ ਜਾਂ 'ਚ ਲੈਂਡ ਕਰਨ ਲਈ ਭੇਜੇ ਗਏ ਹਨ। ਇੱਥੇ ਉਤਰਨ ਲਈ ਜਗ੍ਹਾ ਸਮਤਲ ਹੈ ਅਤੇ ਸਹੀ ਧੁੱਪ ਵੀ ਆਉਂਦੀ ਹੈ। ਪਰ ਦੱਖਣੀ ਧਰੁਵ ਚੰਦਰਮਾ ਦਾ ਉਹ ਖੇਤਰ ਹੈ ਜਿੱਥੇ ਰੌਸ਼ਨੀ ਨਹੀਂ ਪਹੁੰਚਦੀ। ਇਸ ਤੋਂ ਇਲਾਵਾ, ਇਸ ਸਥਾਨ 'ਤੇ ਚੰਦਰਮਾ ਦੀ ਸਤਹਿ ਪੱਥਰੀਲੀ, ਉੱਚੀ-ਨੀਵੀਂ ਅਤੇ ਟੋਇਆਂ ਨਾਲ ਭਰੀ ਹੋਈ ਹੈ। ਕੋਲੋਰਾਡੋ ਬੋਲਡਰ ਯੂਨੀਵਰਸਿਟੀ ਵਿੱਚ ਐਸਟ੍ਰੋਫਿਜ਼ਿਕਸ ਅਤੇ ਪਲੇਨੇਟਰੀ ਸਾਇੰਸ (ਗ੍ਰਹਿ ਵਿਗਿਆਨ) ਦੇ ਪ੍ਰੋਫੈਸਰ ਜੈਕ ਬਰਨਜ਼ ਕਹਿੰਦੇ ਹਨ, "ਇੱਥੇ ਪਹੁੰਚਣ ਵਾਲੀਆਂ ਸੂਰਜ ਦੀਆਂ ਕਿਰਨਾਂ ਟੇਢੀਆਂ ਹੁੰਦੀਆਂ ਹਨ। ਚੰਦਰਮਾ ਦਾ ਵਧੇਰੇ ਹਿੱਸਾ ਮੁਕਾਬਲਤਨ ਪੱਧਰਾ ਹੈ, ਪਰ ਦੱਖਣੀ ਪਾਸੇ ਸੂਰਜ ਦੀ ਰੌਸ਼ਨੀ ਕਾਰਨ ਟੋਇਆਂ ਦੇ ਪਰਛਾਵੇਂ ਬਹੁਤ ਲੰਮੇ ਹੁੰਦੇ ਹਨ। ਇਸ ਕਾਰਨ ਇੱਥੇ ਟੋਇਆਂ ਅਤੇ ਉੱਚੀ-ਨੀਵੀਂ ਜ਼ਮੀਨ ਦੀ ਪਛਾਣ ਕਰਨਾ ਬਹੁਤ ਮੁਸ਼ਕਲ ਹੈ।" ਆਰਟੇਮਿਸ-3 ਦੇ ਨਾਲ ਸਾਲ 2025 ਵਿੱਚ ਅਮਰੀਕਾ ਚੰਦਰਮਾ ਦੇ ਦੱਖਣੀ ਧਰੁਵ ਵੱਲ ਮਨੁੱਖ ਨੂੰ ਭੇਜਣਾ ਚਾਹੁੰਦਾ ਹੈ। ਅਜਿਹੇ 'ਚ ਭਾਰਤ ਅਤੇ ਰੂਸ ਦੇ ਲੈਂਡਰ ਤੋਂ ਜੋ ਜਾਣਕਾਰੀ ਮਿਲੇਗੀ, ਉਹ ਬਹੁਤ ਮਹੱਤਵਪੂਰਨ ਹੋਵੇਗੀ। ਹਾਲਾਂਕਿ ਵਿਟਮੈਨ ਕੌਬ ਦਾ ਕਹਿਣਾ ਹੈ ਕਿ ਮਨੁੱਖਾਂ ਨੂੰ ਭੇਜਣਾ, ਮਨੁੱਖ ਰਹਿਤ ਪੁਲਾੜ ਯਾਨ ਭੇਜਣ ਨਾਲੋਂ ਕਿਤੇ ਜ਼ਿਆਦਾ ਚੁਣੌਤੀਪੂਰਨ ਹੁੰਦਾ ਹੈ। ਉਹ ਕਹਿੰਦੇ ਹਨ ਕਿ "ਮੈਨੂੰ ਨਹੀਂ ਲੱਗਦਾ ਕਿ ਇਹ ਦੋਵੇਂ ਕਿਸੇ ਵੀ ਤਰ੍ਹਾਂ ਨਾਲ ਵੀ ਇੱਕੋ ਜਿਹੀਆਂ ਯੋਜਨਾਵਾਂ ਹਨ।"

**ਅਸਲ ਦੌੜ ਸਮੇਂ ਦੀ...**

ਐਰੀਜ਼ੋਨਾ ਯੂਨੀਵਰਸਿਟੀ ਵਿੱਚ ਪਲੇਨੇਟਰੀ ਸਾਇੰਸ ਦੇ ਪ੍ਰੋਫੈਸਰ ਵਿਸ਼ਨੂੰ ਰੈਡੀ ਦਾ ਕਹਿਣਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਇਹ ਮਹੱਤਵਪੂਰਨ ਨਹੀਂ ਰਹੇਗਾ ਕਿ ਕੌਣ ਪਹਿਲਾਂ ਗਿਆ ਅਤੇ ਕੌਣ ਬਾਅਦ ਵਿੱਚ। ਉਹ ਕਹਿੰਦੇ ਹਨ ਕਿ "ਆਉਣ ਵਾਲੇ ਸਮੇਂ ਵਿੱਚ ਅਸੀਂ ਦੇਖਾਂਗੇ ਕਿ ਕੌਣ ਉੱਥੇ ਲੰਬੇ ਸਮੇਂ ਤੱਕ ਆਪਣੀ ਮੌਜੂਦਗੀ ਬਣਾਉਣ ਵਿੱਚ ਕਾਮਯਾਬ ਰਿਹਾ ਹੈ।" "ਅਜੋਕੇ ਸਮੇਂ ਵਿੱਚ, ਪ੍ਰਾਈਵੇਟ ਕੰਪਨੀਆਂ ਅਤੇ ਸਰਕਾਰਾਂ ਵਿਚਕਾਰ ਇੱਕ ਮੁਕਾਬਲੇ ਦੀ ਜੋ ਚਰਚਾ ਹੋ ਰਹੀ ਹੈ, ਉਹ ਬੇਤੁਕੀ ਹੈ। ਮੁਕਾਬਲਾ ਸਿਰਫ ਤੁਹਾਨੂੰ ਇੱਕ ਥਾਂ ਤੱਕ ਪਹੁੰਚ ਸਕਦਾ ਹੈ ਪਰ ਇਹ ਲੰਮੇਂ ਸਮੇਂ ਤੱਕ ਉੱਥੇ ਤੁਹਾਡੀ ਮੌਜੂਦਗੀ ਨੂੰ ਯਕੀਨੀ ਨਹੀਂ ਬਣਾ ਸਕਦਾ। ਉਨ੍ਹਾਂ ਦਾ ਕਹਿਣਾ ਹੈ ਕਿ ਭਾਰਤ ਅਤੇ ਰੂਸ ਦੋਵਾਂ ਦੇ ਲੈਂਡਰ ਲਗਭਗ ਇੱਕੋ ਜਿਹੇ ਹਨ। ਉਨ੍ਹਾਂ ਨੂੰ ਉਮੀਦ ਹੈ ਕਿ ਇਨ੍ਹਾਂ ਦੋਵਾਂ ਤੋਂ ਵਿਗਿਆਨੀ ਚੰਦਰਮਾ 'ਤੇ ਮੌਜੂਦ ਪਾਣੀ, ਖਣਿਜ, ਉੱਥੋਂ ਦੇ ਵਾਯੂਮੰਡਲ ਅਤੇ ਹੋਰ ਚੀਜ਼ਾਂ ਬਾਰੇ ਹੋਰ ਜਾਣਕਾਰੀ ਹਾਸਲ ਕਰ ਸਕਣਗੇ। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਦੱਖਣੀ ਧਰੁਵ ਤੋਂ ਚੰਦਰਮਾ ਦੀ ਸਪਸ਼ਟ ਤਸਵੀਰ ਮਿਲ ਸਕੀ ਤਾਂ ਇਹ ਵੀ ਇੱਕ ਵੱਡੀ ਪ੍ਰਾਪਤੀ ਹੋਵੇਗੀ, ਕਿਉਂਕਿ ਮੁੱਖ ਸੰਘਰਸ਼ ਲੈਂਡਰ ਨੂੰ ਸਫਲਤਾਪੂਰਵਕ ਉਸ ਹਿੱਸੇ ਵਿੱਚ ਉਤਾਰਨਾ ਹੈ।

TANVIR
Tour & Travels
FRESNO
Where journey don't cost the world
Cheap Fares For Airline Tickets all around the world
Best Deals to India England, Pakistan, Canada and Europe
Our Services
* Cheap Fares For Airline Tickets all around the world
* Best Deals to India, England, Pakistan, Canada and Europe
* Apply for USA Citizenship
* Indian Passport renewal and Visa
* OCI Card and Renunciation
* Family Petition, Work Permit
* Power of Attorney
* Green card renewal
B.R. Joshi, Prop.
5627 N. Figarden Dr. STE 114 Fresno, CA 93722
email: tanvirtravels@gmail.com
www.tanvirtravels.com
(559) 803-0055

# ਸੰਸਦ ਦੀ ਕਾਰਵਾਈ ’ਚ ਅੜਿੱਕਾ ਡਾਹ ਕੇ ਦਿਸ਼ਾਹੀਣਤਾ ਦੀ ਸ਼ਿਕਾਰ ਹੋਈ ਵਿਰੋਧੀ ਧਿਰ

ਸੰਸਦ ਦਾ ਮੌਨਸੂਨ ਇਜਲਾਸ ਆਰੰਭ ਹੁੰਦੇ ਹੀ ਇਸ ਦੇ ਸੰਕੇਤ ਮਿਲਣ ਲੱਗੇ ਸਨ ਕਿ ਪਿਛਲੇ ਕਈ ਇਜਲਾਸਾਂ ਦੀ ਤਰ੍ਹਾਂ ਵਿਰੋਧੀ ਪਾਰਟੀਆਂ ਇਸ ਵਾਰ ਵੀ ਸਦਨ ਚੱਲਣ ਨਹੀਂ ਦੇਣਗੀਆਂ। ਅਖ਼ੀਰ ਅਜਿਹਾ ਹੀ ਹੋਇਆ। ਮਨੀਪੁਰ ਦੀ ਨਸਲੀ ਹਿੰਸਾ ਨੂੰ ਸੰਸਦ ਵਿਚ ਅੜਿੱਕੇ ਦਾ ਜ਼ਰੀਆ ਬਣਾਉਣ ਲਈ ਕਾਂਗਰਸ ਅਤੇ ਕੁਝ ਹੋਰ ਪਾਰਟੀਆਂ ਨੇ ਪਹਿਲਾਂ ਤੋਂ ਹੀ ਤਿਆਰੀ ਸ਼ੁਰੂ ਕਰ ਦਿੱਤੀ ਸੀ।

ਇਸ ਦੀ ਸ਼ੁਰੂਆਤ ਤਦ ਹੀ ਹੋ ਗਈ ਸੀ, ਜਦ ਰਾਹੁਲ ਗਾਂਧੀ ਮਨੀਪੁਰ ਵਿਚ ਹਿੰਸਾ ਪੀੜਤਾਂ ਨੂੰ ਮਿਲਣ ਦੇ ਨਾਂ ’ਤੇ ਸੜਕੀ ਮਾਰਗ ਰਸਤੇ ਚੂੜਚੰਦਪੁਰ ਜਾਣ ਲਈ ਅੜ ਗਏ ਸਨ। ਉਨ੍ਹਾਂ ਨੂੰ ਸੁਰੱਖਿਆ ਕਾਰਨਾਂ ਕਰ ਕੇ ਹੈਲੀਕਾਪਟਰ ਜ਼ਰੀਏ ਜਾਣ ਦੀ ਸਲਾਹ ਦਿੱਤੀ ਗਈ ਪਰ ਉਨ੍ਹਾਂ ਦਾ ਇਰਾਦਾ ਸੁਰਖੀਆਂ ਬਟੋਰਨਾ ਸੀ, ਇਸ ਲਈ ਉਹ ਸੜਕੀ ਮਾਰਗ ਰਾਹੀਂ ਜਾਣ ਦੀ ਜ਼ਿੱਦ ’ਤੇ ਅੜੇ ਰਹੇ।

ਆਖ਼ਰਕਾਰ ਲੋਕਾਂ ਦੇ ਧਰਨਾ-ਪ੍ਰਦਰਸ਼ਨ ਕਾਰਨ ਉਨ੍ਹਾਂ ਨੂੰ ਹੈਲੀਕਾਪਟਰ ਰਾਹੀਂ ਹੀ ਮੰਜ਼ਿਲ ਤਕ ਜਾਣਾ ਪਿਆ। ਰਾਹੁਲ ਗਾਂਧੀ ਜਿਸ ਤਰੀਕੇ ਦੀ ਰਾਜਨੀਤੀ ਕਰਨ ਦੇ ਆਦੀ ਹਨ, ਉਸੇ ਦੇ ਅਨੁਸਾਰ ਉਨ੍ਹਾਂ ਨੇ ਮਨੀਪੁਰ ਨੂੰ ਲੈ ਕੇ ਕੇਂਦਰ ਸਰਕਾਰ ਅਤੇ ਵਿਸ਼ੇਸ਼ ਤੌਰ ’ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ’ਤੇ ਤਿੱਖਾ ਹਮਲਾ ਬੋਲਿਆ ਪਰ ਇਸ ਨਾਲ ਉਨ੍ਹਾਂ ਨੂੰ ਕੁਝ ਹਾਸਲ ਨਹੀਂ ਹੋਇਆ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪਹਿਲੇ ਹੀ ਦਿਨ ਸਪਸ਼ਟ ਕਰ ਦਿੱਤਾ ਸੀ ਕਿ ਸਰਕਾਰ ਮਨੀਪੁਰ ’ਤੇ ਚਰਚਾ ਨੂੰ ਤਿਆਰ ਹੈ। ਵਿਰੋਧੀ ਧਿਰ ਦੀ ਦਿਲਚਸਪੀ ਕਿਉਂਕਿ ਚਰਚਾ ਵਿਚ ਹੈ ਹੀ ਨਹੀਂ ਸੀ, ਇਸੇ ਲਈ ਉਸ ਵੱਲੋਂ ਨਵੀਆਂ-ਨਵੀਆਂ ਸ਼ਰਤਾਂ ਲਗਾਈਆਂ ਜਾਂਦੀਆਂ ਰਹੀਆਂ। ਇਨ੍ਹਾਂ ’ਚੋਂ ਇਕ ਸ਼ਰਤ ਇਹ ਵੀ ਸੀ ਕਿ ਸੰਸਦ ਉਦੋਂ ਚੱਲਣ ਦਿੱਤੀ ਜਾਵੇਗੀ ਜਦ ਪ੍ਰਧਾਨ ਮੰਤਰੀ ਮਨੀਪੁਰ ’ਤੇ ਬਿਆਨ ਦੇ ਦੇਣਗੇ। ਇਹ ਮੰਗ ਇਸ ਦੇ ਬਾਵਜੂਦ ਕੀਤੀ ਗਈ ਕਿ ਜਦ ਮਨੀਪੁਰ ਵਿਚ ਔਰਤਾਂ ਨਾਲ ਅੱਤਿਆਚਾਰ ਦੀ ਲਗਪਗ ਦੋ ਮਹੀਨੇ ਪੁਰਾਣੀ ਅਤੇ ਰਾਸ਼ਟਰ ਨੂੰ ਸ਼ਰਮਸਾਰ ਕਰਨ ਵਾਲੀ ਵੀਡੀਓ ਸਾਹਮਣੇ ਆਈ ਤਾਂ ਪ੍ਰਧਾਨ ਮੰਤਰੀ ਨੇ ਤਤਕਾਲ ਨਾ ਸਿਰਫ਼ ਇਸ ਘਟਨਾ ਦੀ ਨਿੰਦਾ ਕੀਤੀ ਬਲਕਿ ਇਹ ਭਰੋਸਾ ਵੀ ਦਿੱਤਾ ਕਿ ਦੋਸ਼ੀਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ।

ਇਸੇ ਦੇ ਨਾਲ ਮਨੀਪੁਰ ਵਿਚ ਅਪਰਾਧੀਆਂ ਵਿਰੁੱਧ ਕਾਰਵਾਈ ਵੀ ਤੇਜ਼ ਕਰ ਦਿੱਤੀ ਗਈ ਅਤੇ ਕੁਝ ਮਾਮਲੇ ਸੀਬੀਆਈ ਨੂੰ ਸੌਂਪ ਦਿੱਤੇ ਗਏ। ਇਸ ਤੋਂ ਬਾਅਦ ਵੀ ਵਿਰੋਧੀ ਧਿਰ ਨੇ ਕਿਸੇ ਨਾ ਕਿਸੇ ਬਹਾਨੇ ਸੰਸਦ ਠੱਪ ਰੱਖੀ। ਮਨੀਪੁਰ ’ਤੇ ਪ੍ਰਧਾਨ ਮੰਤਰੀ ਬੋਲਣ, ਇਸ ਮੰਗ ਨੂੰ ਪੂਰਾ ਕਰਨ ਲਈ ਵਿਰੋਧੀ ਪਾਰਟੀਆਂ ਨੇ ਬੇਭਰੋਸਗੀ ਮਤੇ ਦਾ ਸਹਾਰਾ ਲਿਆ। ਬੇਭਰੋਸਗੀ ਮਤੇ ’ਤੇ ਤਿੰਨ ਦਿਨਾਂ ਤਕ ਚੱਲੀ ਚਰਚਾ ਦੌਰਾਨ ਇਹ ਸਪਸ਼ਟ ਦਿਸਿਆ ਕਿ ਰਾਹੁਲ ਗਾਂਧੀ ਸਮੇਤ ਕਿਸੇ ਵੀ ਵਿਰੋਧੀ ਨੇਤਾ ਕੋਲ ਅਜਿਹੇ ਤੱਥ ਅਤੇ ਤਰਕ ਨਹੀਂ ਸਨ ਜਿਨ੍ਹਾਂ ਸਹਾਰੇ ਉਹ ਮੋਦੀ ਸਰਕਾਰ ਨੂੰ ਲਾਜਵਾਬ ਕਰ ਸਕਦੇ।

ਸੰਜੇ ਗੁਪਤ

ਬੇਭਰੋਸਗੀ ਮਤੇ ’ਤੇ ਵਿਰੋਧੀ ਨੇਤਾਵਾਂ ਨੇ ਹੋਰ ਕਈ ਮੁੱਦਿਆਂ ’ਤੇ ਵੀ ਸਰਕਾਰ ਨੂੰ ਘੇਰਨ ਦੀ ਕੋਸ਼ਿਸ਼ ਕੀਤੀ ਪਰ ਤੱਥਾਂ ਦੀ ਘਾਟ ਕਾਰਨ ਉਹ ਨਾਕਾਮ ਰਹੇ। ਰਾਹੁਲ ਗਾਂਧੀ ਦਾ ਗੁੱਸੇ ਭਰਿਆ ਸੰਬੋਧਨ ਪੀਐੱਮ ’ਤੇ ਨਿੱਜੀ ਹਮਲੇ ਦੇ ਨਾਲ ਹੀ ਮਨੀਪੁਰ ਦੀਆਂ ਦੋ ਘਟਨਾਵਾਂ ਦਾ ਵੇਰਵਾ ਸਦਨ ਵਿਚ ਰੱਖਣ ’ਤੇ ਹੀ ਕੇਂਦਰਿਤ ਰਿਹਾ। ਮਨੀਪੁਰ ਵਿਚ



ਜੋ ਕੁਝ ਹੋਇਆ, ਉਹ ਸੱਭਿਅਕ ਸਮਾਜ ਲਈ ਪ੍ਰਵਾਨ ਕਰਨ ਯੋਗ ਨਹੀਂ ਹੈ ਪਰ ਔਰਤਾਂ ’ਤੇ ਅੱਤਿਆਚਾਰ ਦੇ ਇਹ ਇਕਲੌਤੇ ਮਾਮਲੇ ਨਹੀਂ ਹਨ।

ਜਦ ਵੀ ਕਿਤੇ ਫ਼ਿਰਕੂ ਜਾਂ ਧੜਿਆਂ ਵਿਚ ਹਿੰਸਾ ਹੁੰਦੀ ਹੈ ਤਾਂ ਔਰਤਾਂ ਨੂੰ ਵੀ ਨਿਸ਼ਾਨਾ ਬਣਾਇਆ ਜਾਂਦਾ ਹੈ। ਰਾਹੁਲ ਗਾਂਧੀ ਨੇ ਮਨੀਪੁਰ ਨੂੰ ਲੈ ਕੇ ਸਰਕਾਰ ’ਤੇ ਫ਼ਜ਼ੂਲ ਦੋਸ਼ ਲਗਾ ਕੇ ਆਪਣਾ ਖੋਖਲਾ ਰਾਜਨੀਤਕ ਚਿੰਤਨ ਹੀ ਪ੍ਰਦਰਸ਼ਿਤ ਕੀਤਾ। ਉਨ੍ਹਾਂ ਨੇ ਫਿਰ ਤੋਂ ਇਹੀ ਸਾਬਿਤ ਕੀਤਾ ਕਿ ਉਹ ਰਾਜਨੀਤਕ ਤੌਰ ’ਤੇ ਪਰਪੱਕ ਨਹੀਂ ਹੋ ਸਕੇ ਹਨ। ਉਨ੍ਹਾਂ ਦੇ ਸੰਬੋਧਨ ਦੇ ਕਈ ਹਿੱਸੇ ਕਾਰਵਾਈ ਤੋਂ ਹਟਾਉਣੇ ਪਏ। ਬੇਭਰੋਸਗੀ ਮਤੇ ’ਤੇ ਦਿਸ਼ਾਹੀਣ ਨਜ਼ਰ ਆਈ ਵਿਰੋਧੀ ਧਿਰ ਦੇ ਮੁਕਾਬਲੇ ਸੱਤਾ ਧਿਰ ਵਿਰੋਧੀ ਧਿਰ ਦੀ ਨਾਂਹ-ਪੱਖੀ ਸੋਚਣੀ ਨੂੰ ਸਾਹਮਣੇ ਲਿਆਉਣ ਦੇ ਨਾਲ ਹੀ ਆਪਣੀਆਂ ਪ੍ਰਾਪਤੀਆਂ ਦੱਸਣ ਵਿਚ ਕਿਤੇ ਜ਼ਿਆਦਾ ਸਮਰੱਥ ਰਹੀ। ਕਈ ਮੰਤਰੀਆਂ ਦੇ ਨਾਲ-ਨਾਲ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਜਦ ਵੱਖ-ਵੱਖ ਮੁਹਾਜ਼ਾਂ ’ਤੇ ਮੋਦੀ ਸਰਕਾਰ ਦੀਆਂ ਕਾਮਯਾਬੀਆਂ ਨੂੰ ਗਿਣਾਉਣਾ ਸ਼ੁਰੂ ਕੀਤਾ ਤਾਂ ਵਿਰੋਧੀ ਧਿਰ ਦੀ ਬੋਲਤੀ ਬੰਦ ਹੋ ਗਈ।

ਗ੍ਰਹਿ ਮੰਤਰੀ ਨੇ ਮਨੀਪੁਰ ਦੇ ਸਿਲਸਿਲੇ ਵਿਚ ਕਾਂਗਰਸ ਕਾਲ ਦੀਆਂ ਘਟਨਾਵਾਂ ਨੂੰ ਤੱਥਾਂ ਦੇ ਨਾਲ ਸਦਨ ਵਿਚ ਰੱਖਿਆ ਅਤੇ ਇਹ ਰੇਖਾਂਕਿਤ ਕੀਤਾ ਕਿ ਇਸ ਸੂਬੇ ਦੀ ਨਸਲੀ ਹਿੰਸਾ ਦਹਾਕਿਆਂ ਪੁਰਾਣੀ ਸਮੱਸਿਆ ਹੈ। ਉਨ੍ਹਾਂ ਨੇ ਇਹ ਵੀ ਸਾਫ਼ ਕੀਤਾ ਕਿ ਕਾਂਗਰਸ ਦੇ ਸਮੇਂ ਮਨੀਪੁਰ ਵਿਚ ਜਦ ਕਿਤੇ ਜ਼ਿਆਦਾ ਹਿੰਸਾ ਕਈ ਮਹੀਨਿਆਂ ਤਕ ਚੱਲਦੀ ਰਹੀ ਸੀ, ਤਦ ਤਤਕਾਲੀ ਕੇਂਦਰ ਅਤੇ ਰਾਜ ਸਰਕਾਰਾਂ ਦਾ ਕਿਹੋ ਜਿਹਾ ਉਦਾਸੀਨ ਵਤੀਰਾ ਸੀ।

ਉਨ੍ਹਾਂ ਨੇ ਵਿਰੋਧੀ ਧਿਰ ਦੇ ਇਨ੍ਹਾਂ ਸਵਾਲਾਂ ਦਾ ਵੀ ਠੋਸ ਜਵਾਬ ਦਿੱਤਾ ਕਿ ਸੂਬਾ ਸਰਕਾਰ ਨੂੰ ਬਰਖਾਸਤ ਕਿਉਂ ਨਹੀਂ ਕੀਤਾ ਗਿਆ? ਬੇਭਰੋਸਗੀ ਮਤੇ ’ਤੇ ਹੋਈ ਚਰਚਾ ਦਾ ਜਵਾਬ ਦਿੰਦੇ ਹੋਏ ਪ੍ਰਧਾਨ ਮੰਤਰੀ ਨੇ ਕਾਂਗਰਸ ਦੀ ਮੌਜੂਦਾ ਦੁਰਦਸ਼ਾ ਨੂੰ ਰੇਖਾਂਕਿਤ ਕਰਨ ਦੇ ਨਾਲ ਹੀ ਵੱਖ-ਵੱਖ ਸਮੱਸਿਆਵਾਂ ਪ੍ਰਤੀ ਉਸ ਦੇ ਸੌੜੇ ਦ੍ਰਿਸ਼ਟੀਕੋਣ ਦੀ ਵੀ ਪੋਲ ਖੋਲ੍ਹ ਦਿੱਤੀ। ਇਸ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਦੇਸ਼ ਦੀਆਂ ਅਨੇਕ ਸਮੱਸਿਆਵਾਂ ਲਈ ਕਾਂਗਰਸ ਦੀ ਵੋਟ ਬੈਂਕ ਵਾਲੀ ਰਾਜਨੀਤੀ ਹੀ ਜ਼ਿੰਮੇਵਾਰ ਹੈ।

ਪ੍ਰਧਾਨ ਮੰਤਰੀ ਨੇ ਗਾਂਧੀ ਪਰਿਵਾਰ ਨੂੰ ਜ਼ਰੂਰਤ ਨਾਲੋਂ ਜ਼ਿਆਦਾ ਮਹੱਤਵ ਦੇਣ ਲਈ ਵੀ ਕਾਂਗਰਸ ਨੂੰ ਘੇਰਿਆ ਅਤੇ ਅਜਿਹੇ ਅਨੇਕ ਪ੍ਰਸੰਗ ਯਾਦ ਕਰਵਾਏ ਜਿਨ੍ਹਾਂ ਤੋਂ ਪਤਾ ਲੱਗਿਆ ਕਿ ਇਸ ਪਾਰਟੀ ਨੇ ਆਪਣੀ ਤੰਗਦਿਲੀ ਵਾਲੀ ਸਿਆਸਤ ਕਾਰਨ ਕਿਸ ਤਰ੍ਹਾਂ ਰਾਸ਼ਟਰ ਹਿੱਤ ਦੀ ਅਣਦੇਖੀ ਕੀਤੀ। ਕਾਂਗਰਸ ਦੀ ਸੌੜੀ ਸਿਆਸਤ ਨੇ ਦੇਸ਼ ਦਾ ਬਹੁਤ ਨੁਕਸਾਨ ਕੀਤਾ ਹੈ ਪਰ ਉਸ ਨੂੰ ਇਸ ਗੱਲ ਦਾ ਰਤਾ ਵੀ ਅਹਿਸਾਸ ਨਹੀਂ ਹੈ। ਉਸ ਨੂੰ ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਦੇਸ਼ ਹਿੱਤ ਨਾਲੋਂ ਨਿੱਜੀ ਹਿੱਤ ਕਦੇ ਵੀ ਵੱਡੇ ਨਹੀਂ ਹੋ ਸਕਦੇ।

ਪ੍ਰਧਾਨ ਮੰਤਰੀ ਦੇ ਤਰਕ ਇੰਨੇ ਤਿੱਖੇ ਸਨ ਕਿ ਕਾਂਗਰਸ ਸਮੇਤ ਹੋਰ ਵਿਰੋਧੀ ਪਾਰਟੀਆਂ ਦੇ ਨੇਤਾ ਉਨ੍ਹਾਂ ਨੂੰ ਸੁਣ ਨਹੀਂ ਸਕੇ ਅਤੇ ਸਦਨ ਤੋਂ ਬਾਹਰ ਚਲੇ ਗਏ। ਇਹ ਅਜੀਬੋ-ਗ਼ਰੀਬ ਹੈ ਕਿ ਇਕ ਪਾਸੇ ਵਿਰੋਧੀ ਪਾਰਟੀਆਂ ਪੀਐੱਮ ਤੋਂ ਸਦਨ ਵਿਚ ਬਿਆਨ ਦੇਣ ਦੀ ਮੰਗ ਕਰ ਰਹੀਆਂ ਸਨ ਅਤੇ ਜਦ ਉਹ ਬੋਲੇ ਤਾਂ ਉਹ ਉਨ੍ਹਾਂ ਨੂੰ ਸੁਣਨ ਦਾ ਹੌਸਲਾ ਨਹੀਂ ਦਿਖਾ ਸਕੀਆਂ। ਆਖ਼ਰਕਾਰ ਬੇਭਰੋਸਗੀ ਮਤਾ ਉਮੀਦ ਮੁਤਾਬਕ ਡਿੱਗ ਗਿਆ। ਇਹੀ ਕੁਝ ਸੰਨ 2018 ਵਿਚ ਵੀ ਹੋਇਆ ਸੀ। ਇਹ ਕਿਸੇ ਤੋਂ ਛੁਪਿਆ ਨਹੀਂ ਕਿ ਸੰਨ 2019 ਦੀਆਂ ਚੋਣਾਂ ਵਿਚ ਐੱਨਡੀਏ ਨੇ ਹੋਰ ਵੱਡੇ ਬਹੁਮਤ ਨਾਲ ਸੱਤਾ ਵਿਚ ਵਾਪਸੀ ਕੀਤੀ ਸੀ। ਪ੍ਰਧਾਨ ਮੰਤਰੀ ਨੇ ਇਹ ਠੀਕ ਹੀ ਕਿਹਾ ਕਿ ਬੇਭਰੋਸਗੀ ਮਤਾ ਤਾਂ ਉਨ੍ਹਾਂ ਦੀ ਸਰਕਾਰ ਲਈ ਵਰਦਾਨ ਸਿੱਧ ਹੋਇਆ ਹੈ।

ਅਜਿਹਾ ਨਹੀਂ ਹੈ ਕਿ ਦੇਸ਼ ਵਿਚ ਸਮੱਸਿਆਵਾਂ ਨਹੀਂ ਹਨ ਜਾਂ ਮੋਦੀ ਸਰਕਾਰ ਦੇ ਕੰਮਕਾਜ ਵਿਚ ਕਮੀਆਂ ਨਹੀਂ ਕੱਢੀਆਂ ਜਾ ਸਕਦੀਆਂ ਪਰ ਵਿਰੋਧੀ ਧਿਰ ਦੀ ਦਿਲਚਸਪੀ ਉਨ੍ਹਾਂ ਨੂੰ ਤਰਕਸੰਗਤ ਤਰੀਕੇ ਨਾਲ ਸਾਹਮਣੇ ਰੱਖਣ ਦੀ ਬਜਾਏ ਹੰਗਾਮਾ ਕਰਨ ਵਿਚ ਹੀ ਵਧੇਰੇ ਰਹੀ। ਭਾਵੇਂ ਹੀ ਵਿਰੋਧੀ ਧਿਰ ਨੂੰ ਇਹ ਲੱਗਦਾ ਹੋਵੇ ਕਿ ਹੰਗਾਮਾ ਕਰ ਕੇ ਉਹ ਜਨਤਾ ਦਾ ਧਿਆਨ ਖਿੱਚ ਸਕਦੀ ਹੈ ਪਰ ਅਜਿਹਾ ਹੁੰਦਾ ਦਿਖਾਈ ਨਹੀਂ ਦੇ ਰਿਹਾ।

ਜਨਤਾ ਨੇ ਇਹ ਚੰਗੀ ਤਰ੍ਹਾਂ ਦੇਖਿਆ-ਸਮਝਿਆ ਕਿ ਵਿਰੋਧੀ ਧਿਰ ਨੇ ਕਿਸ ਤਰ੍ਹਾਂ ਜ਼ਰੂਰੀ ਬਿੱਲਾਂ ’ਤੇ ਚਰਚਾ ਕਰਨ ਤੋਂ ਇਨਕਾਰ ਕਰ ਦਿੱਤਾ ਜਦਕਿ ਕਈ ਬਿੱਲ ਬੇਹੱਦ ਮਹੱਤਵਪੂਰਨ ਸਨ।

ਵਿਰੋਧੀ ਪਾਰਟੀਆਂ ਸੰਸਦ ਦੀ ਕਾਰਵਾਈ ਵਿਚ ਅੜਿੱਕਾ ਪਾ ਕੇ ਬਹੁਮੁੱਲੇ ਸਮੇਂ ਨੂੰ ਤਾਂ ਬਰਬਾਦ ਕਰ ਸਕਦੀਆਂ ਹਨ ਪਰ ਖ਼ੁਦ ਦਾ ਭਲਾ ਨਹੀਂ ਕਰ ਸਕਦੀਆਂ। ਅੱਜ ਦਾ ਨੌਜਵਾਨ ਵਰਗ ਸੰਸਦ ਦੀ ਕਾਰਵਾਈ ਵਿਚ ਅੜਿੱਕਾ ਅਤੇ ਉਸ ਦੇ ਮਾੜੇ ਨਤੀਜਿਆਂ ਨੂੰ ਕਿਤੇ ਜ਼ਿਆਦਾ ਗੰਭੀਰਤਾ ਨਾਲ ਸਮਝਦਾ ਹੈ।

ਕਿੰਨਾ ਚੰਗਾ ਹੋਵੇ ਜੇ ਕਾਂਗਰਸ ਸਮੇਤ ਹੋਰ ਵਿਰੋਧੀ ਪਾਰਟੀਆਂ ਨਾਂਹ-ਪੱਖੀ ਸਿਆਸਤ ਨੂੰ ਤਿਲਾਂਜਲੀ ਦੇ ਕੇ ਹਾਂ-ਪੱਖੀ ਸਿਆਸਤ ਵਿਚ ਯਕੀਨ ਰੱਖਣ। ਅੱਜ ਭਾਰਤ ਤੇਜ਼ੀ ਨਾਲ ਉੱਭਰਦਾ ਇਕ ਮਹੱਤਵਪੂਰਨ ਅਰਥਚਾਰਾ ਹੈ। ਇਸ ਅਰਥਚਾਰੇ ਨੂੰ ਅੱਗੇ ਵਧਾਉਂਦੇ ਹੋਏ ਕਰੋੜਾਂ ਲੋਕਾਂ ਦੀਆਂ ਉਮੀਦਾਂ ਪੂਰੀਆਂ ਕਰਨ ਲਈ ਬੇਮਿਸਾਲ ਤੇਜ਼ੀ ਨਾਲ ਕੰਮ ਕਰਨ ਦੀ ਜ਼ਰੂਰਤ ਹੈ। ਇਹ ਉਦੋਂ ਸੰਭਵ ਹੋਵੇਗਾ ਜਦ ਸੰਸਦ ਸਹੀ ਤਰ੍ਹਾਂ ਚੱਲੇਗੀ। ਜੇਕਰ ਸੰਸਦ ਦੀ ਕਾਰਵਾਈ ਵਿਚ ਬੇਵਜ੍ਹਾ ਅੜਿੱਕਾ ਡਾਹਿਆ ਜਾਵੇਗਾ ਤਾਂ ਦੇਸ਼ ਦੀ ਜਨਤਾ ਵੱਲੋਂ ਵਿਰੋਧੀ ਪਾਰਟੀਆਂ ਨੂੰ ਹੀ ਕਟਹਿਰੇ ਵਿਚ ਖੜ੍ਹਾ ਕੀਤਾ ਜਾਵੇਗਾ।

# ਪਾਕਿਸਤਾਨ ’ਚ ਬਦਹਵਾਸੀ ਦਾ ਆਲਮ



ਜੀ ਪਾਰਥਾਸਾਰਥੀ

ਪਾਕਿਸਤਾਨ ਦੇ ਬੱਝਵੇਂ ਆਰਥਿਕ ਵਿਕਾਸ ਨੂੰ ਲੈ ਕੇ ਬਦਹਵਾਸੀ ਦਾ ਆਲਮ ਬਣਿਆ ਹੋਇਆ ਹੈ। ਮੁਲਕ ਦੀ ਆਰਥਿਕ ਹਾਲਤ ਡਾਵਾਂਡੋਲ ਹੈ, ਕੌਮਾਂਤਰੀ ਮੁਦਰਾ ਕੋਸ਼ (ਆਈਐੱਮਐੱਫ) ਦੀਆਂ ਲਾਈਆਂ ਸਖ਼ਤ ਸ਼ਰਤਾਂ ਕਰ ਕੇ ਸਰਕਾਰੀ ਖਰਚ ਦੀਆਂ ਲਗਾਮਾਂ ਕੱਸ ਦਿੱਤੀਆਂ ਗਈਆਂ ਹਨ। ਰਹਿੰਦੀ ਖੂੰਹਦੀ ਕਸਰ ਮਹਿੰਗਾਈ ਨੇ ਕੱਢ ਦਿੱਤੀ ਹੈ ਜਿਸ ਕਰ ਕੇ ਆਮ ਲੋਕਾਂ ਦਾ ਜਿਊਣਾ ਮੁਸ਼ਕਿਲ ਹੋ ਗਿਆ ਹੈ। ਵਿਸ਼ਵ ਬੈਂਕ ਦੀ ਹਾਲੀਆ ਰਿਪੋਰਟ ਵਿਚ ਕਿਹਾ ਗਿਆ ਹੈ: “ਵਿਦੇਸ਼ੀ ਮੁਦਰਾ ਭੰਡਾਰ ਘਟਣ, ਮੁਦਰਾ ਦੀ ਕੀਮਤ ਵਿਚ ਗਿਰਾਵਟ ਅਤੇ ਉੱਚ ਮਹਿੰਗਾਈ ਦਰ ਕਰ ਕੇ ਪਾਕਿਸਤਾਨ ਦਾ ਅਰਥਚਾਰਾ ਇਸ ਵੇਲੇ ਭਾਰੀ ਦਬਾਓ ਹੇਠ ਹੈ।” ਚਾਲੂ ਮਾਲੀ ਸਾਲ ਦੌਰਾਨ ਅਰਥਚਾਰੇ ਵਿਚ 0.4 ਫ਼ੀਸਦ ਦੀ ਦਰ ਨਾਲ ਵਾਧਾ ਹੋਣ ਦੀ ਉਮੀਦ ਹੈ ਅਤੇ ਇਸ ਦੌਰਾਨ ਮਹਿੰਗਾਈ ਅਤੇ ਊਰਜਾ ਦੀਆਂ ਕੀਮਤਾਂ ਵਿਚ ਵਾਧਾ ਜਾਰੀ ਰਹੇਗਾ। ਪਾਕਿਸਤਾਨ ਦੇ ਖੇਤੀਬਾੜੀ ਖੇਤਰ ਦੀ ਪੈਦਾਵਾਰ ਵਿਚ ਦੋ ਦਹਾਕਿਆਂ ਵਿਚ ਪਹਿਲੀ ਵਾਰ ਕਮੀ ਆਉਣ ਦਾ ਖ਼ਦਸ਼ਾ ਹੈ ਜਦਕਿ ਸਨਅਤੀ ਪੈਦਾਵਾਰ ਦਾ ਵੀ ਇਹੋ ਹਾਲ ਹੈ ਜਿਸ ਕਰ ਕੇ ਸਪਲਾਈ ਚੇਨ ਵਿਚ ਵਿਘਨ ਪੈ ਰਿਹਾ ਹੈ। ਵਿਦੇਸ਼ੀ ਆਰਥਿਕ ਇਮਦਾਦ ’ਤੇ ਬਹੁਤ ਜ਼ਿਆਦਾ ਟੇਕ ਰੱਖਣ ਦੀ ਸੂਰਤ ਵਿਚ ਨੇੜ ਭਵਿੱਖ ਵਿਚ ਪਾਕਿਸਤਾਨ ਆਰਥਿਕ ਤੌਰ ’ਤੇ ਨਾਕਾਮੀ ਦੀ ਸਥਿਤੀ ਵਿਚ ਘਿਰਦਾ ਜਾਪ ਰਿਹਾ ਹੈ।

ਆਈਐੱਮਐੱਫ ਨਾਲ ਕਰਾਰ ਤੈਅ ਪਾਏ ਜਾਣ ਅਤੇ ਸਾਊਦੀ ਅਰਬ ਅਤੇ ਸੰਯੁਕਤ ਅਰਬ ਅਮੀਰਾਤ (ਯੂਏਈ) ਜਿਹੇ ਮੁਲਕਾਂ ਤੋਂ ਦੁਵੱਲੀ ਇਮਦਾਦ ਹਾਸਲ ਕਰਨ ਦੇ ਬਾਵਜੂਦ ਪਾਕਿਸਤਾਨ ਨੂੰ ਆਰਥਿਕ ਸੰਕਟ ’ਚੋਂ ਨਿਕਲਣ ਲਈ ਵਿਦੇਸ਼ੀ ਮੁਦਰਾ ਭੰਡਾਰਾਂ ਅਤੇ ਸਰਕਾਰੀ ਖਰਚ ’ਤੇ ਲਾਈਆਂ ਬੰਦਸ਼ਾਂ ਨੂੰ ਸਖ਼ਤੀ ਨਾਲ ਅਮਲ ਵਿਚ ਲਿਆਉਣਾ ਪਵੇਗਾ। ਹਾਲਾਂਕਿ ਪਾਕਿਸਤਾਨ ਦੇ ਮਨਸੂਬਾਬੰਦੀ ਮੰਤਰੀ ਆਸਿਫ਼ ਇਕਬਾਲ ਨੇ ਇਸ ਸਾਲ ਆਰਥਿਕ ਵਿਕਾਸ ਦਰ 3.5 ਫ਼ੀਸਦ ਰਹਿਣ ਦੀ ਉਮੀਦ ਜਤਾਈ ਹੈ ਪਰ ਬਹੁਤ ਸਾਰੇ ਲੋਕ ਉਨ੍ਹਾਂ ਦੇ ਆਸ਼ਾਵਾਦ ਨਾਲ ਸਹਿਮਤ ਨਹੀਂ ਹਨ। ਲਿਹਾਜ਼ਾ, ਪਾਕਿਸਤਾਨ ਲੰਮੇ ਚਿਰ ਲਈ ਆਰਥਿਕ ਤੌਰ ’ਤੇ ਕੌਮਾਂਤਰੀ ਅਸਫਲਤਾ ਦਾ ਕੇਸ ਬਣਿਆ ਰਹਿ ਸਕਦਾ ਹੈ ਜਿਸ ਲਈ ਹੋਰ ਵਿਦੇਸ਼ੀ ਇਮਦਾਦ ਦੀ ਲੋੜ ਪਵੇਗੀ। ਇਸ ਦੌਰਾਨ ਇਸ ਦੇ ‘ਸਦਾਬਹਾਰ ਦੋਸਤ’ ਚੀਨ ਨੇ ਪਾਕਿਤਸਾਨ ਦੀਆਂ ਕੌਮਾਂਤਰੀ ਤੌਰ ’ਤੇ ਤਬਾਦਲੇਯੋਗ ਕਰੰਸੀਆਂ ਦੀਆਂ



ਲੋੜਾਂ ਦੀ ਪੂਰਤੀ ਲਈ ਕੋਈ ਖਾਸ ਉਤਸ਼ਾਹ ਨਹੀਂ ਦਿਖਾਇਆ। ਪੇਈਚਿੰਗ ਦਾ ਧਿਆਨ ਆਪਣੇ ‘ਬੈਲਟ ਐਂਡ ਰੋਡ’ ਪ੍ਰਾਜੈਕਟ ’ਤੇ ਲੱਗਿਆ ਹੋਇਆ ਹੈ। ਇਸ ’ਤੇ ਵੀ ਸੰਦੇਹ ਹੈ ਕਿ ਕੀ ਪਾਕਿਸਤਾਨ ਸ੍ਰੀਲੰਕਾ ਦੇ ਰਾਸ਼ਟਰਪਤੀ ਰਨੀਲ ਵਿਕਰਮਸਿੰਘੇ ਦੀ ਤਰ੍ਹਾਂ ਸਫਲ ਹੋ ਸਕੇਗਾ ਜਿਨ੍ਹਾਂ ਨੇ ਆਪਣੀਆਂ ਸੂਝ ਭਰੀਆਂ ਕੂਟਨੀਤਕ ਅਤੇ ਵਿੱਤੀ ਨੀਤੀਆਂ ਸਦਕਾ ਦੇਸ਼ ਨੂੰ ਆਰਥਿਕ ਦੀਵਾਲੀਏਪਣ ਦੀਆਂ ਚੁਣੌਤੀਆਂ ਨਾਲ ਸਿੱਝਣ ਲਈ ਕਾਫ਼ੀ ਚੰਗੀ ਕਾਰਗੁਜ਼ਾਰੀ ਦਿਖਾਈ ਹੈ।

ਆਰਥਿਕ ਦਿੱਕਤਾਂ ਨਾਲ ਜੂਝਦਿਆਂ ਪਾਕਿਸਤਾਨ ਦੀ ‘ਪਰਮਾਣੂ ਹਥਿਆਰ ਲੀਡਰਸ਼ਿਪ’ ਨੇ ਆਪਣੇ ਲੋਕਾਂ ਨੂੰ ਖੁਸ਼-ਖ਼ਬਰ ਦਿੰਦੇ ਹੋਏ ਐਲਾਨ ਕੀਤਾ ਹੈ ਕਿ ਉਨ੍ਹਾਂ ਦਾ ਦੇਸ਼ ‘ਪਰਮਾਣੂ ਨਿਰਵਾਣ’ ਹਾਸਲ ਕਰਨ ਜਾ ਰਿਹਾ ਹੈ। ਪਾਕਿਸਤਾਨ ਦੇ ਪ੍ਰਥਮ ‘ਪਰਮਾਣੂ ਜ਼ਾਰ’ ਏ ਕਿਊ ਖ਼ਾਨ ਸਨ ਜਿਨ੍ਹਾਂ ਦਾ ਅਕਤੂਬਰ 2021 ਵਿਚ ਦੇਹਾਂਤ ਹੋ ਗਿਆ ਸੀ। ਏ ਕਿਊ ਖ਼ਾਨ ਨੇ ਪਰਮਾਣੂ ਤਕਨਾਲੋਜੀ ਦੀ ਖੋਜ ਅਤੇ ਵਿਕਾਸ ਕਾਰਜਾਂ ਨਾਲ ਜੁੜੀ ਡੱਚ ਕੰਪਨੀ ਵਚ ਨੌਕਰੀ ਲੈ ਲਈ ਸੀ। ਕੰਪਨੀ ਨੇ ਉਚ ਰਫ਼ਤਾਰ ਵਾਲੇ ਸੈਂਟਰੀਫਿਊਜਜ਼ (ਰੋਟੇਟਰ ਮਸ਼ੀਨ) ਦੀ ਵਰਤੋਂ ਕਰਦਿਆਂ ਸੋਧਿਆ ਹੋਇਆ ਯੂਰੇਨੀਅਮ ਤਿਆਰ ਕਰ ਲਿਆ ਸੀ। ਖ਼ਾਨ 1971 ਦੀ ਜੰਗ ਵਿਚ ਪਾਕਿਸਤਾਨ ਦੀ ਹਾਰ ਤੋਂ ਬਹੁਤ ਤੈਸ਼ ਵਿਚ ਆ ਗਿਆ ਸੀ। ਉਸ ਨੇ ਪਰਮਾਣੂ ਹਥਿਆਰ ਬਣਾਉਣ ਲਈ ਜ਼ਰੂਰੀ ਯੂਰੇਨੀਅਮ ਦੀ ਸੁਧਾਈ ਬਾਰੇ ਹਾਸਲ ਕੀਤੀਆਂ ਜਾਣਕਾਰੀਆਂ ਤਤਕਾਲੀ ਪ੍ਰਧਾਨ ਮੰਤਰੀ ਜ਼ੁਲਫ਼ਿਕਾਰ ਅਲੀ ਭੁੱਟੋ ਨਾਲ ਸਾਂਝੀਆਂ ਕੀਤੀਆਂ ਸਨ। ਉਸ ਤੋਂ ਥੋੜ੍ਹੀ ਦੇਰ ਬਾਅਦ ਹੀ ਉਸ ਨੂੰ ਇਸਲਾਮਾਬਾਦ ਨੇੜੇ ਕਹੂਟਾ ਵਿਖੇ ਪਾਕਿਸਤਾਨ ਦੇ ਯੂਰੇਨੀਅਮ ਐਨਰਿਚਮੈਂਟ ਪ੍ਰਾਜੈਕਟ ਦਾ ਮੁਖੀ ਬਣਾ ਦਿੱਤਾ ਗਿਆ ਸੀ। ਇੱਥੇ ਹੀ ਉਹ ਯੂਰੇਨੀਅਮ ਸੁਧਾਈ ਲਈ ਦਰਕਾਰ ਸੈਂਟਰੀਫਿਊਜਜ਼ ਨੂੰ ਸਥਾਪਤ ਕਰਨ ਦੇ ਯੋਗ ਹੋ ਸਕਿਆ ਸੀ।

ਚੀਨ ਵਲੋਂ ਵੀ ਸੋਧੇ ਹੋਏ ਯੂਰੇਨੀਅਮ ਦੀ ਪੈਦਾਵਾਰ ਕੀਤੀ ਜਾ ਰਹੀ ਸੀ ਜਿਸ ਕਰ ਕੇ ਇਹ ਬਿਲਕੁੱਲ ਸੰਭਵ ਹੈ ਕਿ ਪਾਕਿਸਤਾਨ ਨੂੰ ਚੀਨ ਕੋਲੋਂ ਪਰਮਾਣੂ ਹਥਿਆਰਾਂ ਦੇ ਡਿਜ਼ਾਈਨ ਹਾਸਲ ਹੋਏ ਹੋਣ। ਉਸ ਤੋਂ ਬਾਅਦ ਇਸਲਾਮਾ-ਬਾਦ ਆਪਣੇ ਪਰਮਾਣੂ ਹਥਿਆਰ ਤਿਆਰ ਕਰਨ ਲਈ ਤਿਆਰ ਹੋ ਗਿਆ ਸੀ। ਭਾਰਤ ਵਲੋਂ 1998 ਵਿਚ ਪਰਮਾਣੂ ਹਥਿਆਰਾਂ ਦੇ ਤਜਰਬੇ ਕੀਤੇ ਜਾਣ ਤੋਂ ਬਾਅਦ ਪਾਕਿਸਤਾਨ ਨੇ ਵੀ ਅਜਿਹੇ ਧਮਾਕੇ ਕੀਤੇ ਸਨ। ਇਸ ਤੋਂ ਬਾਅਦ ਏ ਕਿਊ ਖ਼ਾਨ ਨੂੰ ਭ੍ਰਿਸ਼ਟਾਚਾਰ ਅਤੇ ਪਰਮਾਣੂ ਹਥਿਆਰਾਂ ਦੇ ਡਿਜ਼ਾਈਨ ਹੋਰਨਾਂ ਦੇਸ਼ਾਂ ਨੂੰ ਵੇਚਣ ਦੇ ਦੋਸ਼ਾਂ ਹੇਠ ਹਟਾ ਦਿੱਤਾ ਗਿਆ ਪਰ ਉਨ੍ਹਾਂ ਦੀ ਮੌਤ ਤੋਂ ਬਾਅਦ ਵੀ ਉਹ ਕੌਮੀ ਨਾਇਕ ਬਣੇ ਹੋਏ ਹਨ ਹਾਲਾਂਕਿ ਉਨ੍ਹਾਂ ’ਤੇ ਪਰਮਾਣੂ ਤਕਨਾਲੋਜੀ ਦੀ ਵੱਡੇ ਪੱਧਰ ’ਤੇ ਤਸਕਰੀ ਕਰਨ ਦੇ ਦੋਸ਼ ਲਗਦੇ ਰਹੇ ਹਨ ਜਿਨ੍ਹਾਂ ਵਿਚ ਇਹ ਵੀ ਸ਼ਾਮਲ ਸੀ ਕਿ ਉਨ੍ਹਾਂ ਕੁਝ ਇਸਲਾਮੀ ਮੁਲਕਾਂ ਨੂੰ ਪਰਮਾਣੂ ਹਥਿਆਰਾਂ ਦੇ ਡਿਜ਼ਾਈਨ ਦਿੱਤੇ ਸਨ। ਜ਼ਾਹਿਰ ਹੈ ਕਿ ਅਮਰੀਕਾ ਜਿਹੇ ਕੁਝ ਦੇਸ਼ ਇਸ ਵਰਤਾਰੇ ਤੋਂ ਬਹੁਤੇ ਖੁਸ਼ ਨਹੀਂ ਸਨ।

ਡਾ. ਏ ਕਿਊ ਖ਼ਾਨ ਤੋਂ ਬਾਅਦ ਲੈਫਟੀਨੈਂਟ ਜਨਰਲ ਖ਼ਾਲਿਦ ਕਿਦਵਈ ਨੂੰ ਪਾਕਿਸਤਾਨ ਦੇ ਪਰਮਾਣੂ ਹਥਿਆਰ ਪ੍ਰੋਗਰਾਮ ਦਾ ਮੁਖੀ ਥਾਪਿਆ ਗਿਆ ਸੀ। ਕਿਦਵਈ ਆਲ੍ਹਾ ਦਰਜਾ ਦੇ ਤੋਪਖਾਨਾ ਅਫਸਰ ਹਨ ਜੋ 1971 ਦੀ ਜੰਗ ਵੇਲੇ ਜੰਗੀ ਕੈਦੀ ਰਹੇ ਸਨ। ਕਿਦਵਈ ਵਲੋਂ ਪਾਕਿਸਤਾਨ ਪਰਮਾਣੂ ਅਥਾਰਿਟੀ ਦਾ ਮੁਖੀ ਬਣਨ ਤੋਂ ਬਾਅਦ ਹੀ ਇਸ ਦੇ ‘ਪਰਮਾਣੂ ਸਿਧਾਂਤ’ ਦਾ ਖੁਲਾਸਾ ਕੀਤਾ ਗਿਆ ਸੀ। ਇਸ ਨੂੰ ਕਿਦਵਈ ਦਾ ਡਾਕਟ੍ਰੀਨ ਵੀ ਕਿਹਾ ਜਾਂਦਾ ਹੈ ਜਿਸ ਤਹਿਤ ਉਨ੍ਹਾਂ ਸਥਿਤੀਆਂ ਦਾ ਬਿਆਨ ਕੀਤਾ

**(ਬਾਕੀ ਸਫਾ 14 ‘ਤੇ)**

# FAIRWAY BODY SHOP

ਹਰ ਤਰ੍ਹਾਂ ਦੀਆਂ ਗੱਡੀਆਂ ਕਾਰਾਂ ਦੀ ਡੈਂਟਿੰਗ ਤੇ ਪੇਂਟਿੰਗ ਲਈ ਬਹੁਤ ਹੀ ਤਸੱਲੀਬਖ਼ਸ਼ ਤੇ ਤਜਰਬੇਕਾਰ
ਐਸਟੀਮੇਟ ਜਾਂ ਕੰਮ ਕਰਾਉਣ ਲਈ ਫੋਨ ਕਰੋ, ਹਫਤੇ ਦੇ 6 ਦਿਨ ਖੁੱਲ੍ਹਾ ਰਹਿੰਦਾ ਹੈ

ਸੋਮਵਾਰ ਤੋਂ ਸ਼ਨਿਚਰਵਾਰ ਤੱਕ-ਸਵੇਰੇ 8 ਵਜੇ ਤੋਂ 6 ਵਜੇ ਤੱਕ



Gurdial Aujla



Darshan Aujla
510-750-6116

1421 Industrial Parkway West #C
Hayward, CA 94644

510-538-2983

# PREET FABRICS & APPLIANCE

ਅਸੀਂ ਹੋਲਸੇਲ ਅਤੇ ਰੀਟੇਲ ਵਿਚ ਨਵੇਂ ਡਿਜ਼ਾਇਨਾਂ ਦੇ ਸੂਟ, ਜਿਊਲਰੀ,ਫੈਸ਼ਨ ਦਾ ਹੋਰ ਸਮਾਨ, ਵਿਆਹ ਲਈ ਲਹਿੰਗੇ ਅਤੇ ਮੁੰਡਿਆਂ ਲਈ ਵਿਆਹ ਵਾਸਤੇ ਸ਼ੇਰਵਾਨੀ ਅਤੇ ਹੁਣੇ ਨਵੇਂ ਚੱਲੇ ਡਿਜ਼ਾਇਨਾਂ ਦੇ ਕੱਪੜੇ ਵੀ ਰੱਖਦੇ ਹਾਂ।
ਸਾਡੇ ਕੋਲ ਕਲਗੀ, ਸਿਹਰਾ, ਚੂੜਾ, ਹਾਰ, ਜਾਗੋ, ਰੁਮਾਲੇ ਤੇ ਹੋਰ ਵਿਆਹ ਦਾ ਸਮਾਨ ਵੀ ਮਿਲਦਾ ਹੈ।



YOUR ONE-STOP CENTER BOTH FABRICS & APPLIANCES

APPLIANCES & LUGGAGE CROSS, PARKER PENS, OSTER BLENDERS

Watches (Seiko, Citizen & Swistar)
Shavers & Trimmers
Cellular Phones

Onkar Singh Saini

5156 Mowry AVE. Fremont. CA 94538
Tel- 510-797-7111

# Moon Indian Cuisine

510-780-9233



ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

ਮੱਠੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ।

100 ਬੰਦਿਆਂ ਤੋਂ ਲੈ ਕੇ ਵੱਡੀ ਤੋਂ ਵੱਡੀ ਪਾਰਟੀ ਤੱਕ
ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
ਬਹੁਤ ਹੀ ਤਜ਼ਰਬੇਕਾਰ ਕੁੱਕ

Over 30 Years Experience in Restaurant & Catering Business

## ਮੂਨ ਇੰਡੀਅਨ ਕੁਜ਼ੀਨ (ਹੇਵਰਡ)

600 West Harder Rd. Hayward, CA 94544
Contact: (Paul) 510-978-7170

www.moonindiancuisine.net

# Kash Fabrics

37 ਸਾਲ ਤੋਂ ਤੁਹਾਡੀ ਸੇਵਾ ਵਿਚ

ਸਾਡੀ ਵਿਸ਼ੇਸਤਾ

1.Wedding Lehngas
2.Mens wear-shervani
3.Kurte Pajame
4. Sharara Suits.
5.Patiala. Suits.
6. pression stove jewelery
7. kids wear
8. Turbans (paggan). 80 colors

1. ਵਿਆਹ ਦੇ ਲਹਿੰਗੇ
2. ਪੁਰਸ਼ਾਂ ਦੇ ਪਹਿਨਣ ਵਾਲੀ ਸ਼ੇਰਵਾਨੀ
3. ਕੁੜਤੇ ਪਜਾਮੇ
4. ਸ਼ਰਾਰਾ ਸੂਟ
5. ਪਟਿਆਲਾ ਸੂਟ
6. ਗਹਿਣੇ
7. ਬੱਚਿਆਂ ਦੇ ਕੱਪੜੇ
80 ਰੰਗਾਂ ਵਿਚ ਪੱਗਾਂ




Kashmir Singh Dhugga
Gurjeet kaur Dhugga
kashfabrics@gmail.com

KASH FABRICS
29576 Mission Blvd
Hayward,CA 94544
510-538-1138


NEW India SWEETS SPICES
CHAT HOUSE
WHOLESALE PRICES
(559) 225-2824
Shaw & Feland, Next to FOODMAXX
3225 W SHAW AVE. # 103 FRESNO CA 93711


OFFICIAL LAMP ADJUSTING STATION
OFFICIAL CALIFORNIA BRAKE & LAMP INSPECTION
OFFICIAL BRAKE ADJUSTING STATION
SMOG CHECK
Quick Lube & Smog
Auto repair, Diagnostics & Smog Check Station
ਚਲਦੀਆਂ (Used) ਕਾਰਾਂ, ਵਾਜਬ ਕੀਮਤਾਂ ਤੇ
ਖਰੀਦਣ ਲਈ ਗੋਗੀ ਹੁਰਾਂ ਨੂੰ ਕਾਲ ਕਰੋ
510-757-6775
SUKHWINDER BHELLA
gogibhella@gmail.com
691 W. Tennyson Rd Hayward, CA 94544


Cosmetic & Family Dentistry
UPPAL DENTAL CARE
50 % Discount for Cash Patients
INVISALIGN
Call for Details
Straighten Teeth Without Wires
FREE TEETH WHITENING WITH PAID EXAM, X-RAY & CLEANING. YOUR INSURANCE USUALLY COVER THESE SERVICES
Charanjit S Uppal D.D.S.
Laser Treatment
Lumineers/Veneers
Dentures & Partials
Root Canals
Bad Breath
Cosmetic Dentistry
Crowns & Bridges
Tooth Extraction
Gum Treatment
Strictly Maintained Sterilization Standards
Most Insurance Plans Accepted
1191 W Tennyson Rd. # 4, Hayward. (CA) 94544
510-786-1780
1750 CLEAR LAKE AVE Milpitas, CA 95035
408-942-4400
www.uppaldental.com


TASTE OF INDIA
specialist- Gurh Dee Barfee, Gurh Diyaan Jalebian
32 ਸਾਲ ਤੋਂ ਕੈਲੇਫੋਰਨੀਆ ਦਾ ਸਭ ਤੋਂ ਪਹਿਲਾ ਤੇ ਵਧੀਆ ਰੈਸਟੋਰੈਂਟ
ਗੁੜ ਦੀ ਬਰਫੀ, ਫਿੱਕਾ ਕਲਾਕੰਦ
ਗੁੜ ਦੀਆਂ ਜਲੇਬੀਆਂ, ਇਮਰਤੀ
ਬਿਲਕੁਲ ਨਵੀਂ ਦਿੱਖ ਦੇ ਨਾਲ ਸਜਾਇਆ ਰੈਸਟੋਰੈਂਟ
lunch buffet everyday
fresh jalebian every day
Taste of India Jalebi
DEVINDER SINGH PABLA (OWNER)
510-791-1316
ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ
5144 MOWRY AVE (ON FARWELL DR)
FREMONT, CA 94538
510-773-8810

# ਏਸ਼ੀਅਨ ਖੇਡਾਂ ਵਿੱਚ ਭਾਰਤੀ ਹਾਕੀ ਕਿੰਨੀ ਮਜਬੂਤ ?

**ਨਵਦੀਪ ਸਿੰਘ ਗਿੱਲ**

ਚੀਨ ਦੇ ਸ਼ਹਿਰ ਹਾਂਗਜ਼ੂ ਵਿਖੇ 19ਵੀਆਂ ਏਸ਼ਿਆਈ ਖੇਡਾਂ 23 ਸਤੰਬਰ ਤੋਂ 8 ਅਕਤੂਬਰ, 2023 ਤੱਕ ਕਰਵਾਈਆਂ ਜਾ ਰਹੀਆਂ ਹਨ। ਕੋਵਿਡ-19 ਮਹਾਮਾਰੀ ਕਰਕੇ ਓਲੰਪਿਕ ਖੇਡਾਂ ਵਾਂਗ ਏਸ਼ਿਆਈ ਖੇਡਾਂ ਨੂੰ ਵੀ ਮੁਲਤਵੀ ਕਰਨ ਦੀ ਬਜਾਏ ਇੱਕ ਸਾਲ ਲਈ ਅੱਗੇ ਪਾ ਦਿੱਤਾ ਗਿਆ ਸੀ। ਇਸ ਕਾਰਨ 2022 ਵਿੱਚ ਹੋਣ ਵਾਲੀਆਂ ਏਸ਼ਿਆਈ ਖੇਡਾਂ ਹੁਣ ਇਸ ਸਾਲ ਕਰਵਾਈਆਂ ਜਾ ਰਹੀਆਂ ਹਨ। ਏਸ਼ਿਆਈ ਖੇਡਾਂ ਦੇ ਹਾਕੀ ਮੁਕਾਬਲਿਆਂ ਦੀ ਗੱਲ ਕਰੀਏ ਤਾਂ ਪੁਰਸ਼ ਵਰਗ ਵਿੱਚ ਭਾਰਤੀ ਟੀਮ ਇਸ ਵਾਰ ਸੋਨ ਤਗ਼ਮਾ ਜਿੱਤਣ ਦੀ ਤਕੜੀ ਦਾਅਵੇਦਾਰ ਹੈ। ਹਾਲ ਹੀ ਵਿੱਚ ਚੇਨਈ ਵਿਖੇ ਸ਼ਾਨ ਨਾਲ ਏਸ਼ੀਅਨ ਚੈਂਪੀਅਨਜ਼ ਟਰਾਫੀ ਜਿੱਤ ਕੇ ਭਾਰਤ ਨੇ ਆਪਣਾ ਦਾਅਵਾ ਹੋਰ ਮਜ਼ਬੂਤ ਕੀਤਾ ਹੈ।

ਪਿਛਲੇ ਚਾਰ ਸਾਲ ਦਾ ਰਿਕਾਰਡ ਦੇਖਿਆ ਜਾਵੇ ਤਾਂ ਏਸ਼ੀਅਨ ਮੁਲਕਾਂ ਵਿੱਚ ਭਾਰਤ ਨੇ ਹੀ ਚੰਗਾ ਪ੍ਰਦਰਸ਼ਨ ਕੀਤਾ ਹੈ। ਹਾਲਾਂਕਿ ਸਾਲ 2018 ਵਿੱਚ ਜਕਾਰਤਾ ਵਿਖੇ ਹੋਈਆਂ ਏਸ਼ਿਆਈ ਖੇਡਾਂ ਵਿੱਚ ਵੀ ਭਾਰਤੀ ਟੀਮ ਚੰਗੀ ਦਾਅਵੇਦਾਰ ਸੀ, ਪਰ ਉਸ ਵੇਲੇ ਜਪਾਨ ਨੇ ਵੱਡਾ ਉਲਟ ਫੇਰ ਕਰਦਿਆਂ ਸੋਨ ਤਗ਼ਮਾ ਜਿੱਤਿਆ ਸੀ ਅਤੇ ਭਾਰਤੀ ਟੀਮ ਨੂੰ ਕਾਂਸੀ ਦੇ ਤਗ਼ਮੇ ਉਤੇ ਸਬਰ ਕਰਨਾ ਪਿਆ ਸੀ। ਉਸ ਤੋਂ ਬਾਅਦ ਭਾਰਤ ਨੇ 2021 ਵਿੱਚ ਟੋਕੀਓ ਵਿਖੇ ਓਲੰਪਿਕ ਖੇਡਾਂ ਵਿੱਚ ਕਾਂਸੀ ਦਾ ਤਗ਼ਮਾ, 2022 ਵਿੱਚ ਬਰਮਿ-ਘਮ ਵਿਖੇ ਰਾਸ਼ਟਰਮੰਡਲ ਖੇਡਾਂ ਵਿੱਚ ਚਾਂਦੀ ਦਾ ਤਗ਼ਮਾ ਅਤੇ ਹੁਣ ਸਾਲ 2023 ਵਿੱਚ ਏਸ਼ੀਅਨ ਚੈਂਪੀਅਨਜ਼ ਟਰਾਫੀ ਵਿੱਚ ਸੋਨੇ ਦਾ ਤਗ਼ਮਾ ਜਿੱਤਿਆ। ਹਾਕੀ ਦੀ ਪ੍ਰੋ. ਲੀਗ ਵਿੱਚ ਵੀ ਚੰਗਾ ਪ੍ਰਦਰਸ਼ਨ ਕੀਤਾ। ਵਿਸ਼ਵ ਰੈਂਕਿੰਗ ਦੀ ਗੱਲ ਕਰੀਏ ਤਾਂ ਭਾਰਤ ਪੂਰੀ ਦੁਨੀਆ ਵਿੱਚ ਤੀਜੇ ਨੰਬਰ ਉਤੇ ਹੈ ਜਦੋਂ ਕਿ ਪਹਿਲੇ ਅੱਠਾਂ ਵਿੱਚ ਉਹ ਇਕਲੌਤਾ ਏਸ਼ੀਅਨ ਮੁਲਕ ਹੈ। ਦੱਖਣੀ ਕੋਰੀਆ ਨੌਵੇਂ, ਮਲੇਸ਼ੀਆ 10ਵੇਂ, ਪਾਕਿਸਤਾਨ 16ਵੇਂ ਤੇ ਜਪਾਨ 19ਵੇਂ ਸਥਾਨ ਉਤੇ ਹੈ।



ਏਸ਼ਿਆਈ ਖੇਡਾਂ ਵਿੱਚ ਹਾਕੀ ਦੇ ਇਤਿਹਾਸ ਉਤੇ ਝਾਤੀ ਮਾਰੀਏ ਤਾਂ 1958 ਵਿੱਚ ਟੋਕੀਓ ਵਿਖੇ ਹੋਈਆਂ ਤੀਜੀਆਂ ਏਸ਼ਿਆਈ ਖੇਡਾਂ ਵਿੱਚ ਪਹਿਲੀ ਵਾਰ ਪੁਰਸ਼ ਹਾਕੀ ਨੂੰ ਇਨ੍ਹਾਂ ਖੇਡਾਂ ਦਾ ਹਿੱਸਾ ਬਣਾਇਆ ਗਿਆ ਸੀ। ਹੁਣ ਤੱਕ 16 ਵਾਰ ਹੋਏ ਮੁਕਾਬਲਿਆਂ ਦੀ ਗੱਲ ਕਰੀਏ ਤਾਂ ਭਾਰਤ ਨੇ 2006 ਦੀਆਂ ਦੋਹਾ ਏਸ਼ਿਆਈ ਖੇਡਾਂ ਨੂੰ ਛੱਡ ਕੇ ਹਰ ਵਾਰ ਕੋਈ ਨਾ ਕੋਈ ਤਗ਼ਮਾ ਜਿੱਤਿਆ ਹੈ। ਭਾਰਤ ਨੇ ਤਿੰਨ ਵਾਰ ਸੋਨੇ, 9 ਵਾਰ ਚਾਂਦੀ ਤੇ ਤਿੰਨ ਵਾਰ ਕਾਂਸੀ ਦੇ ਤਗ਼ਮੇ ਸਣੇ ਕੁੱਲ 15 ਵਾਰ ਤਗ਼ਮੇ ਜਿੱਤੇ ਹਨ। ਸੋਨ ਤਗ਼ਮਿਆਂ ਦੇ ਲਿਹਾਜ਼ ਨਾਲ ਪਾਕਿਸਤਾਨ ਨੇ ਸਭ ਤੋਂ ਵੱਧ 8 ਵਾਰ ਸੋਨੇ ਦਾ ਤਗ਼ਮਾ ਜਿੱਤਿਆ ਹੈ। ਪਾਕਿਸਤਾਨ ਨੇ ਤਿੰਨ-ਤਿੰਨ ਚਾਂਦੀ ਤੇ ਕਾਂਸੀ ਦੇ ਤਗ਼ਮਿਆਂ ਨਾਲ ਕੁੱਲ 14 ਵਾਰ ਤਗ਼ਮੇ ਜਿੱਤੇ ਹਨ। ਦੱਖਣੀ ਕੋਰੀਆ ਨੇ ਚਾਰ ਵਾਰ ਸੋਨੇ, ਇੱਕ ਵਾਰ ਚਾਂਦੀ ਤੇ ਦੋ ਵਾਰ ਕਾਂਸੀ ਦਾ ਤਗ਼ਮਾ, ਜਪਾਨ ਨੇ ਇੱਕ ਵਾਰ ਸੋਨੇ, ਮਲੇਸ਼ੀਆ ਨੇ ਦੋ ਵਾਰ ਚਾਂਦੀ ਤੇ ਚੀਨ ਨੇ ਇੱਕ ਵਾਰ ਚਾਂਦੀ ਦਾ ਤਗ਼ਮਾ ਜਿੱਤਿਆ ਹੈ। ਉਕਤ ਛੇ ਮੁਲਕਾਂ ਤੋਂ ਬਿਨਾਂ ਹੋਰ ਕਿਸੇ ਮੁਲਕ ਨੂੰ ਤਗ਼ਮਾ ਜਿੱਤਣ ਦਾ ਮੌਕਾ ਨਹੀਂ ਮਿਲਿਆ। ਹਾਲਾਂਕਿ ਭਾਰਤ ਨੇ ਓਲੰਪਿਕ ਖੇਡਾਂ ਵਿੱਚ ਅੱਠ ਸੋਨੇ, ਇੱਕ ਚਾਂਦੀ ਤੇ ਤਿੰਨ ਕਾਂਸੀ ਦੇ ਤਗ਼ਮੇ ਜਿੱਤ ਕੇ ਹੋਰਨਾਂ ਏਸ਼ੀਅਨ ਮੁਲਕਾਂ ਨਾਲੋਂ ਕਿਤੇ ਬਿਹਤਰ ਪ੍ਰਦਰਸ਼ਨ ਦਿਖਾਇਆ ਹੈ, ਪਰ ਏਸ਼ਿਆਈ ਖੇਡਾਂ ਵਿੱਚ ਸੋਨ ਤਗ਼ਮਾ ਜਿੱਤਣਾ ਭਾਰਤ ਲਈ ਵੱਡੀ ਚੁਣੌਤੀ ਰਿਹਾ ਹੈ।

ਭਾਰਤੀ ਟੀਮ ਨੇ 1958 ਤੋਂ 1982 ਦੀਆਂ ਨਵੀਂ ਦਿੱਲੀ ਏਸ਼ਿਆਈ ਖੇਡਾਂ ਤੱਕ ਲਗਾਤਾਰ ਸੱਤ ਵਾਰ ਫਾਈਨਲ ਖੇਡਿਆ, ਪਰ ਸੋਨ ਤਗ਼ਮਾ ਸਿਰਫ਼ ਇੱਕੋ ਵਾਰ 1966 ਵਿੱਚ ਬੈਂਕਾਕ ਵਿਖੇ ਜਿੱਤਿਆ ਸੀ। ਉਸ ਵੇਲੇ 1964 ਦੀਆਂ ਟੋਕੀਓ ਓਲੰਪਿਕ ਖੇਡਾਂ ਦਾ ਸੋਨ ਤਗ਼ਮਾ ਜੇਤੂ ਭਾਰਤੀ ਟੀਮ ਨੇ ਏਸ਼ਿਆਈ ਖੇਡਾਂ ਵਿੱਚ ਪਹਿਲੀ ਵਾਰ ਸੋਨੇ ਦਾ ਤਗ਼ਮਾ ਜਿੱਤਿਆ ਸੀ। ਟੀਮ ਦੇ ਅੰਤਿਮ 11 ਖਿਡਾਰੀਆਂ ਵਿੱਚ ਗੋਲਚੀ ਸ਼ੰਕਰ ਲਕਸ਼ਮਣ ਨੂੰ ਛੱਡ ਕੇ ਬਾਕੀ 10 ਖਿਡਾਰੀ ਪੰਜਾਬੀ ਸਨ। ਤਿੰਨ ਤਾਂ ਬਲਬੀਰ ਸਿੰਘ ਟੀਮ ਦਾ ਹਿੱਸਾ ਸਨ। ਪ੍ਰਿਥੀਪਾਲ ਸਿੰਘ, ਹਰਮੀਕ ਸਿੰਘ, ਤਰਸੇਮ ਸਿੰਘ ਕੁਲਾਰ, ਧਰਮ ਸਿੰਘ, ਗੁਰਬਖ਼ਸ਼ ਸਿੰਘ ਅਤੇ ਹਰੀ ਪਾਲ ਕੌਸ਼ਿਕ ਇਸੇ ਟੀਮ ਦਾ ਹਿੱਸਾ ਸਨ। ਭਾਰਤ ਨੇ ਫਾਈਨਲ ਵਿੱਚ ਪਾਕਿਸਤਾਨ ਨੂੰ ਬਲਬੀਰ ਸਿੰਘ ਕੁਲਾਰ ਦੇ ਵਾਧੂ ਸਮੇਂ ਵਿੱਚ ਕੀਤੇ ਗੋਲ ਸਦਕਾ 1-0 ਨਾਲ ਹਰਾਇਆ ਸੀ। ਉਸ ਤੋਂ ਬਾਅਦ ਭਾਰਤੀ ਟੀਮ ਨੇ ਤਿੰਨ ਵਾਰ ਫੇਰ ਫਾਈਨਲ ਖੇਡੇ, ਪਰ ਜਿੱਤ ਨਸੀਬ ਨਾ ਹੋਈ। ਭਾਰਤੀ ਹਾਕੀ ਦੇ ਇਤਿਹਾਸ ਵਿੱਚ ਸਭ ਤੋਂ ਬੁਰੀ ਹਾਰ 1982 ਦੀਆਂ ਏਸ਼ਿਆਈ ਖੇਡਾਂ ਦੇ ਫਾਈਨਲ ਵਿੱਚ ਮਿਲੀ। ਮੇਜਰ ਧਿਆਨ ਚੰਦ ਨੈਸ਼ਨਲ ਸਟੇਡੀਅਮ ਵਿਖੇ ਫਾਈਨਲ ਵਿੱਚ ਭਾਰਤੀ ਟੀਮ ਪਾਕਿਸਤਾਨ ਖਿਲਾਫ਼ ਪਹਿਲੇ ਗੋਲ ਦੀ ਲੀਡ ਤੋਂ ਬਾਅਦ ਅਜਿਹੀ ਪੱਛੜੀ ਕਿ 1-7 ਨਾਲ ਆਪਣੇ ਘਰ ਵਿੱਚ ਹਾਰੀ। 1986 ਵਿੱਚ ਸਿਓਲ ਵਿਖੇ ਭਾਰਤੀ ਟੀਮ ਪਹਿਲੀ ਵਾਰ ਫਾਈਨਲ ਵਿੱਚ ਪਹੁੰਚੀ ਅਤੇ ਕਾਂਸੀ ਦਾ ਤਗ਼ਮਾ ਜਿੱਤਿਆ।

1990 ਦੀਆਂ ਬੀਜਿੰਗ ਏਸ਼ਿਆਈ ਖੇਡਾਂ ਤੋਂ ਲੈ ਕੇ 2002 ਦੀਆਂ ਬੁਸਾਨ ਏਸ਼ਿਆਈ ਖੇਡਾਂ ਤੱਕ ਭਾਰਤ ਨੇ ਲਗਾਤਾਰ ਚਾਰ ਵਾਰ ਫਾਈਨਲ ਖੇਡਿਆ ਅਤੇ 1998 ਵਿੱਚ ਬੈਂਕਾਕ ਵਿਖੇ ਏਸ਼ਿਆਈ ਖੇਡਾਂ ਦਾ ਆਪਣਾ ਦੂਜਾ ਸੋਨ ਤਗ਼ਮਾ ਜਿੱਤਿਆ। 1998 ਵਿੱਚ ਭਾਰਤ ਨੇ ਦੱਖਣੀ ਕੋਰੀਆ ਨੂੰ ਪੈਨਲਟੀਆਂ ਵਿੱਚ 4-2 ਨਾਲ ਹਰਾਇਆ ਅਤੇ ਫਾਈਨਲ ਦਾ ਹੀਰੋ ਗੋਲਚੀ ਆਸ਼ੀਸ਼ ਬਲਾਲ ਬਣਿਆ। ਉਸ ਵੇਲੇ ਭਾਰਤੀ ਟੀਮ ਵਿੱਚ ਧਨਰਾਜ ਪਿੱਲੈ, ਬਲਜੀਤ ਸਿੰਘ ਢਿੱਲੋਂ, ਦਲੀਪ ਟਿਰਕੀ, ਰਮਨਦੀਪ ਸਿੰਘ ਗਰੇਵਾਲ, ਮੁਕੇਸ਼, ਮੁਹੰਮਦ ਰਿਆਜ਼, ਬਲਜੀਤ ਸਿੰਘ ਸੈਣੀ ਆਦਿ ਖਿਡਾਰੀਆਂ ਦਾ ਵੱਡਾ ਯੋਗਦਾਨ ਸੀ। 2006 ਵਿੱਚ ਪਹਿਲੀ ਵਾਰ ਭਾਰਤੀ ਟੀਮ ਦੋਹਾ ਵਿਖੇ ਸੈਮੀ ਫਾਈਨਲ ਤੱਕ ਵੀ ਨਾ ਪਹੁੰਚਣ ਕਰਕੇ ਖਾਲੀ ਹੱਥ ਵਾਪਸ ਆਈ। 2010 ਵਿੱਚ ਗੁਆਂਗਜ਼ੂ ਵਿਖੇ ਕਾਂਸੀ ਦਾ ਤਗ਼ਮਾ ਜਿੱਤਿਆ। 2014 ਵਿੱਚ ਇੰਚੇਓਨ ਵਿਖੇ ਭਾਰਤ ਨੇ ਏਸ਼ਿਆਈ ਖੇਡਾਂ ਦਾ ਤੀਜਾ ਸੋਨ ਤਗ਼ਮਾ ਜਿੱਤਿਆ। ਇਸ ਮੈਚ ਦਾ ਫੈਸਲਾ ਵੀ ਟਾਈਬ੍ਰੇਕਰ ਵਿੱਚ ਹੋਇਆ ਜਿੱਥੇ ਭਾਰਤ ਨੇ ਪਾਕਿਸਤਾਨ ਨੂੰ 4-2 ਨਾਲ ਹਰਾਇਆ। ਪੂਰੇ ਟੂਰਨਾਮੈਂਟ ਦੌਰਾਨ ਡਰੈਗ ਫਲਿੱਕਰਾਂ ਦੀ ਜੋੜੀ ਰੁਪਿੰਦਰ ਪਾਲ ਸਿੰਘ ਤੇ ਰਘੂਨਾਥ ਨੇ ਪੰਜ-ਪੰਜ ਗੋਲ ਕੀਤੇ। ਭਾਰਤੀ ਟੀਮ ਵੱਲੋਂ ਸਰਦਾਰ ਸਿੰਘ, ਮਨਪ੍ਰੀਤ ਸਿੰਘ, ਸ੍ਰੀਜੇਸ਼, ਅਕਾਸ਼ਦੀਪ ਸਿੰਘ, ਰਮਨਦੀਪ ਸਿੰਘ, ਧਰਮਵੀਰ ਸਿੰਘ, ਥਿਮਾਇਆ, ਚਿੰਗਲੇਨਸਨਾ, ਕੋਠਾਜੀਤ ਸਿੰਘ, ਗੁਰਬਾਜ਼ ਸਿੰਘ, ਗੁਰਵਿੰਦਰ ਸਿੰਘ ਚੰਦੀ ਅਤੇ ਐੱਸ.ਵੀ. ਸੁਨੀਲ ਨੇ ਬਿਹਤਰ ਖੇਡ ਦਿਖਾਈ। 2018 ਵਿੱਚ ਭਾਰਤੀ ਟੀਮ ਦਾਅਵੇਦਾਰ ਹੋਣ ਦੇ ਬਾਵਜੂਦ ਕਾਂਸੀ ਦਾ ਤਗ਼ਮਾ ਹੀ ਜਿੱਤ ਸਕੀ ਅਤੇ ਜਪਾਨ ਨੇ ਪਹਿਲੀ ਵਾਰ ਸੋਨੇ ਦਾ ਤਗ਼ਮਾ ਜਿੱਤਿਆ।

ਹੁਣ ਏਸ਼ਿਆਈ ਖੇਡਾਂ ਵਿੱਚ ਭਾਰਤ ਦੇ ਪੂਲ ਵਿੱਚ ਜਪਾਨ, ਪਾਕਿਸਤਾਨ, ਬੰਗਲਾਦੇਸ਼, ਉਜ਼ਬੇਕਿਸਤਾਨ ਤੇ ਸਿੰਗਾਪੁਰ ਹਨ। ਮੌਜੂਦਾ ਫਾਰਮ ਨੂੰ ਦੇਖਦਿਆਂ ਭਾਰਤੀ ਟੀਮ ਤੋਂ ਬਹੁਤ ਉਮੀਦਾਂ ਹਨ। ਫੀਲਡ ਗੋਲ ਤੇ ਪੈਨਲਟੀ ਕਾਰਨਰ ਮਾਹਰਤ ਦੇ ਨਾਲ ਦੋਵੇਂ ਗੋਲਚੀ ਚੰਗਾ ਪ੍ਰਦਰਸ਼ਨ ਕਰ ਰਹੇ ਹਨ। ਏਸ਼ਿਆਈ ਖੇਡਾਂ ਵਿੱਚ ਸੋਨ ਤਗ਼ਮਾ ਜਿੱਤਣ ਵਾਲੀ ਟੀਮ ਅਗਲੇ ਸਾਲ ਪੈਰਿਸ ਵਿਖੇ ਹੋਣ ਵਾਲੀਆਂ ਓਲੰਪਿਕ ਖੇਡਾਂ ਲਈ ਸਿੱਧੇ ਕੁਆਲੀਫਾਈ ਹੋ ਜਾਵੇਗੀ ਜਿਸ ਕਾਰਨ ਇਸ ਟੂਰਨਾਮੈਂਟ ਨੂੰ ਜਿੱਤਣਾ ਹੋਰ ਵੀ ਅਹਿਮ ਹੋ ਜਾਂਦਾ ਹੈ।

ਮਹਿਲਾ ਹਾਕੀ ਦੀ ਗੱਲ ਕਰੀਏ ਤਾਂ 1982 ਵਿੱਚ ਨਵੀਂ ਦਿੱਲੀ ਵਿਖੇ ਪਹਿਲੀ ਵਾਰ ਇਸ ਨੂੰ ਏਸ਼ਿਆਈ ਖੇਡਾਂ ਦਾ ਹਿੱਸਾ ਬਣਾਇਆ ਗਿਆ। ਭਾਰਤ ਨੇ ਪਹਿਲੀ ਵਾਰ ਹੀ ਆਪਣੀ ਮੇਜ਼ਬਾਨੀ ਵਿੱਚ ਸੋਨੇ ਦਾ ਤਗ਼ਮਾ ਜਿੱਤਿਆ। ਰਾਜਬੀਰ ਕੌਰ ਭਾਰਤੀ ਹਾਕੀ ਵਿੱਚ ਇਸੇ ਕਰਕੇ ਗੋਲਡਨ ਗਰਲ ਦੇ ਨਾਮ ਨਾਲ ਜਾਣੀ ਜਾਂਦੀ ਹੈ। 1982 ਤੋਂ ਬਾਅਦ ਭਾਰਤੀ ਮਹਿਲਾ ਹਾਕੀ ਟੀਮ ਕਦੇ ਵੀ ਸੋਨੇ ਦਾ ਤਗ਼ਮਾ ਨਹੀਂ ਜਿੱਤ ਸਕੀ। ਭਾਰਤੀ ਮਹਿਲਾ ਟੀਮ ਨੇ ਦੋ ਵਾਰ ਚਾਂਦੀ ਦਾ ਤਗ਼ਮਾ (1998 ਬੈਂਕਾਕ ਤੇ 2018 ਜਕਾਰਤਾ) ਅਤੇ ਤਿੰਨ ਵਾਰ ਕਾਂਸੀ ਦਾ ਤਗ਼ਮਾ (1986 ਸਿਓਲ, 2006 ਦੋਹਾ ਤੇ 2014 ਇੰਚੇਓਨ) ਜਿੱਤਿਆ।

ਮਹਿਲਾ ਹਾਕੀ ਵਿੱਚ ਦੱਖਣੀ ਕੋਰੀਆ ਨੇ ਪੰਜ ਵਾਰ ਸੋਨੇ ਤੇ ਤਿੰਨ ਵਾਰ ਚਾਂਦੀ ਦਾ ਤਗ਼ਮਾ ਜਿੱਤਿਆ ਹੈ। ਚੀਨ ਨੇ ਤਿੰਨ ਵਾਰ ਸੋਨੇ, ਦੋ ਵਾਰ ਚਾਂਦੀ ਤੇ ਤਿੰਨ ਵਾਰ ਕਾਂਸੀ ਅਤੇ ਜਪਾਨ ਨੇ ਇੱਕ ਵਾਰ ਸੋਨੇ ਅਤੇ ਤਿੰਨ-ਤਿੰਨ ਵਾਰ ਚਾਂਦੀ ਤੇ ਕਾਂਸੀ ਦਾ ਤਗ਼ਮਾ ਜਿੱਤਿਆ ਹੈ। ਇਸ ਵਾਰ ਮਹਿਲਾ ਹਾਕੀ ਵਿੱਚ ਭਾਰਤ ਦੇ ਪੂਲ ਵਿੱਚ ਦੱਖਣੀ ਕੋਰੀਆ, ਮਲੇਸ਼ੀਆ, ਹਾਂਗਕਾਂਗ ਤੇ ਸਿੰਗਾਪੁਰ ਹੈ। 2021 ਦੀਆਂ ਟੋਕੀਓ ਓਲੰਪਿਕ ਖੇਡਾਂ ਦੇ ਸੈਮੀ ਫਾਈਨਲ ਤੱਕ ਪੁੱਜਣ ਵਾਲੀ ਭਾਰਤੀ ਟੀਮ ਇਸ ਵਾਰ 41 ਵਰ੍ਹਿਆਂ ਦਾ ਸੋਨ ਤਗ਼ਮੇ ਦਾ ਸੋਕਾ ਤੋੜਨ ਲਈ ਪੂਰੀ ਜੱ-ਦੋਜਹਿਦ ਕਰੇਗੀ।

# ਤੰਗੀਆਂ ਨਾਲ ਜੂਝ ਰਹੇ ਦੇਸ਼ ਦੇ ਕਿਰਤੀ, ਆਖ਼ਰ ਕਦੋਂ ਸੁਧਰੇਗੀ ਹਾਲਤ?

ਸਾਡੇ ਦੇਸ਼ ਆਜ਼ਾਦ ਹੋਏ ਨੂੰ ਅੱਧੀ ਸਦੀ ਤੋਂ ਜ਼ਿਆਦਾ ਸਮਾਂ ਹੋ ਗਿਆ ਹੈ ਪਰ ਦੇਸ਼ ਦੇ ਹਾਲਾਤਾਂ 'ਚ ਜ਼ਿਆਦਾ ਸੁਧਾਰ ਨਹੀਂ ਹੋਇਆ। ਸਾਡੇ ਦੇਸ਼ ਤੋਂ ਬਾਅਦ ਕਈ ਦੇਸ਼ ਆਜ਼ਾਦ ਹੋਏ, ਜੋ ਸਾਡੇ ਦੇਸ਼ ਨਾਲੋਂ ਆਰਥਿਕ ਦਸ਼ਾ 'ਚ ਕਾਫ਼ੀ ਅੱਗੇ ਲੰਘ ਗਏ ਹਨ। ਜੇ ਆਪਾਂ ਗੱਲ ਕਰੀਏ ਰੁਜ਼ਗਾਰ ਦੀ ਤਾਂ ਇੱਥੇ ਰੁਜ਼ਗਾਰ ਦੇ ਨਾਂ 'ਤੇ ਵੀ ਸ਼ੋਸ਼ਣ ਹੁੰਦਾ ਹੈ। ਦੇਖਿਆ ਜਾਵੇ ਤਾਂ ਪਹਿਲਾਂ ਵਾਲੇ ਸਮੇਂ 'ਚ ਗ਼ੈਰ-ਸਰਕਾਰੀ ਸੰਸਥਾਵਾਂ ਹੀ ਸ਼ੋਸ਼ਣ ਕਰਦੀਆਂ ਸਨ। ਕਿਸੇ ਨੂੰ ਰੁਜ਼ਗਾਰ ਦੇ ਦੇਣਾ, ਫਿਰ ਉਸ ਤੋਂ ਜ਼ਿਆਦਾ ਕੰਮ ਕਰਵਾਉਣਾ ਤੇ ਉਸ ਦਾ ਸਰੀਰਕ ਅਤੇ ਮਾਨਸਿਕ ਸੋਸ਼ਣ ਕਰਨਾ। ਕੰਮ ਕਰਨ ਦਾ ਸਮਾਂ ਅੱਠ ਘੰਟੇ ਹੋਣਾ ਪਰ ਉਸ ਤੋਂ ਦਸ- ਬਾਰਾਂ ਘੰਟੇ ਕੰਮ ਕਰਵਾਉਣਾ ਆਮ ਹੀ ਗੱਲ ਹੈ। ਗ਼ੈਰ-ਸਰਕਾਰੀ ਸੰਸਥਾਵਾਂ 'ਚ ਅਸੀਂ ਕੁਝ ਕਰ ਨਹੀਂ ਸਕਦੇ, ਇਸ ਕਰਕੇ ਉਹ ਸਾਡੀ ਮਜਬੂਰੀ ਦਾ ਫ਼ਾਇਦਾ ਚੁੱਕਦੇ ਹਨ ਪਰ ਅੱਜਕੱਲ੍ਹ ਤਾਂ ਸਰਕਾਰੀ ਅਦਾਰਿਆਂ ਦਾ ਵੀ ਇਹ ਹੀ ਹਾਲ ਹੋਇਆ ਪਿਆ ਹੈ। ਇੱਥੇ ਵੀ ਸਰਕਾਰਾਂ ਇਹ ਹੀ ਸੋਚਦੀਆਂ ਹਨ ਕਿ ਕਿਵੇਂ ਨਾ ਕਿਵੇਂ ਇਨ੍ਹਾਂ ਦਾ ਸ਼ੋਸ਼ਣ ਕੀਤਾ ਜਾਵੇ ਤੇ ਸ਼ੋਸ਼ਣ ਕਰਦੀਆਂ ਵੀ ਹਨ।

ਪਹਿਲਾਂ ਤਾਂ ਘੱਟ ਤਨਖ਼ਾਹ 'ਤੇ ਰੱਖਣ, ਉਨ੍ਹਾਂ ਨੂੰ ਲਾਲਚ ਦੇਣਾ, ਇਕ ਵਾਰ ਏਦਾਂ ਕਰ ਲਵੋ, ਫਿਰ ਅੱਗੇ ਜ਼ਿਆਦਾ ਕਰ ਦੇਵੇਗਾ। ਫਿਰ ਆਪਣੇ ਹੱਕਾਂ ਲਈ ਧਰਨੇ ਲਾਉਣੇ ਅਤੇ ਸੜਕਾਂ 'ਤੇ ਧੁੱਪ 'ਚ ਬੈਠਣਾ। ਫਿਰ ਉਨ੍ਹਾਂ ਨੂੰ ਭਰੋਸਾ ਦੇ ਕੇ ਮੋੜ ਦੇਣਾ, ਇਹ ਸਭ ਹੀ ਤਾਂ ਕਰ ਰਹੀਆਂ ਹਨ ਸਾਡੀਆਂ ਸਰਕ-ਾਰਾਂ। ਅਧਿਆਪਕ, ਡਾਕਟਰ, ਨਰਸ , ਕਲਰਕ ਕਿਸੇ ਵੀ ਅਦਾਰੇ 'ਚ ਹੋਣ, ਇਨ੍ਹਾਂ ਤੋਂ ਇਲਾਵਾ ਹੋਰ ਵੀ ਬਹੁਤ ਅਦਾਰੇ ਹਨ ਜਿਨ੍ਹਾਂ 'ਚ ਰੱਜ ਕੇ ਸ਼ੋਸ਼ਣ ਕੀਤਾ ਜਾਂਦਾ ਹੈ। ਤਨਖ਼ਾਹ ਸਮੇਂ 'ਤੇ ਮਿਲੇ ਜਾਂ ਨਾਂ ਪਰ ਕੰਮ ਸਾਰਾ ਪੂਰਾ ਚਾਹੀਦਾ ਹੈ।

ਹੁਣ ਤਾਂ ਸਰਕਾਰਾਂ ਸਰਕਾਰੀ ਸਕੂਲਾਂ 'ਚ ਵੀ ਪ੍ਰਾਈਵੇਟ ਅਧਿਆਪਕ ਰੱਖਣ ਲੱਗ ਗਈਆਂ ਹਨ। ਇਹ ਰੱਖਣ ਦਾ ਕਾਰਨ ਹੈ ਕਿ ਆਉਣ ਵਾਲੇ ਸਮੇਂ 'ਚ ਸਰਕਾਰ ਤੋਂ ਉਹ ਆਪਣੇ ਹੱਕ ਨਾ ਮੰਗ ਸਕਣ। ਪਿੱਛੇ ਜਿਹੇ ਸਕੂਲਾਂ 'ਚ ਰੁਜ਼ਗਾਰ ਕੌਸ਼ਲ ਦੇ ਨਾਂ 'ਤੇ ਸਕੂਲਾਂ 'ਚ ਨਵੇਂ ਵਿਸ਼ੇ ਸ਼ੁਰੂ ਕੀਤੇ ਗਏ ਸਨ, ਜਿਸ ਦਾ ਮਤਲਬ ਬੱਚਿਆਂ ਨੂੰ ਸਵੈ-ਰੁਜ਼ਗਾਰ ਦੇ ਕਾਬਲ ਬਣਾਉਣਾ ਹੈ। ਬੱਚੇ ਨੂੰ ਬਾਰ੍ਹਵੀਂ ਤੱਕ ਇਕ ਕਿੱਤੇ 'ਚ ਨਿਪੁੰਨ ਕਰ ਦੇਣਾ ਤਾਂ ਜੋ ਬੱਚਾ ਅੱਗੇ ਜਾ ਕੇ ਆਪਣਾ ਕੋਈ ਰੁਜ਼ਗਾਰ ਕਰ ਸਕੇ। ਇਹ ਬਹੁਤ ਹੀ ਸ਼ਲਾਘਾਯੋਗ ਕੰਮ ਹੈ ਪਰ ਜਿਹੜੇ ਇਨ੍ਹਾਂ ਵਿਸ਼ਿਆਂ ਦੇ ਅਧਿਆਪਕ ਹਨ, ਉਨ੍ਹਾਂ ਨੂੰ ਇਨ੍ਹਾਂ ਕੰਪਨੀਆਂ ਰਾਹੀਂ ਰੱਖਿਆ ਗਿਆ ਹੈ। ਘੱਟ ਤਨਖ਼ਾਹ 'ਤੇ ਕੰਮ ਜ਼ਿਆਦਾ ਲਿਆ ਜਾਂਦਾ ਹੈ।

ਕਦੇ ਉਨ੍ਹਾਂ ਨੂੰ ਨੌਕਰੀ ਤੋਂ ਹਟਾ ਦਿੱਤਾ ਜਾਂਦਾ ਹੈ। ਜਦ ਇਨ੍ਹਾਂ ਅਧਿਆਪਕਾਂ ਦਾ ਸ਼ੋਸ਼ਣ ਹੋ ਰਿਹਾ ਹੈ ਤਾਂ ਅਸੀਂ ਕਿਵੇਂ ਉਮੀਦ ਕਰ ਸਕਦੇ ਹਾਂ ਕਿ ਬੱਚੇ ਸਾਰੇ ਸਵੈ-ਰੁਜ਼ਗਾਰ ਦੇ ਕਾਬਲ ਹੋ ਜਾਣਗੇ। ਜਦ ਨੀਂਹ ਹੀ ਮਾੜੀ ਰੱਖ ਰਹੇ ਹਾਂ। ਜੇ ਸਰਕਾਰਾਂ ਸੱਚਮੁੱਚ ਸਾਨੂੰ ਕੁੱਝ ਦੇਣਾ ਚਾਹੁੰਦੀਆਂ ਹਨ ਤਾਂ ਹਰ ਯੋਜਨਾ ਨੂੰ ਤਰੀਕੇ ਨਾਲ ਚਲਾਉਣ, ਦਿਖਾਵਾ ਨਾ ਕਰਨ। ਸ਼ੋਸ਼ਣ ਰੁਜ਼ਗਾਰ 'ਤੇ ਹੀ ਨਹੀਂ, ਇਹ ਸ਼ੋਸ਼ਣ ਹਰ ਖੇਤਰ 'ਚ ਹੁੰਦਾ ਹੈ। ਇੱਥੇ ਗੱਲ ਕਰਦੇ ਹਾਂ ਖਿਡਾਰੀਆਂ ਦੀ। ਸ਼ਾਕਸ਼ੀ ਮਲਿਕ ਮਸ਼ਹੂਰ ਪਹਿਲਵਾਨ ਹੈ, ਜਿਸ ਨੇ ਦੇਸ਼ ਦੀ ਝੋਲੀ 'ਚ ਗੋਲਡ ਮੈਡਲ ਪਾਇਆ ਹੈ।

ਪਿਛਲੇ ਦੋ ਮਹੀਨਿਆਂ ਤੋਂ ਉਹ ਅਤੇ ਉਸ ਦੇ ਭਲਵਾਨ ਸਾਥੀ ਆਪਣੇ ਨਾਲ ਹੋਏ ਸ਼ੋਸ਼ਣ ਨੂੰ ਲੈ ਕੇ ਦਿੱਲੀ ਦੇ ਜੰਤਰ ਮੰਤਰ 'ਚ ਧਰਨੇ 'ਤੇ ਬੈਠੇ ਹਨ। ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ ਤੇ ਉਲਟਾ ਉਨ੍ਹਾਂ ਉੱਤੇ ਇਲਜ਼ਾਮ ਲਾਏ ਜਾ ਰਹੇ ਹਨ। ਜਦ ਉਹ ਦੇਸ਼ ਲਈ ਮੈਡਲ ਲੈ ਕੇ ਆ ਰਹੇ ਸਨ ਤਾਂ ਉਸ ਸਮੇਂ ਤਾਂ ਅਸੀਂ ਉਨ੍ਹਾਂ ਦੀ ਆਰਤੀ ਉਤਾਰਦੇ ਸੀ ਤੇ ਉਨ੍ਹਾਂ ਨੂੰ ਭੋਜਨ 'ਤੇ ਬੁਲਾਉਂਦੇ ਸੀ ਤੇ ਜਦ ਉਨ੍ਹਾਂ ਨੇ ਆਪਣੇ ਹੱਕਾਂ ਤੇ ਅਧਿਕਾਰਾਂ ਲਈ ਆਵਾਜ਼ ਬੁਲੰਦ ਕੀਤੀ ਤਾਂ ਉਹ ਗ਼ਲਤ ਹੋ ਗਏ।

ਜੇ ਅਸੀਂ ਸਿਹਤ ਵਿਭਾਗ ਦੀ ਗੱਲ ਕਰੀਏ ਤਾਂ ਉੱਥੇ ਵੀ ਤਨਖ਼ਾਹ ਪੂਰੀ ਨਹੀਂ ਮਿਲਦ, ਫਿਰ ਸਾਡੀ ਸਿਹਤ ਦਾ ਖ਼ਿਆਲ ਉਹ ਕਿਵੇਂ ਰੱਖਣਗੇ ਜਿਨ੍ਹਾਂ ਨੂੰ ਘਰ ਆਟਾ, ਦਾਲ ਦਾ ਹੀ ਫ਼ਿਕਰ ਹੋਇਆ। ਪਿੱਛੇ ਜਿਹੇ ਮੇਰੀ ਕਿਸੇ ਮਜ਼ਦੂਰ ਨਾਲ ਗੱਲ ਹੋਈ। ਮੈਂ ਪੁੱਛਿਆ ਕਿ ਮਜ਼ਦੂਰ ਦਿਵਸ ਆ ਰਿਹਾ ਹੈ, ਤੁਹਾਡੇ ਇਸ ਬਾਰੇ ਕੀ ਵਿਚਾਰ ਹਨ। ਉਹ ਕਹਿੰਦਾ, 'ਸਾਡਾ ਕਿਹੜਾ ਮਜ਼ਦੂਰ ਦਿਵਸ? ਅਸੀਂ ਤਾਂ ਰੋਜ਼ਾਨਾ ਦੀ ਤਰ੍ਹਾਂ ਦਿਹਾੜੀ 'ਤੇ ਆਉਣਾ ਤੇ ਕੰਮ ਕਰਨਾ। ਇਹ ਸਭ ਸਰਕ-ਾਰਾਂ ਦੇ ਚੋਚਲੇ ਹਨ। ਉਸ ਦੀ ਗੱਲ ਸੁਣ ਕੇ ਮੈਨੂੰ ਸੰਤ ਰਾਮ ਉਦਾਸੀ ਦੀਆਂ ਇਹ ਸਤਰਾਂ ਯਾਦ ਆ ਗਈਆਂ :

ਜਿੱਥੇ ਤੰਗ ਨਾ ਸਮਝਣ ਤੰਗੀਆਂ ਨੂੰ
ਜਿੱਥੇ ਮਿਲਣ ਅੰਗੂਠੇ ਸੰਘੀਆਂ ਨੂੰ
ਜਿੱਥੇ ਵਾਲ ਤਰਸਦੇ ਕੰਘੀਆਂ ਨੂੰ
ਨੱਕ ਵਗਦੇ ਅੱਖਾਂ ਚੁੰਨ੍ਹੀਆਂ ਤੇ ਦੰਦ ਕਰੇੜੇ
ਤੂੰ ਮਘਦਾ ਰਹੀਂ ਵੇ ਸੂਰਜਾਂ ਕੰਮੀਆਂ ਦੇ ਵਿਹੜੇ।

**-ਵੀਰਪਾਲ ਕੌਰ ਮਾਨ**

# ਪਾਕਿਸਤਾਨ 'ਚ ਬਦਹਵਾਸੀ ਦਾ ਆਲਮ

**(ਸਫਾ 11 ਦੀ ਬਾਕੀ)**

ਗਿਆ ਹੈ ਜਿਨ੍ਹਾਂ ਤਹਿਤ ਪਾਕਿਸਤਾਨ ਵਲੋਂ ਪਰਮਾਣੂ ਹਥਿਆਰਾਂ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ। ਉਨ੍ਹਾਂ ਵਲੋਂ ਇਹ ਦਰਜ ਕੀਤਾ ਗਿਆ ਹੈ ਕਿ ਪਾਕਿਸਤਾਨ ਤਦ ਹੀ ਪਰਮਾਣੂ ਹਥਿਆਰਾਂ ਦਾ ਇਸਤੇਮਾਲ ਕਰਨ ਲਈ ਮਜਬੂਰ ਹੋਵੇਗਾ ਜੇ ਭਾਰਤ ਹਮਲਾ ਕਰ ਕੇ ਪਾਕਿਸਤਾਨ ਦੇ ਵੱਡੇ ਖੇਤਰ 'ਤੇ ਕਬਜ਼ਾ ਕਰਨ ਵਿਚ ਕਾਮਯਾਬ ਹੋ ਜਾਂਦਾ ਹੈ ਜਾਂ ਉਸ ਦੀ ਥਲ ਜਾਂ ਹਵਾਈ ਸੈਨਾ ਦੇ ਵੱਡੇ ਹਿੱਸੇ ਨੂੰ ਤਬਾਹ ਕਰ ਦਿੰਦਾ ਹੈ। ਕਿਦਵਈ ਨੇ ਕਾਫ਼ੀ ਤਫ਼ਸੀਲ ਵਿਚ ਬਿਆਨ ਕੀਤਾ ਹੈ ਕਿ ਜੇ ਭਾਰਤ ਆਰਥਿਕ ਤੌਰ 'ਤੇ ਪਾਕਿਸਤਾਨ ਦੀ ਸੰਘੀ ਘੁੱਟਣ ਜਾਂ ਵੱਡੇ ਪੱਧਰ 'ਤੇ ਅੰਦਰੂਨੀ ਜਾਂ ਬਾਹਰੀ ਗੜਬੜ ਕਰਵਾ ਕੇ ਅਸਥਿਰ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਪਾਕਿਸਤਾਨ ਵੀ ਇਸ ਤਰ੍ਹਾਂ ਦੀ ਕਾਰਵਾਈ ਕਰੇਗਾ।

ਕਿਦਵਈ ਹਾਲੇ ਵੀ ਪਾਕਿਸਤਾਨ ਦੀਆਂ ਪਰਮਾਣੂ ਖਾਹਸ਼ਾਂ ਅਤੇ ਨੀਤੀਆਂ ਦਾ ਜਨਤਕ ਚਿਹਰਾ ਬਣੇ ਹੋਏ ਹਨ। ਕੁਝ ਹੋਰਨਾਂ ਦੇਸ਼ਾਂ ਵਿਚ ਸਥਿਤ ਅਦਾਰਿਆਂ ਦੇ ਅਨੁਮਾਨ ਮੁਤਾਬਕ ਪਾਕਿਸਤਾਨ ਕੋਲ ਇਸ ਵੇਲੇ 170 ਪਰਮਾਣੂ ਹਥਿਆਰ ਹਨ ਜਦਕਿ ਭਾਰਤ ਕੋਲ 164 ਪਰਮਾਣੂ ਹਥਿਆਰ ਹਨ। ਬਹਰਹਾਲ, ਇਨ੍ਹਾਂ ਦਾਅਵਿਆਂ ਦੇ ਸਹੀ ਹੋਣ ਬਾਰੇ ਕਿੰਤੂ ਪ੍ਰੰਤੂ ਕੀਤੇ ਜਾ ਸਕਦੇ ਹਨ। ਪਾਕਿਸਤਾਨ ਕੋਲ ਪਰਮਾਣੂ ਹਥਿਆਰ ਲਿਜਾਣ ਵਾਲੀਆਂ ਬਹੁਤ ਸਾਰੀਆਂ ਮਿਜ਼ਾਈਲਾਂ ਵੀ ਹਨ ਜਿਨ੍ਹਾਂ ਵਿਚ ਸ਼ਾਹੀਨ-1 (ਰੇਂਜ 750-900 ਕਿਲੋਮੀਟਰ), ਸ਼ਾਹੀਨ-3 (ਰੇਂਜ 2750 ਕਿਲੋਮੀਟਰ) ਸ਼ਾਮਲ ਹਨ। ਇਹ ਗੱਲ ਤੈਅ ਹੋ ਚੁੱਕੀ ਹੈ ਕਿ ਇਨ੍ਹਾਂ ਮਿਜ਼ਾਈਲਾਂ ਦੇ ਡਿਜ਼ਾਈਨ ਚੀਨ ਦੇ ਬਣੇ ਹੋਏ ਹਨ। ਇਸ ਦੇ ਨਾਲ ਹੀ ਪਾਕਿਸਤਾਨ ਇਸ ਗੱਲ 'ਤੇ ਜ਼ੋਰ ਦਿੰਦਾ ਰਿਹਾ ਹੈ ਕਿ ਪਰਮਾਣੂ ਜੰਗ ਦੋਵਾਂ ਧਿਰਾਂ ਲਈ ਤਬਾਹਕੁਨ ਸਾਬਿਤ ਹੋਵੇਗੀ। ਭਾਰਤ ਦੀਆਂ ਪਰਮਾਣੂ ਕੋਸ਼ਿਸ਼ਾਂ ਇਸ ਤਰਕ 'ਤੇ ਆਧਾਰਿਤ ਹਨ ਕਿ ਇਸ ਨੂੰ 'ਦੋ ਤਰਫ਼ਾ ਪਰਮਾਣੂ ਚੁਣੌਤੀ' ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਚੀਨ ਵਲੋਂ ਲੰਮੇ ਸਮੇਂ ਤੋਂ ਪਾਕਿਸਤਾਨ ਨੂੰ ਆਪਣੇ ਪਰਮਾਣੂ ਹਥਿਆਰਾਂ ਅਤੇ ਮਿਜ਼ਾਈਲ ਸਮੱਰਥਾਵਾਂ ਵਿਚ ਇਜ਼ਾਫ਼ਾ ਕਰਨ ਲਈ ਸਮੱਗਰੀ ਅਤੇ ਜਾਣਕਾਰੀਆਂ ਮੁਹੱਈਆਂ ਕਰਵਾਈਆਂ ਜਾ ਰਹੀਆਂ ਹਨ। ਭਾਰਤ ਦੀਆਂ ਪਰਮਾਣੂ ਸਮੱਰਥਾਵਾਂ ਦਾ ਨਿਸ਼ਾਨਾ ਚੀਨ ਰਿਹਾ ਹੈ ਜਦਕਿ ਨਵੀਂ ਦਿੱਲੀ ਨੂੰ ਆਪਣੀਆਂ ਪਰਮਾਣੂ ਹਥਿਆਰ ਲਿਜਾਣ ਵਾਲੀਆਂ ਪ੍ਰਣਾਲੀਆਂ (ਮਿਜ਼ਾਈਲਾਂ) ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ। ਇਸ ਮੰਤਵ ਲਈ ਘਰੋਗੀ ਤੌਰ 'ਤੇ ਘੱਟੋ-ਘੱਟ ਤਿੰਨ ਹੋਰ ਪਰਮਾਣੂ ਪਣਡੁੱਬੀਆਂ ਵਿਕਸਤ ਕਰਨ ਦੀ ਲੋੜ ਹੈ ਜਿਸ ਨਾਲ ਭਾਰਤ ਦੇ ਪਰਮਾਣੂ ਹਥਿਆਰਾਂ ਦੀ ਮਾਰਕ ਸਮੱਰਥਾ ਬਾਰੇ ਕੋਈ ਵੀ ਸ਼ੱਕ ਸ਼ੁਬਹਾ ਨਹੀਂ ਰਹੇਗਾ ਅਤੇ ਇਸ ਦੇ ਨਾਲ ਇਸ ਦੇ ਡਰਾਵੇ ਦੀ ਭਰੋਸੇਯੋਗਤਾ ਵੀ ਯਕੀਨੀ ਬਣ ਜਾਵੇਗੀ। ਸੁਰੱਖਿਆ ਦੇ ਅਜਿਹੇ ਮਾਹੌਲ ਵਿਚ ਜਦੋਂ ਕੁਝ ਮਹੀਨਿਆਂ ਬਾਅਦ ਪਾਕਿਸਤਾਨ ਵਿਚ ਕੌਮੀ ਚੋਣਾਂ ਹੋ ਰਹੀਆਂ ਹਨ ਤਾਂ ਪਾਕਿਸਤਾਨੀ ਸੋਚ ਵਿਚ ਕਿਸੇ ਤਰ੍ਹਾਂ ਦੀ ਸੰਜੀਦਾ ਤਬਦੀਲੀ ਦੀ ਤਵੱਕੋ ਕਰਨ ਦੀ ਕੋਈ ਖਾਸ ਤੁੱਕ ਨਹੀਂ ਬਣਦੀ। ਭਾਰਤ ਵੀ ਆਪਣੇ ਚੁਣਾਵੀ ਗੇੜ ਵੱਲ ਵਧ ਰਿਹਾ ਹੈ ਜਿਸ ਕਰ ਕੇ ਇਹ ਗੱਲ ਹੋਰ ਵੀ ਸਾਰਥਕ ਜਾਪਦੀ ਹੈ। ਹਾਲਾਂਕਿ ਫਿਲਹਾਲ ਸਿਆਸੀ ਪੱਧਰ ਦੀ ਵਾਰਤਾ ਏਜੰਡੇ 'ਤੇ ਨਹੀਂ ਹੈ ਜਿਸ ਕਰ ਕੇ ਗੰਭੀਰ ਗੁਪਤ ਵਾਰਤਾ ਹੀ ਚਲਦੀ ਰੱਖਣਾ ਜ਼ਿਆਦਾ ਲਾਹੇਵੰਦ ਹੋ ਸਕਦਾ ਹੈ ਜਿਸ ਵਿਚ ਪਾਕਿਸਤਾਨੀ ਫ਼ੌਜ ਦੀ ਨੁਮਾਇੰਦਗੀ ਵੀ ਹੋ ਰਹੀ ਹੈ। ਪਾਕਿਸਤਾਨ ਦੇ ਥਲ ਸੈਨਾ ਦੇ ਮੁਖੀ ਜਨਰਲ ਆਸਿਮ ਮੁਨੀਰ ਅਤੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਵਿਚਕਾਰ ਦੁਸ਼ਮਣੀ ਬਹੁਤ ਗਹਿਰੀ ਹੈ ਜਿਸ ਦੀਆਂ ਜੜ੍ਹਾਂ ਉਦੋਂ ਪਈਆਂ ਸਨ ਜਦੋਂ ਇਮਰਾਨ ਖ਼ਾਨ ਨੇ ਆਪਹੁਦਰੇ ਢੰਗ ਨਾਲ ਮੁਨੀਰ ਨੂੰ ਆਈਐੱਸਆਈ ਦੇ ਮੁਖੀ ਦੇ ਅਹੁਦੇ ਤੋਂ ਹਟਾ ਦਿੱਤਾ ਸੀ। ਇਮਰਾਨ ਖ਼ਾਨ ਨੂੰ ਬਾਇਡਨ ਪ੍ਰਸ਼ਾਸਨ ਵੀ ਨਾਪਸੰਦ ਕਰਦਾ ਹੈ ਅਤੇ ਉਸ ਦੇ ਸਾਬਕਾ ਥਲ ਸੈਨਾ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨਾਲ ਨਿੱਘੇ ਸਬੰਧ ਰਹੇ ਹਨ। ਇਮਰਾਨ ਖ਼ਾਨ ਦੀ ਸਰਕਾਰ ਡੇਗਣ ਵਿਚ ਜਨਰਲ ਬਾਜਵਾ ਨੇ ਅਹਿਮ ਕਿਰਦਾਰ ਨਿਭਾਇਆ ਸੀ। ਵਰਤਮਾਨ ਸੈਨਾਪਤੀ ਜਨਰਲ ਮੁਨੀਰ ਯਕੀਨਨ ਇਮਰਾਨ ਖ਼ਾਨ ਨਾਲ ਕਰੜੇ ਹੱਥੀਂ ਹੀ ਨਿਬੜਨਗੇ।

# ਸਾਰੀ ਆਬਾਦੀ ਤੱਕ ਆਜ਼ਾਦੀ ਦਾ ਨਿੱਘ ਪਹੁੰਚਾਣ ਦੀ ਲੋੜ



ਡਾ. ਰਣਜੀਤ ਸਿੰਘ




ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਰਤ ਵਿਕਾਸ ਕਰ ਰਿਹਾ ਹੈ, ਪਰ ਇਹ ਵੀ ਸੱਚ ਹੈ ਕਿ ਇਸ ਦਾ ਬਹੁਤਾ ਲਾਭ ਵਸੋਂ ਦੇ ਉਤਲੇ ਤਬਕੇ ਨੂੰ ਹੋ ਰਿਹਾ ਹੈ। ਦੇਸ਼ ਦੀ ਅੱਜ ਵੀ ਇੱਕ ਤਿਹਾਈ ਵਸੋਂ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਨਹੀਂ ਹੋ ਰਹੀਆਂ। ਸਮਾਂ ਬੀਤਣ ਨਾਲ ਨਾਗਰਿਕਾਂ ਅਤੇ ਆਗੂਆਂ ਅੰਦਰ ਦੇਸ਼ ਪ੍ਰਤੀ ਆਪਣੇ ਫ਼ਰਜ਼ਾਂ ਦੀ ਪੂਰਤੀ ਲਈ ਸੰਜੀਦਗੀ ਆਉਣੀ ਚਾਹੀਦੀ ਸੀ, ਪਰ ਹੋ ਇਸ ਦੇ ਉਲਟ ਰਿਹਾ ਹੈ। ਬਹੁਤੇ ਆਗੂ, ਅਧਿਕਾਰੀ ਅਤੇ ਅਮੀਰ ਲੋਕ ਸਿਰਫ਼ ਆਪਣੇ ਬਾਰੇ ਸੋਚਦੇ ਹਨ। ਸਰਕਾਰ ਨੂੰ ਸਹੀ ਰਾਹ ਉਤੇ ਰੱਖਣ ਲਈ ਵਿਰੋਧੀ ਧਿਰ ਦਾ ਫ਼ਰਜ਼ ਬਣਦਾ ਹੈ, ਪਰ ਵਿਰੋਧੀ ਧਿਰਾਂ ਕੋਲ ਵੀ ਵਿਕਾਸ ਦਾ ਕੋਈ ਏਜੰਡਾ ਨਹੀਂ। ਸੰਸਦ ਵਿੱਚ ਇੱਕ ਦੂਜੇ ਉਤੇ ਚਿੱਕੜ ਸੁੱਟਿਆ ਜਾਂਦਾ ਹੈ। ਨਾਅਰੇਬਾਜ਼ੀ ਹੁੰਦੀ ਹੈ ਤੇ ਵਿਰੋਧੀ ਧਿਰ ਬਾਹਰ ਆ ਜਾਂਦੀ ਹੈ। ਸਰਕਾਰ ਬਿਨਾਂ ਕਿਸੇ ਵਿਚਾਰ-ਵਟਾਂਦਰੇ ਦੇ ਬਿਲ ਪਾਸ ਕਰਵਾ ਲੈਂਦੀ ਹੈ। ਸੰਸਦ ਕੋਈ ਜੰਗ ਦਾ ਮੈਦਾਨ ਨਹੀਂ ਸਗੋਂ ਦੇਸ਼ ਦੇ ਵਰਤਮਾਨ ਅਤੇ ਭਵਿੱਖ ਨੂੰ ਵਧੀਆ ਬਣਾਉਣ ਲਈ ਉਸਾਰੂ ਵਿਚਾਰ-ਵਟਾਂਦਰੇ ਦਾ ਕੇਂਦਰ ਹੈ। ਇਸ ਵਾਰ ਤਾਂ ਦੇਸ਼ ਦਾ ਸਾਲਾਨਾ ਬਜਟ ਵੀ ਬਿਨਾਂ ਕਿਸੇ ਵਿਚਾਰ-ਵਟਾਂਦਰੇ ਤੋਂ ਪਾਸ ਹੋ ਗਿਆ। ਕਦੇ ਸਮਾਂ ਸੀ ਜਦੋਂ ਉਸਾਰੀ ਬਹਿਸ ਹੁੰਦੀ ਸੀ ਅਤੇ ਵਿਰੋਧੀਆਂ ਦੇ ਚੰਗੇ ਸੁਝਾਵਾਂ ਨੂੰ ਅਪਣਾ ਲਿਆ ਜਾਂਦਾ ਸੀ। ਅਸਲ ਵਿਚ ਇਹ ਹਉਮੈ ਦੀ ਲੜਾਈ ਨਹੀਂ ਹੋਣੀ ਚਾਹੀਦੀ ਹੈ ਸਗੋਂ ਵਿਰੋਧੀਆਂ ਦੇ ਚੰਗੇ ਸੁਝਾਵਾਂ ਦਾ ਸਰਕਾਰ ਵੱਲੋਂ ਸਵਾਗਤ ਕਰਨਾ ਚਾਹੀਦਾ ਹੈ। ਇਸੇ ਤਰ੍ਹਾਂ ਵਿਰੋਧੀ ਧਿਰ ਨੂੰ ਚਾਹੀਦਾ ਹੈ ਕਿ ਸਰਕਾਰੀ ਲੋਕ ਪੱਖੀ ਫੈਸਲਿਆਂ ਦੀ ਹਮਾਇਤ ਕੀਤੀ ਜਾਵੇ। ਸੰਸਦ ਵਿੱਚ ਸਾਰੇ ਦੇਸ਼ ਦੇ ਲੋਕਾਂ ਵੱਲੋਂ ਚੁਣੇ ਗਏ ਮੈਂਬਰ ਹਨ। ਇਨ੍ਹਾਂ ਨੂੰ ਲੋਕ ਮੁੱਦਿਆਂ ਜਿਵੇਂ ਗਰੀਬੀ, ਬੇਰੁਜ਼ਗਾਰੀ, ਸਿਹਤ ਅਤੇ ਵਿਦਿਅਕ ਸਹੂਲਤਾਂ ਨੂੰ ਸਾਰੇ ਦੇਸ਼ ਵਾਸੀਆਂ ਤੱਕ ਪਹੁੰਚਾਉਣ ਦੇ ਢੰਗ ਤਰੀਕਿਆਂ ਬਾਰੇ ਉਸਾਰੂ ਵਿਚਾਰ-ਵਟਾਂਦਰਾ ਕਰਨਾ ਚਾਹੀਦਾ ਹੈ।

ਦੇਸ਼ ਵਿੱਚ ਸਰਕਾਰੀ ਅਤੇ ਪ੍ਰਾਈਵੇਟ ਅਦਾਰਿਆਂ ਦੀ ਲੋੜ ਹੈ ਤਾਂ ਜੋ ਦੋਵਾਂ ਵਿੱਚ ਸਿਹਤਮੰਦ ਮੁਕਾਬਲਾ ਹੋ ਸਕੇ। ਸਰਕਾਰੀ ਕਰਮਚਾਰੀਆਂ ਨੂੰ ਸਹੂਲਤਾਂ ਦੇਣ ਦੇ ਨਾਲੋ-ਨਾਲ ਜ਼ਿੰਮੇਵਾਰੀ ਵੀ ਦੇਣੀ ਚਾਹੀਦੀ ਹੈ। ਘਾਟੇ ਵਿੱਚ ਜਾ ਰਹੇ ਅਦਾਰਿਆਂ ਵਿੱਚ ਸਬੰਧਿਤ ਅਧਿਕਾਰੀਆਂ ਦੀ ਜ਼ਿੰਮੇਵਾਰੀ ਮਿੱਥੀ ਜਾਵੇ। ਇਨ੍ਹਾਂ ਨੂੰ ਵੇਚਣਾ ਸਮੱਸਿਆ ਦਾ ਹੱਲ ਨਹੀਂ। ਦੇਸ਼ ਨੂੰ ਆਜ਼ਾਦ ਹੋਇਆਂ ਸਾਢੇ ਸੱਤ ਦਹਾਕੇ ਹੋ ਗਏ ਹਨ। ਬਿਨਾਂ ਸ਼ੱਕ, 75 ਸਾਲਾਂ ਵਿੱਚ ਦੇਸ਼ ਨੇ ਹਰ ਖੇਤਰ ਵਿੱਚ ਤਰੱਕੀ ਕੀਤੀ ਹੈ, ਪਰ ਇਹ ਵੀ ਸੱਚ ਹੈ ਕਿ ਦੇਸ਼ ਦੀ ਘੱਟੋ-ਘੱਟ 50 ਕਰੋੜ ਵਸੋਂ ਅਜਿਹੀ ਹੈ ਜਿਸ ਦੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਨਹੀਂ ਹੋ ਰਹੀ। ਇਸ ਵਸੋਂ ਨੂੰ ਸੰਤੁਲਿਤ ਭੋਜਨ ਤਾਂ ਦੂਰ, ਢਿੱਡ ਭਰਵੀਂ ਰੋਟੀ ਵੀ ਨਹੀਂ ਮਿਲਦੀ। ਆਪਣਾ ਘਰ ਨਹੀਂ। ਵਿਦਿਆ ਅਤੇ ਸਿਹਤ ਸਹੂਲਤਾਂ ਤੋਂ ਵਾਂਝੇ ਹਨ। ਅਮੀਰ ਗਰੀਬ ਪਾੜਾ ਵੀ ਵਧਿਆ ਹੈ। ਹੁਣ ਭਾਰਤ ਦੁਨੀਆ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਬਣ ਗਿਆ ਹੈ। ਸੰਸਾਰ ਦੇ ਭੁੱਖੇ ਤੇ ਗਰੀਬ ਲੋਕਾਂ ਦੀ ਅੱਧੀ ਵਸੋਂ ਭਾਰਤ ਵਿੱਚ ਰਹਿੰਦੀ ਹੈ। ਰਾਜਨੀਤੀ ਦੇਸ਼ ਸੇਵਾ ਦੀ ਥਾਂ ਵਪਾਰ ਬਣ ਰਹੀ ਹੈ। ਦੇਸ਼ ਲੋਕਰਾਜ ਦੀ ਥਾਂ ਵੋਟ ਰਾਜ ਬਣ ਰਿਹਾ ਹੈ। ਅਸਲ ਵਿੱਚ ਦੇਸ਼ ਨੂੰ ਕੁਝ ਕੁ ਪੂੰਜੀਪਤੀ ਚਲਾਉਂਦੇ ਹਨ। ਵੋਟਾਂ ਲੈਣ ਲਈ ਲੋਕਾਂ ਨੂੰ ਮੁਫ਼ਤ ਦੀਆਂ ਰਿਉੜੀਆਂ ਵੰਡੀਆਂ ਜਾਂਦੀਆਂ ਹਨ ਜਿਸ ਦਾ ਆਰਥਿਕਤਾ ਉਤੇ ਬੁਰਾ ਪ੍ਰਭਾਵ ਪੈਂਦਾ ਹੈ। ਕੇਂਦਰੀ ਸਰਕਾਰ ਤੇ ਰਾਜ ਸਰਕਾਰਾਂ ਕਰਜ਼ੇ ਹੇਠ ਡੁੱਬੀਆਂ ਹੋਈਆਂ ਹਨ। ਲੀਡਰਾਂ ਤੇ ਅਫ਼ਸਰਸ਼ਾਹੀ ਨੇ ਆਪਣੇ ਖਰਚੇ ਇੰਨੇ ਵਧਾ ਲਏ ਹਨ ਕਿ ਸਰਕਾਰ ਕੋਲ ਵਿਕਾਸ ਲਈ ਕੋਈ ਪੈਸਾ ਬਚਦਾ ਹੀ ਨਹੀਂ। ਸਰਕਾਰੀ ਖਰਚਿਆਂ ਵਿੱਚ ਕਟੌਤੀ ਕਰਨ ਲਈ ਸਰਕਾਰੀ ਨੌਕਰੀਆਂ ਖਤਮ ਕੀਤੀਆਂ ਜਾ ਰਹੀਆਂ ਹਨ। ਸਿੱਟੇ ਵਜੋਂ ਬੇਰੁਜ਼ਗਾਰੀ ਵਧ ਰਹੀ ਹੈ।

ਦੇਸ਼ ਵਿਚ ਲੋਕਰਾਜ ਹੈ ਤੇ ਲੋਕਰਾਜ ਦੀ ਸਫਲਤਾ ਲਈ ਮਜ਼ਬੂਤ ਵਿਰੋਧੀ ਧਿਰ ਦੀ ਲੋੜ ਹੁੰਦੀ ਹੈ, ਪਰ ਸਰਕਾਰ ਵੱਲੋਂ ਵਿਰੋਧੀ ਪਾਰਟੀਆਂ ਨੂੰ ਕਮਜ਼ੋਰ ਨਹੀਂ ਸਗੋਂ ਖਤਮ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ ਤਾਂ ਜੋ ਦੇਸ਼ ਵਿੱਚ ਇੱਕੋ-ਇੱਕ ਰਾਜਨੀਤਕ ਪਾਰਟੀ ਦੀ ਸਰਦਾਰੀ ਬਣੀ ਰਹੇ। ਪ੍ਰਧਾਨ ਮੰਤਰੀ ਚਾਹੁੰਦੇ ਹਨ ਕਿ ਦੇਸ਼ ਦੀਆਂ ਸੜਕਾਂ ਅਮਰੀਕੀ ਸੜਕਾਂ ਤੋਂ ਵੀ ਵਧੀਆ ਹੋਣ। ਦੇਸ਼ ਦੇ ਹਵਾਈ ਅੱਡੇ, ਬੰਦਰਗਾਹਾਂ, ਰੇਲਵੇ ਸਟੇਸ਼ਨ, ਸਕੂਲ ਤੇ ਹਸਪਤਾਲ ਏ ਕਲਾਸ ਹੋਣੇ ਚਾਹੀਦੇ ਹਨ। ਉਹ ਇਹ ਵੀ ਜਾਣਦੇ ਹਨ ਕਿ ਸਰਕਾਰ ਕੋਲ ਇੰਨੇ ਵਸੀਲੇ ਨਹੀਂ ਹਨ ਕਿ ਅਜਿਹਾ ਕੀਤਾ ਜਾ ਸਕੇ। ਇਸ ਕਰ ਕੇ ਫੈਸਲਾ ਕੀਤਾ ਗਿਆ ਹੈ ਕਿ ਇਹ ਸਾਰਾ ਕੁਝ ਪ੍ਰਾਈਵੇਟ ਕੰਪਨੀਆਂ ਦੇ ਹਵਾਲੇ ਕੀਤਾ ਜਾਵੇ। ਸਰਕਾਰ ਦਾ ਕੰਮ ਤਾਂ ਰਾਜ ਕਰਨਾ ਹੈ, ਉਸ ਦਾ ਕੰਮ ਹਵਾਈ ਜਹਾਜ਼ ਜਾਂ ਰੇਲ ਗੱਡੀਆਂ ਚਲਾਉਣਾ ਨਹੀਂ। ਸੜਕਾਂ ਵੀ ਕੰਪਨੀਆਂ ਹੀ ਬਣਾਉਣ ਤੇ ਇਸ ਦੀ ਸਾਂਭ-ਸੰਭਾਲ ਕਰਨ। ਲੋਕਾਂ ਨੂੰ ਇਨ੍ਹਾਂ ਸੜਕਾਂ ਉਤੇ ਸਫ਼ਰ ਕਰਨ ਲਈ ਫੀਸ ਦੇਣੀ ਪਵੇਗੀ ਤਾਂ ਜੋ ਕੰਪਨੀਆਂ ਆਪਣਾ ਖਰਚਾ ਪੂਰਾ ਕਰ ਲੈਣ। ਦੇਸ਼ ਵਿੱਚ ਆਲੀਸ਼ਾਨ ਹਸਪਤਾਲ, ਸਕੂਲ ਤੇ ਯੂਨੀਵਰਸਿਟੀਆਂ ਬਣ ਰਹੀਆਂ ਹਨ ਜਿਨ੍ਹਾਂ ਅੰਦਰ ਜਾਣ ਦਾ ਦੇਸ਼ ਦੀ ਅੱਧੀ ਵਸੋਂ ਹੌਸਲਾ ਨਹੀਂ ਕਰ ਸਕਦੀ। ਇੰਝ ਦੇਸ਼ ਦੋ ਹਿੱਸਿਆਂ ਵਿੱਚ ਵੰਡਿਆ ਜਾ ਰਿਹਾ ਹੈ। ਅਮੀਰਾਂ ਦਾ ਭਾਰਤ ਤੇ ਗਰੀਬਾਂ ਦਾ ਭਾਰਤ। ਨਿੱਜੀਕਰਨ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਵੱਲੋਂ ਵਸੀਲਿਆਂ ਦੀ ਘਾਟ ਦਾ ਬਹਾਨਾ ਬਣਾਇਆ ਜਾਂਦਾ ਹੈ। ਭਾਰਤ ਵਰਗੇ ਵੱਡੇ ਦੇਸ਼ ਵਿੱਚ ਵਸੀਲਿਆਂ ਦੀ ਘਾਟ ਦਾ ਮੁੱਖ ਕਾਰਨ ਪ੍ਰਬੰਧਕ ਪ੍ਰਣਾਲੀ ਦੀਆਂ ਘਾਟਾਂ ਹਨ। ਜੇ ਸੁਚੱਜੇ ਢੰਗ ਨਾਲ ਵਸੀਲਿਆਂ ਦਾ ਪ੍ਰਬੰਧ ਕੀਤਾ ਜਾਵੇ ਤਾਂ ਦੇਸ਼ ਵਿੱਚ ਇਨ੍ਹਾਂ ਦੀ ਘਾਟ ਨੂੰ ਕਿਸੇ ਹੱਦ ਤੱਕ ਪੂਰਾ ਕੀਤਾ ਜਾ ਸਕਦਾ ਹੈ। ਜਦੋਂ ਤੱਕ ਦੇਸ਼ ਵਿੱਚੋਂ ਗਰੀਬੀ ਅਤੇ ਅਨਪੜ੍ਹਤਾ ਦੂਰ ਨਹੀਂ ਹੁੰਦੀ ਉਦੋਂ ਤੱਕ ਆਜ਼ਾਦੀ ਦਾ ਨਿੱਘ ਸਾਰੇ ਨਾਗਰਿਕਾਂ ਨੂੰ ਨਹੀਂ ਪਹੁੰਚ ਸਕਦਾ। ਅਸੀ ਤਾਂ ਆਪਣੇ ਦੇਸ਼ ਦੇ ਗਰੀਬਾਂ ਦੀ ਗਰੀਬੀ ਪਿਛਲੇ 75 ਸਾਲਾਂ ਵਿੱਚ ਵੀ ਦੂਰ ਨਹੀਂ ਕਰ ਸਕੇ। ਅੱਜ ਵੀ ਸਰਕਾਰ ਵੱਲੋਂ 80 ਕਰੋੜ ਵਸੋਂ ਨੂੰ ਮੁਫ਼ਤ ਅਨਾਜ ਦੇਣਾ ਪੈ ਰਿਹਾ ਹੈ।

ਸਾਨੂੰ ਆਪਣੇ ਦੇਸ਼ ਲਈ ਅਜਿਹਾ ਵਿਕਾਸ ਮਾਡਲ ਤਿਆਰ ਕਰਨਾ ਚਾਹੀਦਾ ਹੈ ਜਿਸ ਦਾ ਆਧਾਰ ਦੇਸ਼ ਦੇ ਵਸੀਲੇ ਹੋਣ। ਦੇਸ਼ ਦਾ ਸੰਤੁਲਿਤ ਅਤੇ ਸਰਬਪੱਖੀ ਵਿਕਾਸ ਦੇਸ਼ ਦਾ ਆਪਣਾ ਵਿਕਾਸ ਮਾਡਲ ਵਿਕਸਤ ਕਰ ਕੇ ਹੀ ਹੋ ਸਕਦਾ ਹੈ। ਜੇ ਆਪਣੇ ਵਸੀਲਿਆਂ ਨੂੰ ਆਧਾਰ ਬਣਾ ਕੇ ਯੋਜਨਾਵਾਂ ਉਲੀਕੀਆਂ ਜਾਣ ਤਾਂ ਸਰਬਪੱਖੀ ਵਿਕਾਸ ਵੱਲ ਕਦਮ ਪੁੱਟੇ ਜਾ ਸਕਦੇ ਹਨ। ਦੇਸ਼ ਦੀ ਸਾਰੀ ਵਸੋਂ ਨੂੰ ਰੁਜ਼ਗਾਰ ਮਿਲ ਸਕਦਾ ਹੈ। ਇੰਝ ਅਸੀਂ ਆਪਣੇ ਮਨੁੱਖੀ ਵਸੀਲਿਆਂ ਦਾ ਪੂਰਾ ਲਾਹਾ ਪ੍ਰਾਪਤ ਕਰ ਸਕਦੇ ਹਾਂ। ਘਰੇਲੂ ਉਤਪਾਦ ਆਪਸੀ ਸਾਂਝ, ਆਰਥਿਕ ਸੁਤੰਤਰਾ ਅਤੇ ਬਰਾਬਰੀ ਦਾ ਪ੍ਰਤੀਕ ਹੈ। ਘਰੇਗੀ ਸਨਅਤ ਨੂੰ ਵਿਕਸਤ ਕਰ ਕੇ ਹੀ ਰੁਜ਼ਗਾਰ ਦੇ ਵਸੀਲੇ ਵਧਾਏ ਜਾ ਸਕਦੇ ਹਨ ਅਤੇ ਦੇਸ਼ ਦੀ ਸਾਰੀ ਵਸੋਂ ਨੂੰ ਰੁਜ਼ਗਾਰ ਮਿਲ ਸਕਦਾ ਹੈ। ਇੰਝ ਅਸੀਂ ਆਪਣੇ ਮਨੁੱਖੀ ਵਸੀਲਿਆਂ ਦਾ ਪੂਰਾ ਲਾਹਾ ਪ੍ਰਾਪਤ ਕਰ ਸਕਦੇ ਹਾਂ। ਆਤਮ-ਨਿਰਭਰ ਹੋਣ ਦਾ ਇਹੋ ਹੀ ਰਾਹ ਹੈ। ਭਾਰਤ ਪਿੰਡਾਂ ਵਿੱਚ ਵਸਦਾ ਹੈ। ਇਸ ਕਰ ਕੇ ਪਿੰਡਾਂ ਦੇ ਲੋਕਾਂ ਨੂੰ ਹੁਨਰੀ ਬਣਾ ਕੇ ਆਪਣੇ ਪੈਰਾਂ ਉਤੇ ਖੜ੍ਹਾ ਹੋਣ ਲਈ ਉਤਸ਼ਾਹਿਤ ਕੀਤਾ ਜਾਵੇ। ਇੰਝ ਅਸੀਂ ਆਪਣੀਆਂ ਤਿਆਰ ਕੀਤੀਆਂ ਵਸਤਾਂ ਦੀ ਆਪ ਹੀ ਵਰਤੋਂ ਸ਼ੁਰੂ ਕਰ ਦੇਵਾਂਗੇ। ਹੁਣ ਵਾਲਾ ਮਾਡਲ ਪਿੰਡਾਂ ਨੂੰ ਵਿਕਸਤ ਕਰਨ ਦੀ ਥਾਂ ਉਨ੍ਹਾਂ ਨੂੰ ਖਾ ਰਿਹਾ ਹੈ।

ਇਸੇ ਕਰ ਕੇ ਵਾਹੀ ਹੇਠ ਧਰਤੀ ਘਟ ਰਹੀ ਹੈ ਜਦੋਂ ਕਿ ਕਿਸਾਨਾਂ ਦੀ ਗਿਣਤੀ ਵਧ ਰਹੀ ਹੈ। ਉਹ ਗਰੀਬੀ ਭੋਗ ਰਹੇ ਹਨ, ਪਰ ਹੋਰ ਕੋਈ ਰਾਹ ਨਾ ਹੋਣ ਕਰ ਕੇ ਮਜਬੂਰ ਹੋ ਕੇ ਖੁਦਕੁਸ਼ੀ ਕਰ ਰਹੇ ਹਨ। ਜੇ ਪਿੰਡਾਂ ਦੇ ਨੇੜੇ ਬੰਜਰ ਧਰਤੀਆਂ ਵਿੱਚ ਸਨਅਤੀ ਵਿਕਾਸ ਕੀਤਾ ਜਾਵੇ ਤਾਂ ਪਿੰਡਾਂ ਦੇ ਲੋਕਾਂ ਨੂੰ ਰੁਜ਼ਗਾਰ ਮਿਲ ਸਕੇਗਾ, ਪਰ ਸਨਅਤਾਂ ਦੀ ਚੋਣ ਕਰਦੇ ਸਮੇਂ ਇਹ ਧਿਆਨ ਰੱਖਿਆ ਜਾਵੇ ਕਿ ਉਹ ਵਾਤਾਵਰਨ ਪੱਖੀ ਹੋਣ। ਅਜਿਹੇ ਮਾਲ ਦਾ ਉਤਪਾਦਨ ਹੋਵੇ ਕਿ ਮਰਦ ਔਰਤਾਂ ਆਪਣੇ ਘਰਾਂ ਵਿੱਚ ਬੈਠ ਹੀ ਉਸ ਵਿੱਚ ਯੋਗਦਾਨ ਪਾ ਸਕਣ।



ਜੈ ਸ੍ਰੀ ਦੁਰਗਾ ਭਜਨ ਮੰਡਲੀ ਧਨੌਲਾ ਦੇ ਪ੍ਰਧਾਨ ਕਰਮਜੀਤ ਸਿੰਘ ਸਾਗਰ ਦੀ ਅਗਵਾਈ 'ਚ ਮਾਤਾ ਨੈਣਾ ਦੇਵੀ ਜੀ ਦੇ ਮੰਦਰ ਤੇ ਸਲਾਨਾ ਝੰਡਾ ਚੜਾਉਂਣ ਲਈ 30 ਵੀ ' ਸੋਭਾ ਯਾਤਰਾ ਸ੍ਰੀ ਦੁਰਗਾ ਮਾਤਾ ਮੰਦਰ ਦੇਵੀ ਦਿਵਾਲਾ ਤੋਂ ਸਰੂ ਕਰਕੇ ਸਹਿਰ ਦੇ ਵੱਖ ਵੱਖ ਮਹੁਲਿਆਂ ਚੌਂ ਹੁੰਦੀ ਹੋਈ ਮੰਦਰ ਤੇ ਪਹੁੰਚਣ ਉਪਰੰਤ ਸਮਾਪਤ ਕੀਤੀ । ਇਸ ਸੋਭਾ ਯਾਤਰਾ ਦਾ ਸਹਿਰ 'ਚ ਥਾਂ ਥਾਂ ਤੇ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਤੇ ਰਾਕੇਸ ਕੁਮਾਰ ਮਿੱਤਲ, ਬਲਵੀਰ ਸਿੰਘ ਬੀਰਾ, ਵਿਜੈ ਕੁਮਾਰ ਬੱਬੂ, ਕ੍ਰਿਸਨ ਕੁਮਾਰ ਤਾਰੀ, ਵਿਸਾਲ ਮਿੱਤਲ, ਟੋਨੀ, ਗੌਰਵ, ਨਵਦੀਪ ਬਾਂਸਲ ਸੰਜੂ, ਰਾਜ ਕੁਮਾਰ, ਗੱਗੀ ਗਰਗ ਆਦਿ ਮੌਜੂਦ ਸਨ। **ਫੋਟੋ ਤੇ ਵੇਰਵਾ : ਸੰਜੀਵ ਗਰਗ ਕਾਲੀ**



ਭਾਜਪਾ ਮੰਡਲ ਧਨੌਲਾ ਦੇ ਪ੍ਰਧਾਨ ਜਗਤਾਰ ਸਿੰਘ ਤਾਰੀ ਢਿੱਲੋ ਦੇ ਸੱਸ ਸ੍ਰੀਮਤੀ ਜਸਮਿੰਦਰ ਕੌਰ ਪਤਨੀ ਸੇਵਾ ਮੁਕਤ ਇੰਸ ਪੰਜਾਬ ਪੁਲਿਸ ਸ. ਰਣਜੀਤ ਸਿੰਘ ਵਾਸੀ ਪਟਿਆਲਾ ਜੋ ਪਿਛਲੇ ਦਿਨੀ ਅਕਾਲ ਚਲਾਣਾ ਕਰ ਗਏ ਸਨ ਦੀ ਅੰਤਿਮ ਅਰਦਾਸ ਮੌਕੇ ਭਾਜਪਾ ਦੇ ਸੀਨੀਅਰ ਆਗੂ ਹਰਜੀਤ ਸਿੰਘ ਗਰੇਵਾਲ, ਸੇਵਾ ਮੁਕਤ ਐਸਐਸਪੀ। ਸ. ਅਮਰੀਕ ਸਿੰਘ, ਸੇਵਾ ਮੁਕਤ ਐਸਐਸਪੀ ਸ. ਰਾਜਿੰਦਰਪਾਲ ਸਿੰਘ ਆਨੰਦ, ਸੇਵਾ ਮੁਕਤ ਐਸਪੀ ਸ. ਧਰਮ ਸਿੰਘ, ਹਰਨਿੱਧ ਕੌਰ ਢਿੱਲੋਂ, ਪ੍ਰਮਿੰਦਰ ਸਿੰਘ ਖੁਰਮੀ, ਸਤਨਾਮ ਸਿੰਘ, ਖੁਸਦੀਪ ਸਿੰਘ, ਮੰਗਲ ਦੇਵ ਸਰਮਾ, ਦਰਸਨ ਸਿੰਘ ਢਿੱਲੋ, ਜੱਸੀ ਠੀਕਰੀਵਾਲ, ਜੱਸੀ ਝਲੂਰ, ਵਿਸਕੀ ਧਨੌਲਾ, ਪਿੰਜੋਰ ਸਿੰਘ, ਦਰਸਨ ਧਾਲੀਵਾਲ ਆਦਿ ਨੇ ਵਿਛੜੀ ਰੂਹ ਨੂੰ ਸਰਧਾ ਦੇ ਫੁੱਲ ਭੇਂਟ ਕੀਤੇ।

**ਫੋਟੋ ਤੇ ਵੇਰਵਾ : ਸੰਜੀਵ ਗਰਗ ਕਾਲੀ**

## ਪਸ਼ੂ ਪਾਲਣ ਵਿਭਾਗ ਵੱਲੋਂ ਬਡਬਰ 'ਚ ਲਾਇਆ ਪਸ਼ੂ ਭਲਾਈ ਅਤੇ ਜਾਗਰੂਕਤਾ ਕੈਂਪ

ਧਨੌਲਾ ਮੰਡੀ- ਪੰਜਾਬ ਸਰਕਾਰ ਵੱਲੋਂ ਜਾਰੀ ਦਿਸਾ ਨਿਰਦੇਸ਼ਾ ਅਨੁਸਾਰ ਅਤੇ ਪਸ਼ੂ ਪਾਲਣ ਵਿਭਾਗ ਦੇ ਡਿਪਟੀ ਡਾਇਰੈਕਟਰ ਡਾ. ਲਖਵੀਰ ਸਿੰਘ ਦੀ ਰਹਿਨਮਾਈ ਹੇਠ ਡਾ. ਸੁਖਹਰਮਨਦੀਪ ਸਿੰਘ ਸੇਰਗਿੱਲ ਨੇ ਸਿਵਲ ਪਸੂ ਹਸਪਤਾਲ ਬਡਬਰ ਵਿਖੇ ਪਸ਼ੂਆਂ ਦੇ ਬਾਂਝਪਨ ਦੇ ਇਲਾਜ ਲਈ ਕੰਪਨੀ ਦੇ ਸਹਿਯੋਗ ਨਾਲ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਡਾ. ਸੁਖਹਰਮਨਦੀਪ ਸਿੰਘ ਸ਼ੇਰਗਿੱਲ ਵੀ.ਓ ਬਡਬਰ ਨੇ ਪਸ਼ੂਆ ਵਿੱਚ ਆ ਰਹੀਆਂ ਬਾਂਝਪਨ ਦੀ ਸਮੱਸਿਆ ਸਬੰਧੀ ਅਤੇ ਇਹਨਾਂ ਬਿਮਾਰੀਆਂ ਤੋਂ ਬਚਾਅ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ। ਇਸ ਤੋਂ ਇਲਾਵਾ ਪਸ਼ੂ ਪਾਲਣ ਦੀ ਵੱਖ-2 ਸਕੀਮਾਂ ਜਿਵੇਂ ਮੁਰਹਾ ਪੀ.ਟੀ ਸਕੀਮ ਆਰ.ਜੀ.ਐਮ,ਪਸ਼ੂ ਕਿਸਾਨ ਕਰੇਡਿਟ ਕਾਰਡ ਆਦਿ ਸਕੀਮਾਂ ਬਾਰੇ ਨੂੰ ਪਸ਼ੂ ਪਾਲਕਾਂ ਨੂੰ ਜਾਣੂ ਕਰਵਾਇਆ ।ਕੈਂਪ ਦੌਰਾਨ 30 ਤੋਂ ਵੱਧ ਪਸ਼ੂਆਂ ਦਾ ਇਲਾਜ ਵੀ ਕੀਤਾ ਗਿਆ ਅਤੇ ਕੈਂਪ ਵਿੱਚ 40 ਦੇ ਕਰੀਬ ਪਸੂ ਪਾਲਕਾਂ ਨੇ ਹਿੱਸਾ ਲਿਆ। ਇਸ ਮੌਕੇ ਸੁਖਵਿੰਦਰ ਸਿੰਘ ਸੋਨੀ , ਗੋਬਿੰਦ ਸਿੰਘ,, ਅੰਗਰੇਜ ਸਿੰਘ ਮੈਂਬਰ, ਹਰਵਿੰਦਰ ਸਿੰਘ ਮਿੰਟੂ, ਸੁਖਵਿੰਦਰ ਸਿੰਘ, ਬਿੰਦਰ ਸਿੰਘ, ਚਮਕੌਰ ਸਿੰਘ, ਜਗਤਾਰ ਸਿੰਘ ਆਦਿ ਮੌਜੂਦ ਸਨ।



ਦੇਸ਼ ਦੀ ਆਜਾਦੀ ਦੇ 76 ਵੇਂ ਦਿਹਾੜੇ ਮੌਕੇ ਬੱਸ ਸਟੈਂਡ ਧਨੌਲਾ ਤੇ ਸਮੂਹ ਰਿਕਸਾ, ਠੇਲੀ ਯੂਨੀਅਨ ਵੱਲੋਂ ਤਿਰੰਗਹ ਝੰਡਾ ਲਹਿਰਾਇਆ ਗਿਆ ਤੇ ਲੱਡੂ ਵੰਡੇ। ਇਸ ਸਮੇਂ ਧਨੌਲਾ ਪੁਲਿਸ ਦੀ ਟੀਮ ਥਾਣੇਦਾਰ ਅਵਤਾਰ ਸਿੰਘ ਸੋਹੀ, ਹੈਡ ਕਾਂਸਟੇਬਲ ਅਕਾਸ਼ਦੀਪ ਸਿੰਘ ਢਿੱਲੋਂ, ਗੁਰਵਿੰਦਰ ਸਿੰਘ ਰਾਸਟਰੀ ਝੰਡੇ ਨੂੰ ਸਲਾਮੀ ਦਿੱਤੀ ਗਈ। ਕੌਸਲਰ ਸੁੱਖਵਿੰਦਰ ਸਿੰਘ ਮੁੰਦਰੀ ਨੇ ਸਮੂਹ ਰਿਕਸਾ , ਠੇਲੀ ਵਾਲਿਆ ਦਾ ਧੰਨਵਾਦ ਕੀਤਾ ਤੇ ਆਜਾਦੀ ਦਿਵਸ ਦੀਆਂ ਵਧਾਈਆਂ ਦਿੱਤੀਆਂ।

**ਫੋਟੋ ਤੇ ਵੇਰਵਾ : ਸੰਜੀਵ ਗਰਗ ਕਾਲੀ**

# ਦਸਮ ਪਾਤਸ਼ਾਹ ਹਜ਼ੂਰ ਦਾ ਪਾਰ-ਇਤਿਹਾਸਕ ਪ੍ਰਸੰਗ



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਇਤਿਹਾਸ ਤੱਕ ਸੀਮਤ ਕਰਕੇ ਵੇਖੇ ਜਾਣ ਨਾਲ ਬਹੁਤ ਸਾਰੀਆਂ ਮੁਸ਼ਕਿਲਾਂ ਪੈਦਾ ਹੁੰਦੀਆਂ ਰਹੀਆਂ ਹਨ। ਗੁਰੂ-ਦਿੱਭਤਾ ਨੂੰ ਇਤਿਹਾਸ ਤੱਕ ਸੀਮਤ ਨਹੀਂ ਕੀਤਾ ਜਾ ਸਕਦਾ ਕਿਉਂਕਿ ਸਿੱਖ-ਚਿੰਤਨ ਵਿਚ ਗੁਰੂ (ਗੁਰੂ ਦੇਹੀ) ਤੋਂ ਸ਼ਬਦ-ਗੁਰੂ (ਗੁਰੂ ਬਦੇਹੀ) ਤੱਕ ਦੀ ਯਾਤਰਾ ਨਾਲ ਜੋ ਕੁਝ ਸਥਾਪਤ ਵੀ ਹੋ ਚੁੱਕਾ ਹੈ ਅਤੇ ਇਤਿਹਾਸ ਵਿਚ ਸਾਂਭਿਆ ਵੀ ਜਾ ਚੁੱਕਾ ਹੈ, ਉਸ ਨੂੰ ਵੀ ਇਤਿਹਾਸ ਦੀਆਂ ਸੀਮਾਵਾਂ ਵਿਚ ਨਾ ਹੀ ਬੰਨਿਆ ਜਾ ਸਕਦਾ ਹੈ ਅਤੇ ਨਾ ਹੀ ਬੰਨ ਕੇ ਸਮਝਿਆ ਜਾ ਸਕਦਾ ਹੈ। ਕਾਰਣ ਹੈ ਕਿ ਇਤਿਹਾਸ ਤੋਂ ਪਾਰ ਬਹੁਤ ਕੁਝ ਸਮਝੇ ਜਾ ਸਕਣ ਵਾਲਾ ਪਿਆ ਹੁੰਦਾ ਹੈ।

ਸ਼ਬਦ-ਗੁਰੂ ਨੂੰ ਸਿੱਖ-ਚਿੰਤਨ ਵਿਚ ਪ੍ਰਾਪਤ ਉਤਮਤਾ, ਵਿਸ਼ਵਾਸ਼ੀ-ਮਾਨਸਿਕਤਾ ਤੋਂ ਚੇਤਨ-ਪ੍ਰਚੰਡਤਾ ਦੇ ਪ੍ਰਗਟਾਵੇ ਦਾ ਸਿੱਕਾ, ਇਤਿਹਾਸ ਤੋਂ ਮੰਨਵਾ ਤਾਂ ਚੁੱਕੀ ਹੈ, ਪਰ ਇਸ ਨਾਲ ਵਾਰਸ-ਭਾਈਚਾਰੇ ਦੀ ਸੰਤੁਸ਼ਟੀ ਉਸ ਤਰ੍ਹਾਂ ਨਹੀਂ ਹੋ ਸਕੀ, ਜਿਵੇਂ ਇਤਿਹਾਸ ਨੇ ਪ੍ਰਵਾਨ ਕਰ ਲਈ ਹੈ। ਕਾਰਣ ਹੈ ਕਿ ਸਿੱਖ-ਚੇਤਨਾ, ਜਦੋਂ ਸਿੱਖ-ਇਤਿਹਾਸ ਨੂੰ ਬਾਣੀ ਦੀ ਰੌਸ਼ਨੀ ਵਿਚ ਵੇਖਣ ਦੀ ਕੋਸ਼ਿਸ਼ ਕਰਦੀ ਹੈ ਤਾਂ ਨਤੀਜਾ ਨਿਰਾਸ਼ਾ ਵਿਚ ਹੀ ਨਿਕਲਦਾ ਹੈ।

ਇਸ ਵਿਚ ਤਾਂ ਕੋਈ ਸ਼ੱਕ ਹੀ ਨਹੀਂ ਹੈ ਕਿ ਸਿੱਖ ਇਤਿਹਾਸ ਦਾ ਊਰਜਾ-ਸ੍ਰੋਤ, ਸ੍ਰੀ ਗੁਰੂ ਗ੍ਰੰਥ ਸਾਹਿਬ ਵਜੋਂ ਸਥਾਪਤ ਹੋ ਚੁੱਕਾ ਹੈ। ਇਹੀ, ਗੁਰੂ-ਹੁਕਮ ਵਿਚ ਪ੍ਰਾਪਤ ਤੱਥਾਂ ਦੀ ਸੀਮਾਂ ਵਿਚ ਕਲਪਿਆ ਅਤੇ ਜੀਵਿਆ ਜਾਣਯੋਗ ਸਿੱਖ-ਸੱਚ ਹੈ ਅਤੇ ਇਸ ਨੂੰ ਉਸ ਇਤਿਹਾਸਕਾਰੀ ਦਾ ਕੋਈ ਬੰਧਨ ਨਹੀਂ ਹੈ, ਜੋ ਇਤਿਹਾਸਕਾਰੀ ਗੁਰਮਤਿ-ਸੱਚ ਨੂੰ ਨਾਲ ਲੈ ਕੇ ਨਹੀਂ ਤੁਰ ਸਕਦੀ। ਇਸੇ ਨੂੰ ਪਾਰ-ਇਤਿਹਾਸਕਤਾ ਵਿਚ ਵਿਚਰਣ ਵਾਲੇ ਗੁਰਮਤਿ-ਸੱਚ ਵਜੋਂ ਸਦਾ ਟਿਕਿਆ ਹੋਇਆ ਪ੍ਰਵਾਨ ਕਰ ਲਿਆ ਗਿਆ ਹੈ। ਇਸ ਨੂੰ ਸਮਝਣ ਸਮਝਾਉਣ ਦਾ ਯਤਨ ਭਾਈ ਵੀਰ ਸਿੰਘ ਨੇ ਕਵੀ ਸੰਤੋਖ ਸਿੰਘ ਦੇ ਪ੍ਰਸੰਗ ਵਿਚ ਕੀਤਾ ਸੀ। ਭਾਈ ਸਾਹਿਬ ਦੀ ਧਾਰਨਾ ਹੈ ਕਿ ਰੂਹਾਨੀ ਅਤੇ ਸੰਸਾਰਕ ਸ਼ਖਸੀਅਤਾਂ ਦਾ ਇਤਿਹਾਸ ਇਕੋ ਜਿਹਾ ਨਹੀਂ ਹੁੰਦਾ ਅਤੇ ਇਸ ਨੂੰ ਇਕੋ ਜਿਹੀ ਵਿਧੀ ਨਾਲ ਨਹੀਂ ਸਮਝਿਆ ਜਾ ਸਕਦਾ ਕਿਉਂਕਿ "ਰੂਹਾਨੀਅਤ ਦੇ ਔਜ ਵਾਲੇ ਕਲਾਧਾਰੀਆਂ ਦਾ ਇਤਿਹਾਸ ਹੂਬਹੂ ਰਾਜਿਆਂ ਤੇ ਰਾਜਸੀ ਲੋਕਾਂ ਵਰਗਾ ਨਹੀਂ ਹੁੰਦਾ।"



-ਪ੍ਰੋ ਬਲਕਾਰ ਸਿੰਘ

ਇਤਿਹਾਸਕਾਰ ਦੀ ਲੋੜ "ਕਲਾਧਾਰੀ ਦੇ ਪਰਸੁਆਰਥ ਦੇ ਪ੍ਰਯੋਜਨ ਨੂੰ ਅਥਵਾ ਉਸ ਦੇ ਅੰਦਰਲੇ ਟਿਕਾਉ ਤੇ ਉਚੇ ਆਸ਼ਿਆਂ ਅਤੇ ਪ੍ਰੇਰਕ ਪ੍ਰਯੋਜਨਾਂ" ਨੂੰ ਸਮਝਣ ਅਤੇ ਪ੍ਰਗਟਾਉਣ ਦੀ ਨਹੀਂ ਹੁੰਦੀ। ਇਸ ਸਥਿਤੀ ਨਾਲ ਨਿਪਟਣ ਵਾਸਤੇ ਭਾਈ ਵੀਰ ਸਿੰਘ ਨੇ ਇਤਿਹਾਸ ਨੂੰ ਸਾਰੰਸ਼ਿਕ ਇਤਿਹਾਸ, ਸਵਿਸਥਾਰਕ ਇਤਿਹਾਸ, ਵਿਗਿਆਨਕ ਇਤਿਹਾਸ ਅਤੇ ਕੋਮਲ ਉਨਰੀ ਇਤਿਹਾਸ ਵਜੋਂ ਪ੍ਰਵਾਨ ਕਰਕੇ ਦਿੱਭ ਸ਼ਖਸੀਅਤਾਂ ਦੇ ਇਤਿਹਾਸ ਨੂੰ ਪਾਰ-ਇਤਿਹਾਸਕਤਾ ਦੇ ਸਿੱਖ ਪ੍ਰਸੰਗ ਵਿਚ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕੀਤੀ ਹੋਈ ਹੈ। ਇਸ ਦੇ ਵਿਸਥਾਰ ਵਿਚ ਜਾਏ ਬਿਨਾ ਇਹ ਕਹਿਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਅੰਦਰਲੀ ਗਵਾਹੀ ਨਾਲ ਪਾਰ-ਇਤਿਹਾਸਕ ਪਹੁੰਚ ਸਥਾਪਤ ਕਰਣ ਵਾਸਤੇ ਸੱਤਾ ਬਲਵੰਡ, ਬਾਬਾ ਸੁੰਦਰ ਅਤੇ ਭੱਟਾਂ ਦੇ ਸਵੱਯਾਂ ਨੂੰ ਆਧਾਰ ਬਣਾਇਆ ਜਾ ਸਕਦਾ ਹੈ।

ਸਿੱਖ-ਗੁਰੂ ਸਾਹਿਬਾਨ ਦੇ ਇਨ੍ਹਾਂ ਮੁਢਲੇ ਇਤਿਹਾਸਕਾਰਾਂ ਨੂੰ ਕਿਸੇ ਵੀ ਰੰਗ ਦੇ ਇਤਿਹਾਸਕਾਰਾਂ ਨੇ ਵਰਤਣ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਇਸ ਤੋਂ ਪਿੱਛੋਂ ਭਾਈ ਗੁਰਦਾਸ ਅਤੇ ਭਾਈ ਨੰਦ ਲਾਲ ਦੀਆਂ ਲਿਖਤਾਂ ਵਿਚੋਂ ਵੀ ਪਾਰ-ਇਤਿਹਾਸਕ ਵਿਧੀ ਦੇ ਆਧਾਰ ਲੱਭੇ ਜਾ ਸਕਦੇ ਹਨ। ਇਸ ਦ੍ਰਿਸ਼ਟੀ ਤੋਂ ਤਾਂ ਜਨਮ ਸਾਖੀਆਂ ਨੂੰ ਵੀ ਨਹੀਂ ਵਰਤਿਆ ਗਿਆ। ਸਿੱਟੇ ਵਜੋਂ ਜੋ ਸਾਹਮਣੇ ਆ ਗਿਆ ਹੈ, ਉਸ ਵਿਚੋਂ ਕਲਾਧਾਰੀ ਪਰਤਾਂ ਗੁੰਮ ਹੋਣ ਕਰਕੇ ਸਿੱਖ ਇਤਿਹਾਸ ਆਪਣੇ ਮੌਲਿਕ ਜਲੌਅ ਵਿਚ ਸਾਹਮਣੇ ਨਹੀਂ ਆ ਸਕਿਆ। ਮਿਸਾਲ ਵਜੋਂ 1699 ਦੀ ਵੈਸਾਖੀ ਨੂੰ ਲੈ ਕੇ ਇਤਿਹਾਸਕਾਰ ਇੰਦੂ ਭੂਸ਼ਣ ਬੈਨਰਜੀ ਲਿਖਦਾ ਹੈ, "ਜਿਹੜੇ ਇਸ (ਅੰਮ੍ਰਿਤ) ਨੂੰ ਗ੍ਰਹਿਣ ਕਰਣਗੇ ਅੱਗੋਂ ਲਈ ਖਾਲਸਾ ਕਰਕੇ ਜਾਣੇ ਜਾਣਗੇ। ਖਾਲਸਾ ਗੁਰੂ ਹੈ ਅਤੇ ਗੁਰੂ ਖਾਲਸਾ ਹੈ। ਤੁਹਾਡੇ ਅਤੇ ਮੇਰੇ ਵਿਚ ਕੋਈ ਭੇਦ ਨਹੀਂ ਹੈ। ਜਿਵੇਂ ਗੁਰੂ ਨਾਨਕ ਦੇਵ ਨੇ ਗੁਰੂ ਅੰਗਦ ਨੂੰ ਗੱਦੀ 'ਤੇ ਬੈਠਾਇਆ ਸੀ, ਉਸੇ ਤਰ੍ਹਾਂ ਮੈਂ ਵੀ ਤੁਹਾਨੂੰ ਗੁਰੂ ਬਣਾ ਦਿੱਤਾ ਹੈ।"

ਇਸ ਵਿਚੋਂ ਸ਼ਬਦ-ਗੁਰੂ ਮਨਫੀ ਹੀ ਕਰ ਦਿੱਤਾ ਗਿਆ ਹੈ ਅਤੇ ਸੈਨਿਕਵਾਦ ਦੀ ਭਾਵਨਾ ਵਿਚ ਅਜਿਹੀ ਟਿੱਪਣੀ ਕਰ ਦਿੱਤੀ ਹੈ, ਜਿਸ ਨਾਲ ਪ੍ਰਸੰਗ ਵਿਗਾੜ ਦੀਆਂ ਸੰਭਾਵਨਾਵਾਂ ਪੈਦਾ ਹੋ ਗਈਆਂ ਹਨ। ਸੰਗਤ ਅਤੇ ਪੰਥ ਨੂੰ ਜੇ ਇਕ ਦੂਜੇ ਦੀ ਨਿਰੰਤਰਤਾ ਵਿਚੋਂ ਕੱਢ ਕੇ ਵੇਖਾਂਗੇ ਤਾਂ ਪ੍ਰਸੰਗ ਵਿਗਾੜ ਦੀਆਂ ਸੰਭਾਵਨਾਵਾਂ ਪੈਦਾ ਹੋ ਜਾਣਗੀਆਂ। ਇਸ ਨੂੰ ਪਾਰ-ਇਤਿਹਾਸਕ ਪ੍ਰਸੰਗ ਵਿਚ ਸਮਝਣ ਲਈ ਸਮਝਣਾ ਪਵੇਗਾ ਕਿ ਇਤਿਹਾਸ, ਕਿਸੇ ਇਕ ਸਮੇਂ ਦਾ ਉਹ ਸੱਚ ਹੁੰਦਾ ਹੈ, ਜੋ ਕਿਸੇ ਨਾ ਕਿਸੇ ਰੂਪ 'ਚ ਸਾਂਭਿਆ ਗਿਆ ਹੁੰਦਾ ਹੈ। ਇਤਿਹਾਸ ਤਾਂ ਦਿੱਭਤਾ ਦੇ ਪੈਰਾਂ ਵਿਚ ਵੀ ਮਿਥਿਹਾਸ ਦੀਆਂ ਬੇੜੀਆਂ ਪਾ ਕੇ ਸੀਮਾਵਾਂ ਵਿਚ ਸੋਚਣ ਵਾਲੇ ਪਾਸੇ ਤੁਰਿਆ ਰਹਿੰਦਾ ਹੈ। ਇਤਿਹਾਸ ਤਾਂ ਪ੍ਰਾਪਤ ਤੱਥਾਂ ਨੂੰ ਸੰਭਾਲਣ ਦੀ ਇੰਦ੍ਰਿਆਵੀ ਵਿਧੀ ਹੋ ਜਾਂਦਾ ਹੈ ਅਤੇ ਇਸ ਦੇ ਵਰਤਾਰਿਆਂ ਅਤੇ ਵੇਰਵਿਆਂ ਨੂੰ ਉਸ ਤਰ੍ਹਾਂ ਅਡਿੱਗ ਅਤੇ ਅਡੋਲ ਨਹੀਂ ਸਮਝਿਆ ਜਾ ਸਕਦਾ, ਜਿਸ ਤਰ੍ਹਾਂ ਸਤਿ ਨਾਲ ਜੁੜੇ ਹੋਏ ਵਰਤਾਰਿਆਂ ਨੂੰ ਸਮਝਿਆ ਜਾਂਦਾ ਹੈ। ਇਸੇ ਨੂੰ ਪਾਰ-ਇਤਿਹਾਸਕ ਵਰਤਾਰਾ ਕਿਹਾ ਜਾ ਰਿਹਾ ਹੈ।

ਇਤਿਹਾਸਕ ਪ੍ਰਸੰਗ ਵਿਚ ਇਕ ਨਾਇਕ ਹੁੰਦਾ ਹੈ ਅਤੇ ਪਾਰ-ਇਤਿਹਾਸਕ ਪ੍ਰਸੰਗ ਵਿਚ ਦਿੱਭ-ਨਾਇਕ ਹੁੰਦਾ ਹੈ। ਇਸੇ ਕ੍ਰਮ ਵਿਚ ਘਟਨਾਵਾਂ ਦੇ ਬਿਰਤਾਂਤ ਤੋਂ ਵਰਤਾਰਿਆਂ ਦੇ ਮਹਾਂ-ਬਿਰਤਾਂਤ ਦੀ ਯਾਤਰਾ ਨੂੰ ਸਮਝਿਆ ਜਾ ਸਕਦਾ ਹੈ। ਇਹ ਦੋਵੇਂ ਪੱਖ ਇਕੋ ਵੇਲੇ ਨਾਂਦੇੜ (ਮਹਾਂਰਾਸ਼ਟਰ) ਦੀ ਧਰਤੀ ਤੇ ਲਛਮਨ ਦਾਸ ਬੈਰਾਗੀ ਅਤੇ ਦਸਮ ਪਾਤਸ਼ਾਹ ਹਜ਼ੂਰ ਦੇ ਰੂਪ ਵਿਚ ਆਹਮੋ ਸਾਹਮਣੇ ਹੋ ਗਏ ਸਨ। ਕਰਾਮਾਤੀ ਤਾਂਤ੍ਰਿਕਤਾ ਅਤੇ ਸਕਾਰਮਕ ਦਿੱਭਤਾ ਦਾ ਨਤੀਜਾ ਬਾਬਾ ਬੰਦਾ ਸਿੰਘ ਬਹਾਦਰ ਦੇ ਰੂਪ ਵਿਚ ਸਾਹਮਣੇ ਆਇਆ ਸੀ। ਇਤਿਹਾਸ ਨੇ ਪਲੰਘ ਵਾਲੀ ਘਟਨਾ ਨੂੰ ਹਾਰਨ ਅਤੇ ਜਿੱਤਣ ਦੀਆਂ ਘਟਨਾਵਾਂ ਵਾਂਗ ਸੰਭਾਲਿਆ ਹੋਇਆ ਹੈ। ਹਾਲਾਂਕਿ ਇਹ ਵੇਖਣ ਤੇ ਫਟਕ ਜਾਣ ਦੀ ਦਿੱਭਤਾ ਦੀ ਦਾਸਤਾਨ ਹੈ। ਇਤਿਹਾਸ ਦੀ ਮੋਟਾ ਕੱਤਣ ਵਾਲੀ ਵਿਧਾ ਵਿਚ ਇਸ ਦੀ ਅੰਸ਼ਿਕਤਾ ਨੂੰ ਹੀ ਸੰਭਾਲਿਆ ਜਾ ਸਕਦਾ ਸੀ ਅਤੇ ਅਜਿਹਾ ਹੀ ਹੋ ਚੁੱਕਾ ਹੈ। ਦਿੱਭ ਰੋਹੜ ਦੇ ਇਸ ਸ਼ੂਕਦੇ ਵਹਿਣ ਨੂੰ ਪਾਰ-ਇਤਿਹਾਸਕ ਵਿਧੀ ਵਿਚ ਹੀ ਫੜਿਆ ਜਾ ਸਕਦਾ ਹੈ। ਇਸ ਦੇ ਪੂਰਨੇ ਗੁਰੂ ਨਾਨਕ ਦੇਵ ਜੀ ਨੇ ਸੂਰਜ ਨੂੰ ਪਾਣੀ ਦੇ ਕੇ ਪਾ ਦਿੱਤੇ ਸਨ ਅਤੇ ਇਸੇ ਵਹਿਣ ਨੂੰ ਪੰਜਵੇਂ ਨਾਨਕ ਅਤੇ ਨੌਵੇਂ ਨਾਨਕ ਨੇ ਸ਼ਹੀਦੀ ਦੇ ਮਾਧਿਅਮ ਰਾਹੀਂ ਦਿੱਭ-ਨਾਬਰੀ ਵਜੋਂ ਪ੍ਰਗਟ ਕਰ ਦਿੱਤਾ ਸੀ। ਇਸ ਨੂੰ ਗੁਰੂ ਕੇ ਲਗਾਤਾਰ ਨਿਭਾਉਂਦੇ ਰਹੇ ਹਨ। ਇਹੀ ਪਾਰ-ਇਤਿਹਾਸਕ ਸੁਰ ਵਿਚ ਸਿੱਖੀ ਨੂੰ ਕੇਸਾਂ ਸੁਆਸਾਂ ਨਾਲ ਨਿਭਾਉਣ ਵਜੋਂ ਅਰਦਾਸ ਵਿਚ ਸੰਭਾਲੀ ਹੋਈ ਹੈ। ਇਹੀ ਸਵੈ-ਇੱਛਤ ਬਚਨਬੱਧਤਾ ਵਜੋਂ ਸੱਜਰੀ ਅਤੇ ਵਿਲਖਣ ਪਛਾਣ ਹੋ ਗਈ ਹੈ। ਇਸ ਨੂੰ ਇਤਿਹਾਸ, ਚਾਹ ਕੇ ਵੀ ਫੜ ਨਹੀਂ ਸਕਿਆ ਅਤੇ ਏਸੇ ਨੂੰ ਸਿੱਖ ਪ੍ਰਸੰਗ ਵਿਚ ਫੜਨ ਵਾਸਤੇ ਪਾਰ-ਇਤਿਹਾਸਕ ਵਿਧੀ ਸੁਝਾਈ ਜਾ ਰਹੀ ਹੈ।

ਪੱਛਮੀ ਸਿਧਾਂਤਕਾਰਾਂ ਨੇ ਇਤਿਹਾਸ ਨਾਲ ਜੁੜੀਆਂ ਵਿਚਾਰਧਾਰਾਵਾਂ ਦੇ ਆਧਾਰ 'ਤੇ ਅਜਿਹੇ ਨਤੀਜੇ ਕੱਢੇ ਹਨ ਕਿ ਬਚਦਾ ਓਹੀ ਹੈ, ਜੋ ਬਚ ਸਕਣ ਦੇ ਸਮਰਥ ਹੁੰਦਾ ਹੈ ਤੇ ਇਸ ਨੂੰ ਡਾਰਵਿਨ ਦੇ ਸਿਧਾਂਤ ਵਜੋਂ ਸੰਭਾਲਿਆ ਹੋਇਆ ਹੈ। ਦਸਮ ਪਾਤਸ਼ਾਹ ਨੇ ਪ੍ਰਗਟ ਕਰ ਦਿੱਤਾ ਸੀ ਕਿ ਇਹੋ ਜਿਹੀਆਂ ਸੱਚਾਈਆਂ ਨਾਲ ਨਿਭਣ ਦੀ ਸਮਰਥਾ ਪੈਦਾ ਕਰਨੀ ਪੈਂਦੀ ਹੈ। ਇਤਿਹਾਸ ਵਿਚ ਆਮ ਤੌਰ 'ਤੇ ਇਸੇ ਤਰ੍ਹਾਂ ਹੀ ਵਾਪਰਦਾ ਰਹਿੰਦਾ ਹੈ ਅਤੇ ਤਕੜੇ ਦਾ ਸੱਤੀਂ ਵੀਹੀਂ ਸੌ ਹੁੰਦਾ ਰਹਿੰਦਾ ਹੈ। ਇਸ ਕਾਣੀ ਵੰਡ ਦੇ ਹੁੰਦਿਆਂ ਵੀ ਵਾਪਰੀਆਂ ਘਟਨਾਵਾਂ ਦੀਆਂ ਪਾਰ-ਇਤਿਹਾਸਕ ਪਰਤਾਂ ਵੀ ਲਗਾਤਾਰ ਸਾਹਮਣੇ ਆਉਂਦੀਆਂ ਰਹੀਆਂ ਹਨ ਕਿਉਂਕਿ "ਸੈਲ ਪਥਰ ਮਹਿ ਜੰਤ ਉਪਾਇ ਤਾ ਕਾ ਰਿਜਕ ਆਗੈ ਕਰਿ ਧਰਿਆ" ਦੀ ਦਿੱਭਤਾ ਵਰਤਦੀ ਰਹਿੰਦੀ ਹੈ। ਜਿਸ ਤਰ੍ਹਾਂ ਪੱਛਮਵਾਦੀਆਂ ਨੇ ਪ੍ਰਾਪਤ ਅੰਤਰ ਦ੍ਰਿਸ਼ਟੀਆਂ ਰਾਹੀਂ ਇਤਿਹਾਸ ਨੂੰ ਸੰਭਾਲਣ ਅਤੇ ਵਰਤਣ ਦੀ ਕੋਸ਼ਿਸ਼ ਕੀਤੀ ਹੈ, ਉਸੇ ਤਰ੍ਹਾਂ ਪੂਰਬਵਾਦੀਆਂ ਨੇ ਪੱਛਮਵਾਦੀਆਂ ਨਾਲੋਂ ਬਹੁਤ ਪਹਿਲਾਂ, ਪਾਰ-ਇਤਿਹਾਸਕਤਾ ਨੂੰ ਨਾਲ ਲੈ ਕੇ ਭਰਪੂਰ ਜੀਵਨ ਜਿਊਣ ਦੇ ਅਮਲ ਨੂੰ ਸੰਭਾਲ ਕੇ ਸਾਹਮਣੇ ਲਿਆਂਦਾ ਸੀ। ਇਹ ਪੂਰਬਵਾਦ ਹੀ ਸੀ, ਜਿਸ ਵਿਚ ਰਿਸ਼ੀ-ਪਰੰਪਰਾ ਵਿਚੋਂ ਸੰਤ-ਪਰੰਪਰਾ ਪੈਦਾ ਹੋਈ ਅਤੇ ਸੰਤ-ਪਰੰਪਰਾ ਵਿਚੋਂ ਭਗਤੀ-ਪਰੰਪਰਾ ਪੈਦਾ ਹੋ ਸਕੀ। ਇਸ ਸਾਰੇ ਵਿਕਾਸ ਨੂੰ ਇਤਿਹਾਸਕਤਾ ਤੱਕ ਸੀਮਤ ਕਰਕੇ ਰਖਣ ਦੀ ਥਾਂ ਪਾਰ-ਇਤਿਹਾਸਕਤਾ ਦੀ ਸੁਰ ਵਿਚ ਵਹਿੰਦਾ ਵਿਖਾਇਆ ਗਿਆ ਹੈ।

ਪੂਰਬਵਾਦ ਵਿਚ ਜਿਨ੍ਹਾਂ ਸ਼ਕਤੀਆਂ ਨੇ ਇਸ ਵਹਿੰਦੇ ਵਹਿਣ ਨੂੰ ਰੋਕ ਕੇ ਮਨ ਮਰਜੀ ਨਾਲ ਵਰਤਣ ਦੀ ਕੋਸ਼ਿਸ਼ ਕੀਤੀ ਹੈ, ਤਾਂ ਉਨ੍ਹਾਂ ਦੀ ਕੋਸ਼ਿਸ਼ ਨੂੰ ਨਕਾਰਨ ਅਤੇ ਵੰਗਾਰਨ ਦੀਆਂ ਲਹਿਰਾਂ ਵੀ ਪੈਦਾ ਹੁੰਦੀਆਂ ਰਹੀਆਂ ਹਨ। ਜਿਸ ਤਰ੍ਹਾਂ ਸੰਤ-ਪਰੰਪਰਾ, ਰਿਸ਼ੀ-ਪਰੰਪਰਾ ਨੂੰ ਨਕਾਰਨ ਅਤੇ ਵੰਗਾਰਨ ਦੀ ਲਹਿਰ ਸੀ, ਉਸੇ ਤਰ੍ਹਾਂ ਭਗਤ ਪਰੰਪਰਾ, ਸੰਤ ਪਰੰਪਰਾ ਨੂੰ ਨਕਾਰਨ ਅਤੇ ਵੰਗਾਰਨ ਦੀ ਲਹਿਰ ਸੀ। ਇਕ ਦੂਜੇ ਨੂੰ ਨਕਾਰਨ ਅਤੇ ਵੰਗਾਰਨ ਦੇ ਇਸ ਪੂਰਬਵਾਦੀ ਵਹਿਣ ਵਿਚੋਂ ਗੁਰੂ ਨਾਨਕ ਦੇਵ (1469-1539) ਦੀ ਅਗਵਾਈ ਵਿਚ ਪ੍ਰਾਪਤ ਵਿਚੋਂ ਨਾਲ ਲੈਣਯੋਗ ਨੂੰ ਨਾਲ ਲੈ ਕੇ ਸਿੱਖ ਧਰਮ ਦੀ ਨੀਂਹ ਰੱਖੀ ਗਈ ਸੀ। ਵਿਕਾਸ ਕ੍ਰਮ ਵਿਚੋਂ ਉਸੇ ਨੂੰ ਨਾਲ ਲਿਆ ਗਿਆ, ਜਿਸ ਰਾਹੀਂ ਹਰ ਤਰ੍ਹਾਂ ਦੀ ਪਵਿੱਤਰਮੁਖੀ ਕੇਂਦਰੀਅਤਾ ਨੂੰ ਨਕਾਰਨ ਅਤੇ ਵੰਗਾਰਨ ਦਾ ਸਾਹਸ ਵਿਖਾਇਆ ਗਿਆ। ਭਗਤ ਪਰੰਪਰਾ, ਸਿੱਖ ਕਸਵੱਟੀ 'ਤੇ ਪਰਖੀ ਗਈ ਸੀ ਅਤੇ ਉਸ ਵਿਚੋਂ ਉਨ੍ਹਾਂ ਭਗਤਾਂ ਨੂੰ ਨਾਲ ਲੈ ਲਿਆ ਗਿਆ ਸੀ, ਜਿਹੜੇ ਪਿਛੱਲਮੁਖੀ ਮਾਨਸਿਕਤਾ ਤੋਂ ਮੁਕਤ ਹੋ ਕੇ ਆਮ ਮਾਨਵ ਦੇ ਧਰਮ ਨੂੰ ਸਮਕਾਲ ਦੇ ਹਾਣ ਦਾ ਬਣਾਉਣ ਦੇ ਮੁਦੱਈ ਸਨ। ਇਸ ਉਤੇ ਜੋ ਪੂਰੇ ਉਤਰੇ ਉਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕਰਕੇ ਸ਼ਬਦ-ਗੁਰੂ ਦਾ ਅੰਗ ਬਣਾ ਲਿਆ ਗਿਆ। ਇਸ ਨੂੰ ਸਮਝਣ ਲਈ ਪ੍ਰੋ ਪੂਰਨ ਸਿੰਘ ਦੇ ਇਹ ਸ਼ਬਦ ਸਹਾਈ ਹੋ ਸਕਦੇ ਹਨ, "ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਨੇ ਜੋ ਧਰਮ ਬਣਾਇਆ ਤੇ ਅਮਲੀ ਜਾਮਾ ਪੁਆ ਕੇ ਟੋਰਿਆ, ਉਹ ਕਿਸੇ ਖੁਸ਼ਕ ਫਲਸਫੇ ਦੀ ਬਿਨਾ ਤੇ ਕੇਵਲ ਸੋਚਾਂ ਵਿਚਾਰਾਂ ਦਾ ਇਕ ਗੋਰਖਧੰਦਾ, ਖਿਆਲ ਦੀ ਉਡਾਰੀ ਵਾਲੇ ਦਿਮਾਗਾਂ ਦਾ ਸਿੱਟਾ ਨਹੀਂ ਸੀ, ਸਗੋਂ ਇਕ ਜੀਵਨ ਦੇ ਸੋਮੇ ਤੋਂ ਫੁਟਿਆ ਅਮਲੀ ਤੇ ਜੀਵਨ ਲਹਿਰ ਤੇ ਰੰਗ ਰਸ ਨਾਲ ਥਰਕਦਾ, ਧਰਕਦਾ, ਗੇੜ ਮਾਰਦਾ ਉਮਲਦਾ ਤੇ ਉਛਲਦਾ ਕਰਤੱਵ ਸੀ, ਇਸ ਦਾ ਮੁੱਦਾ ਤੇ ਅਸਰ ਅਮਲੀ ਤੇ ਆਦਰਸ਼ਕ ਇਨਸਾਨ ਪੈਦਾ ਕਰਨਾ ਸੀ।" ਇਥੋਂ ਹੀ ਸ਼ੁਰੂ ਹੁੰਦਾ ਹੈ ਪੂਰਬਵਾਦ ਦਾ ਪਾਰ-ਇਤਿਹਾਸਕ ਪ੍ਰਸੰਗ ਅਤੇ ਇਸੇ ਨੂੰ ਸਿੱਖ ਧਰਮ ਵਜੋਂ ਸਾਂਭਿਆ ਹੋਇਆ ਹੈ। ਇਸੇ ਪ੍ਰਸੰਗ 'ਚ ਗੁਰੂ ਗੋਬਿੰਦ ਸਿੰਘ ਦੀ ਗੱਲ ਕੀਤੀ ਜਾ ਰਹੀ ਹੈ।

ਆਧੁਨਿਕਤਾ ਨੇ ਪੱਛਮਵਾਦੀਆਂ ਦੇ ਪ੍ਰਭਾਵ ਅਧੀਨ ਇਹ ਸਾਹਮਣੇ ਲੈ ਆਂਦਾ ਹੈ ਕਿ ਪਰਮਾਤਮਾ ਮਰ ਗਿਆ ਹੈ (ਨੀਤਸ਼ੇ) ਤੇ ਇਤਿਹਾਸ ਦਾ ਅੰਤ ਹੋਣ ਵਾਲਾ ਹੈ। ਇਤਿਹਾਸ ਦੀ ਵਿਧੀ ਵਿਚੋਂ ਬਾਹਰ ਨਿਕਲ ਕੇ ਇਨ੍ਹਾਂ ਦੋਹਾਂ ਧਾਰਨਾਵਾਂ ਦੇ ਸੁਤੰਤਰ ਪ੍ਰਸੰਗ ਵੀ ਸਥਾਪਤ ਕੀਤੇ ਜਾਂਦੇ ਰਹੇ ਹਨ। ਜਿਵੇਂ ਕਿ ਪਰਮਾਤਮਾ ਮਰ ਗਿਆ ਹੈ, ਦੀ ਪ੍ਰਧਾਨ ਸੁਰ ਇਹ ਹੈ ਕਿ ਪਰਮਾਤਮਾ ਨੂੰ ਅਸੀਂ ਆਪ ਮਾਰਿਆ ਹੈ। ਇਤਿਹਾਸ ਤੋਂ ਅੱਗੇ ਤੁਰਾਂਗੇ ਤਾਂ ਪਾਰ-ਇਤਿਹਾਸਕਤਾ ਦਾ ਸਫਰ ਸ਼ੁਰੂ ਹੋ ਜਾਏਗਾ। ਕਿਸੇ ਅਣਵਰਤੀ ਵਿਧੀ ਨਾਲ ਜਾਂ ਕਿਸੇ ਵਿਧੀ ਦੀ ਕੁਵਰਤੋਂ ਨਾਲ ਨਿਕਲਣ ਵਾਲੇ ਨਤੀਜੇ ਨੂੰ ਸਿਧਾਂਤਕਾਰੀ ਕਹਿਣ ਦੀਆਂ ਪੱਛਮਵਾਦੀ ਧਾਰਨਾਵਾਂ, ਸੱਚ ਦੇ ਪਾਰ-ਇਤਿਹਾਸਕ ਵਰਤਾਰਿਆਂ ਦੇ ਨੇੜੇ ਤੇੜੇ ਵੀ ਨਹੀਂ ਪਹੁੰਚਦੀਆਂ ਹਨ। ਪੂਰਬਵਾਦੀ-ਲਹਿਰਾਂ ਨੂੰ ਨਿਰਖ ਪਰਖ ਕੇ ਜਿਸ ਤਰ੍ਹਾਂ ਸਿੱਖ-ਧਰਮ ਨੇ ਮਾਨਵ-ਮੁਕਤੀ ਦਾ ਗੁਰਮਤਿ-ਮਾਡਲ ਸਾਹਮਣੇ ਲਿਆਂਦਾ ਹੈ, ਉਸੇ ਦੀ ਰੌਸ਼ਨੀ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਪਾਰ-ਇਤਿਹਾਸਕ ਸਿੱਖ-ਭੂਮਿਕਾ ਬਾਰੇ ਗੱਲ ਕੀਤੀ ਜਾ ਰਹੀ ਹੈ।

ਇਤਿਹਾਸ, ਜੇ ਪਾਰ-ਇਤਿਹਾਸਕਤਾ ਦੇ ਰਾਹ ਨਹੀਂ ਪੈਂਦਾ ਤਾਂ ਕਿੰਤੂਆਂ ਪ੍ਰੰਤੂਆਂ ਦੇ ਚੱਕਰ ਵਿਚ ਫਸਿਆ ਰਹਿੰਦਾ ਹੈ। ਇਹ ਤਾਂ ਸਭ ਨੂੰ ਪਤਾ ਹੀ ਹੋਣਾ ਚਾਹੀਦਾ ਹੈ ਕਿ ਇਤਿਹਾਸ ਦੀ ਦ੍ਰਿਸ਼ਟੀ ਤੋਂ ਇਕ ਹਕੂਮਤ ਦੇ ਗੱਦਾਰ, ਕਿਸੇ ਹੋਰ ਹਕੂਮਤ ਦੇ ਦੇਸ਼ ਭਗਤ ਹੋ ਜਾਂਦੇ ਹਨ ਅਤੇ ਇਤਿਹਾਸ, ਇਸ ਦੁਫਾੜ ਵਰਤਾਰੇ ਨੂੰ ਮੂਕ ਦਰਸ਼ਕ ਵਾਂਗ ਵੇਖਦਾ ਰਹਿੰਦਾ ਹੈ। ਇਤਿਹਾਸ ਤਾਂ ਇੰਨਾ ਕੁ ਫੈਸਲਾ ਵੀ ਨਹੀਂ ਕਰ ਪਾ ਰਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਨਾਲ ਦਸਮ ਪਾਤਸ਼ਾਹ ਦਾ ਰਿਸ਼ਤਾ ਕੀ ਸੀ ਅਤੇ ਬਾਬਾ ਜੀ ਵੱਲੋਂ ਨਿਭਾਈ ਗਈ ਸਿੱਖ-ਭੂਮਿਕਾ ਸਿਆਸੀ ਸੁਰ ਵਿਚ ਸੀ ਕਿ ਧਾਰਮਿਕ ਸੁਰ ਵਿਚ ਸੀ? ਦਿੱਭ ਵਰਤਾਰਿਆਂ ਨੂੰ ਫੜ੍ਹਨ ਵਿਚ ਇਤਿਹਾਸ ਇਸੇ ਤਰ੍ਹਾਂ ਫੇਲ੍ਹ ਹੁੰਦਾ ਆਇਆ ਹੈ ਅਤੇ ਆਪਣੀ ਇਸੇ ਕਮਜ਼ੋਰੀ ਨਾਲ ਕਿਸੇ ਵੀ ਸਮਕਾਲ ਦੇ ਮਹਾਂ-ਨਾਇਕਾਂ ਨੂੰ ਜੇ ਫੇਲ੍ਹ ਨਹੀਂ ਵੀ ਕਰਦਾ ਆਇਆ, ਤਾਂ ਵੀ ਨਿਆਂ ਕਰ ਸਕਣ ਦੀ ਅਸਮਰਥਾ ਦਾ ਸ਼ਿਕਾਰ ਤਾਂ ਹੁੰਦਾ ਰਿਹਾ ਹੈ।

ਜੇ ਇਤਿਹਾਸ ਦੇ ਵਰਤਾਰੇ ਦੀ ਪਰਿਭਾਸ਼ਾ ਬਾਰੇ ਸੋਚੀਏ ਤਾਂ ਅਕਾਦਮਿਕ ਤੌਰ 'ਤੇ ਇਤਿਹਾਸ ਪਦ ਗਰੀਕ ਭਾਸ਼ਾ ਤੋਂ ਆਇਆ ਮੰਨਿਆ ਜਾਂਦਾ ਹੈ। ਗਰੀਕ ਵਿਚ ਹਿਸਟੋਰੀਆ ਸ਼ਬਦ ਹੈ, ਜਿਸ ਦੇ ਅਰਥ ਖੋਜ, ਪੁੱਛ-ਗਿੱਛ, ਪਤਾ, ਜਾਂਚ, ਤੇ ਤਹਿਕੀਕਾਤ 'ਤੇ ਆਧਾਰਤ ਜਾਣਕਾਰੀ ਹੁੰਦੇ ਹਨ। ਇਤਿਹਾਸ ਨੂੰ ਅਤੀਤ, ਖਾਸ ਕਰ ਮਨੁੱਖ ਨਾਲ ਸਬੰਧਤ ਅਤੀਤ, ਦਾ ਅਧਿਐਨ ਵੀ ਕਿਹਾ ਜਾਂਦਾ ਹੈ। ਅੰਗਰੇਜ਼ੀ-ਪੰਜਾਬੀ ਕੋਸ਼ਾਂ ਵਿਚ ਇਸ ਦੇ ਸ਼ਬਦੀ ਅਰਥ ਇਤਿਹਾਸ, ਤਾਰੀਖ, ਬਿਰਤਾਂਤ, ਵੇਰਵਾ, ਕਹਾਣੀ, ਇਤਿਹਾਸਕ ਨਾਟਕ ਆਦਿ ਦੱਸੇ ਗਏ ਹਨ। ਇਤਿਹਾਸ ਅਜਿਹਾ ਪਦ ਹੈ ਜੋ ਅਤੀਤ ਦੀਆਂ ਯਾਦਾਂ ਅਤੇ ਤੱਥਾਂ ਦੀ ਖੋਜ, ਇਕੱਤਰੀਕਰਨ, ਵਰਗੀਕਰਨ, ਪੇਸ਼ਕਾਰੀ ਤੇ ਜਾਣਕਾਰੀ ਦੀ ਵਿਆਖਿਆ ਕਰਦਾ ਹੈ। ਹੁਣ ਇਹ ਪ੍ਰਕ੍ਰਿਆ ਇੰਨੀ ਸਿੱਧੀ ਤੇ ਸਰਲ ਨਹੀਂ ਰਹੀ, ਜਿੰਨੀ ਲੱਗਦੀ ਹੈ।

ਇਤਿਹਾਸ ਵਿਚ ਇਤਿਹਾਸਕਾਰ ਵੀ ਸ਼ਾਮਿਲ ਰਹਿੰਦਾ ਹੈ ਅਤੇ ਇਤਿਹਾਸਕਾਰ ਦਾ ਨਜ਼ਰੀਆ ਵੀ। ਇਹ ਸਾਰਾ ਕਾਰਜ ਜੇ ਪੂਰੀ ਤਰ੍ਹਾਂ ਨਹੀਂ ਤਾਂ ਕਿਸੇ ਹੱਦ ਤੱਕ ਵਿਚਾਰਧਾਰਕ ਵੀ ਹੁੰਦਾ ਹੈ ਕਿਉਂਕਿ ਪੱਛਮਵਾਦੀਆਂ ਨੇ ਮੰਨ ਲਿਆ ਕਿ ਮਨੁੱਖ ਦਾ ਹਰ ਕਾਰਜ ਹੀ ਕਿਸੇ ਨਾ ਕਿਸੇ ਰੂਪ ਵਿਚ ਵਿਚਾਰਧਾਰਕ ਹੁੰਦਾ ਹੈ। ਇਸ ਦੇ ਹੋਰ ਰੂਪ ਵੀ ਪ੍ਰਾਪਤ ਹਨ ਕਿਉਂਕਿ ਕੁਝ ਚਿੰਤਕ ਇਤਿਹਾਸ ਨੂੰ ਗਲਪ ਭਾਵ ਗੱਪ ਵਰਗੀ ਸੱਚਾਈ ਕਹਿਣ ਲੱਗੇ ਹਨ। ਇਤਿਹਾਸਕਾਰੀ ਕਰਕੇ ਮਾਨਵੀ ਸਮਾਜ ਦਾ ਅਤੀਤ ਸਵਾਲਾਂ ਦੇ ਘੇਰੇ 'ਚ ਆ ਜਾਂਦਾ ਹੈ ਕਿਉਂਕਿ ਇਤਿਹਾਸ ਹੀ ਤਾਂ ਹੈ ਜੋ 'ਤੱਥਾਂ' 'ਤੇ ਆਧਾਰਤ ਮੰਨਿਆ ਜਾਂਦਾ ਹੈ। ਇਸ ਦੇ ਨਾਲ-ਨਾਲ ਖੁਦ ਇਤਿਹਾਸਕਾਰ ਕਈ ਤਰ੍ਹਾਂ ਦੇ ਸਵਾਲ ਕਰਨ ਲੱਗ ਪਏ ਹਨ ਕਿ ਕੀ ਇਤਿਹਾਸਕਾਰ ਅਤੀਤ ਬਾਰੇ ਸੱਚ ਦੱਸ ਸਕਦੇ ਹਨ? ਕੀ ਇਤਿਹਾਸ, ਤੱਥਾਂ ਨੂੰ ਪ੍ਰਤੱਖ ਕਰਨ ਲਈ ਲਿਖਿਆ ਜਾਂਦਾ ਹੈ ਜਾਂ ਆਪਣੇ ਹਿੱਤਾਂ ਖਾਤਰ? ਇਤਿਹਾਸ, ਪ੍ਰਚੱਲਿਤ ਰੂੜ੍ਹੀਵਾਦੀ ਕਹਾਣੀਆਂ ਰਾਹੀਂ ਇੱਛਤ ਨਤੀਜਿਆਂ ਦਾ ਸਰੂਪ ਗ੍ਰਹਿਣ ਕਰਦਾ ਰਹਿੰਦਾ ਹੈ। ਇਸ ਲਈ ਕੀ ਇਸ ਦੇ ਅਰਥ ਇਸੇ ਸਰੂਪ ਵਿਚੋਂ ਪੈਦਾ ਹੁੰਦੇ ਹਨ ਜਾਂ ਅਤੀਤ ਦੀ ਪਾਰ-ਇਤਿਹਾਸਕਤਾ ਵਿਚੋਂ ਵੀ? ਇਸ ਦੀ ਮਿਸਾਲ ਅਸੀਂ ਗਦਰ ਲਹਿਰ ਦੀ ਸ਼ਤਾਬਦੀ ਤੋਂ ਲੈ ਸਕਦੇ ਹਾਂ। ਪਿਛਲੇ ਕੁਝ ਸਾਲਾਂ ਵਿਚ ਗਦਰ ਲਹਿਰ ਬਾਰੇ ਐਨਾ ਕੁਝ ਲਿਖਿਆKਬੋਲਿਆ ਗਿਆ ਹੈ, ਜਿੰਨਾ ਪਿਛਲੇ ਸੌ ਸਾਲਾਂ ਵਿਚ ਨਹੀਂ ਸੀ ਲਿਖਿਆ/ਬੋਲਿਆ ਗਿਆ।

ਦਲਿਤਾਂ ਤੇ ਦਮਿਤਾਂ ਦਾ ਇਤਿਹਾਸ ਵੀ ਤਾਂ ਪੁਨਰ-ਲੇਖਣ ਦੀ ਮੰਗ ਕਰਦਾ ਹੈ ਕਿਉਂਕਿ ਉਨ੍ਹਾਂ ਦਾ ਇਤਿਹਾਸ ਲਿਖੇ ਜਾਣ ਵਿਚ ਕਦੇ ਕਿਸੇ ਦਲਿਤ ਦਾ ਹਿੱਸਾ ਰਿਹਾ ਹੈ ਕਿ ਨਹੀਂ? ਹੁਣ ਤਾਂ ਇਹ ਤੱਥ ਸਾਹਮਣੇ ਆ ਗਏ ਹਨ ਕਿ ਜਿਨ੍ਹਾਂ ਨੂੰ ਬੋਲਣ ਦਾ ਹੱਕ ਨਹੀਂ ਸੀ, ਉਹ ਇਤਿਹਾਸ ਕਿਵੇਂ ਲਿਖ ਸਕਦੇ ਸਨ? ਵੈਸੇ ਵੀ ਗਾਇਤਰੀ ਸਪੀਵਾਕ ਨੇ ਸਹੀ ਲਿਖਿਆ ਹੈ ਕਿ ਕੀ ਦਮਿਤ ਬੋਲ ਸਕਦਾ ਹੈ? ਉਸ ਦੀ ਧਾਰਨਾ ਹੈ ਕਿ ਦਲਿਤਾਂ ਤੇ ਦਮਿਤਾਂ ਦੀ ਥਾਂ ਜਿਨ੍ਹਾਂ ਨੇ ਲੈ ਲਈ ਹੈ, ਉਨ੍ਹਾਂ ਨੇ ਜੋ ਲਿਖਿਆ ਵੀ ਹੈ, ਉਸ ਤੋਂ ਤਾਂ ਇਹੀ ਲੱਗਦਾ ਹੈ ਕਿ ਦਲਿਤਾਂ ਬਾਰੇ ਕੋਈ ਹੋਰ ਈ ਬੋਲਦਾ ਤੇ ਲਿਖਦਾ ਰਿਹਾ ਹੈ। ਸਿੱਖਾਂ ਨਾਲ ਵੀ ਇਸੇ ਤਰ੍ਹਾਂ ਵਾਪਰਦਾ ਰਿਹਾ ਹੈ।

ਇਸ ਪ੍ਰਸੰਗ ਵਿਚ ਸੋਚਾਂਗੇ ਤਾਂ ਦਲਿਤ-ਪ੍ਰਵਚਨ ਦਾ ਸਿਧਾਂਤਕ ਆਧਾਰ ਗੁਰੂ ਗ੍ਰੰਥ ਸਾਹਿਬ ਹੋ ਜਾਵੇਗਾ। ਇਸ ਨੂੰ ਇਤਿਹਾਸ ਉਨਾਂ ਚਿਰ ਫੜਨ ਲਈ ਤਿਆਰ ਨਹੀਂ ਹੋਇਆ, ਜਿੰਨਾ ਚਿਰ ਦਸਮ ਪਾਤਸ਼ਾਹ ਦੇ ਪੰਜ ਪਿਆਰੇ ਦਲਿਤ-ਪ੍ਰਵਚਨ ਦੇ ਪ੍ਰਤੀਨਿਧ ਵਜੋਂ ਸਾਹਮਣੇ ਨਹੀਂ ਆ ਗਏ। ਸਿਧਾਂਤ ਦੀ ਤਹਿ ਵਿਚ ਬਹੁਤ ਕੁਝ ਅਜਿਹਾ ਪਿਆ ਹੁੰਦਾ ਹੈ, ਜੋ ਨੰਗੀ ਅੱਖ ਦੀ ਪਕੜ ਵਿਚ ਨਹੀਂ ਆਉਂਦਾ। ਅਸਲ ਵਿਚ ਵਸਤੂਆਂ ਅਤੇ ਵਰਤਾਰੇ ਐਨੇ ਸਰਲ ਤੇ ਸਿੱਧੇ ਨਹੀਂ ਹੁੰਦੇ ਜਿੰਨੇ ਅਕਸਰ ਲੱਗਦੇ ਹਨ। ਬੰਦੇ ਬਹੁਤ ਸਾਰੇ ਕਾਰਣਾਂ ਕਰਕੇ ਚੀਜ਼ਾਂ ਨੂੰ ਬਲੈਕ ਐਂਡ ਵਾਈਟ ਦੇ ਰੂਪ ਵਿਚ ਦੇਖਣ ਲਈ ਗਿੱਝ ਗਏ ਹੁੰਦੇ ਹਨ। ਇਸੇ ਲਈ ਅਸੀਂ ਸਿੱਕੇ ਦੇ ਅਣਗਿਣਤ ਪਹਿਲੂਆਂ ਨੂੰ ਸਿਰਫ ਦੋ ਪਹਿਲੂ ਕਹਿ ਕੇ ਹੀ ਸਾਰ ਲੈਂਦੇ ਹਾਂ। ਜੇ ਕਿਸੇ ਨੂੰ ਪੁੱਛਿਆ ਜਾਵੇ ਕਿ ਸਿੱਕੇ ਦੇ ਕਿੰਨੇ ਪਹਿਲੂ ਹਨ ਤਾਂ ਜਵਾਬ ਫਟ ਮਿਲ ਜਾਵੇਗਾ-ਦੋ। ਜਦੋਂ ਕਿ ਇਸ ਤੋਂ ਵੱਡਾ ਝੂਠ ਹੋਰ ਹੋ ਹੀ ਨਹੀਂ ਸਕਦਾ। ਸਿੱਕੇ ਦੇ ਦੋ ਪ੍ਰਮੁੱਖ ਪਹਿਲੂ ਹੁੰਦੇ ਹਨ ਜਦੋਂ ਕਿ ਅਣਗਿਣਤ ਪਹਿਲੂ ਉਸ ਦੇ ਗੋਲ ਦਾਇਰੇ ਦੇ ਹੁੰਦੇ ਹਨ, ਜਿਨ੍ਹਾਂ ਕਰਕੇ ਦੋ ਪ੍ਰਮੁੱਖ ਪਹਿਲੂ ਸਾਹਮਣੇ ਆਉਂਦੇ ਹਨ। ਇਸੇ ਤਰ੍ਹਾਂ ਇਤਿਹਾਸ ਨਾਲ

(ਬਾਕੀ ਅਗਲੇ ਸਫੇ 'ਤੇ)

# ਬਿਨਾਂ ਮਤਲਬ ਦੀ ਮੁਕੱਦਮੇਬਾਜ਼ੀ



ਬਲਰਾਜ ਸਿੰਘ ਸਿੱਧੂ
ਐਸ. ਪੀ.

ਕੁੱਝ ਮਹੀਨੇ ਪਹਿਲਾਂ ਮੈਂ ਇੱਕ ਆਰਟੀਕਲ ਪੜ੍ਹਿਆ ਸੀ ਕਿ ਪੰਜਾਬ ਦੇ ਵਪਾਰੀ ਵਰਗ ਨੂੰ ਪੈਸੇ ਕਮਾਉਣ ਦੀ ਬਹੁਤ ਡੂੰਘੀ ਸੂਝ ਬੂਝ ਹੈ ਤੇ ਉਹ ਬਹੁਤ ਘੱਟ ਮੁਕੱਦਮੇਬਾਜ਼ੀ ਵਿੱਚ ਪੈਂਦੇ ਹਨ। ਇਹ ਗੱਲ ਬਿਲਕੁਲ ਸੱਚ ਹੈ। ਪੰਜਾਬ ਦੀਆਂ ਅਦਾਲਤਾਂ ਵਿੱਚ ਚੱਲ ਰਹੇ 80-85% ਫੌਜਦਾਰੀ ਮੁਕੱਦਮੇ ਸਿਰਫ ਕਿਸਾਨ ਅਤੇ ਮਜ਼ਦੂਰ ਵਰਗ ਨਾਲ ਸਬੰਧਿਤ ਹਨ। ਕਚਿਹਰੀ ਵਿੱਚ ਨਿਗਾਹ ਮਾਰ ਲਉ, ਹਰ ਪਾਸੇ ਇਹੀ ਜਮਾਤ ਦਿਖਾਈ ਦੇਂਦੀ ਹੈ। ਕਾਰੋਬਾਰੀ ਲੋਕ ਬਿਲਕੁਲ ਵੀ ਕਿਸੇ ਤਰਾਂ ਦੀ ਮੁਕੱਦਮੇਬਾਜ਼ੀ ਵਿੱਚ ਨਹੀਂ ਪੈਂਦੇ। ਸੇਠਾਂ ਨੇ ਜੱਦੀ ਜਾਇਦਾਦ ਦੀ ਵੰਡ ਕਰਨੀ ਹੋਵੇ ਤਾਂ ਗੁਆਂਢੀਆਂ ਨੂੰ ਵੀ ਪਤਾ ਨਹੀਂ ਲੱਗਦਾ। ਅੰਦਰ ਵੜ ਕੇ ਤੱਕੜੀਆਂ ਨਾਲ ਸੋਨਾ ਤੋਲ ਕੇ ਵੰਡੀਆਂ ਪਾ ਲੈਂਦੇ ਹਨ। ਵਪਾਰੀ ਦੀ ਬਜ਼ਾਰ ਵਿੱਚ ਇੱਕ ਦੁਕਾਨ ਹੋਵੇ ਤਾਂ ਦੋ ਪੁੱਤਰ ਪੈਦਾ ਹੋਣ 'ਤੇ ਦੋ ਹੋ ਜਾਂਦੀਆਂ ਹਨ, ਪਰ ਕਿਸਾਨ ਦੀ 10 ਕਿੱਲੇ ਜ਼ਮੀਨ ਹੋਵੇ ਤਾਂ ਵੰਡ ਕੇ 5-5 ਕਿੱਲੇ ਰਹਿ ਜਾਂਦੀ ਹੈ। ਜੇ ਕਿਤੇ ਸੇਠਾਂ ਵਿੱਚ ਮਾਰ ਕੁੱਟ ਹੋ ਵੀ ਜਾਵੇ ਤਾਂ ਮੁਹੱਲੇ ਬਰਾਦਰੀ ਵਾਲੇ ਹੀ ਝੱਟ ਰਾਜ਼ੀਨਾਮਾ ਕਰਵਾ ਦੇਂਦੇ ਹਨ ਕਿ ਅਸੀਂ ਨਹੀਂ ਲੜਨਾ, ਅਸੀਂ ਤਾਂ ਵਪਾਰੀ ਬੰਦੇ ਹਾਂ। ਕਿਸਾਨਾਂ ਵਿੱਚ ਪੁਸ਼ਤੈਨੀ ਜਾਇਦਾਦ ਦੀ ਵੰਡ ਹੋਣੀ ਹੋਵੇ ਤਾਂ ਸਾਰਾ ਪਿੰਡ ਤਮਾਸ਼ਾ ਵੇਖਦਾ ਹੈ। ਕੋਈ ਕਹੇਗਾ ਇਹ ਵੱਡਾ ਸੀ, ਇਹ ਸਾਰਾ ਘਰ ਖਾ ਗਿਆ। ਦੂਸਰਾ ਕਹੇਗਾ ਇਹ ਛੋਟਾ ਸੀ, ਪਿਉ ਦਾ ਪਿਆਰਾ ਸੀ, ਇਹ ਖਾ ਗਿਆ।

ਕਿਸਾਨ ਤੇ ਮਜ਼ਦੂਰ ਭਾਈਚਾਰਾ ਮੁਕੱਦਮਿਆਂ ਵਿੱਚ ਬਰਬਾਦ ਹੋ ਰਿਹਾ ਹੈ। ਜੇ ਕਿਤੇ ਕੋਈ ਪੁਲਿਸ ਵਾਲਾ ਪਾਰਟੀਆਂ ਨੂੰ ਹਮਦਰਦੀ ਕਰ ਕੇ ਝਗੜੇ ਦਾ ਰਾਜ਼ੀਨਾਮਾ ਕਰਨ ਦੀ ਸਲਾਹ ਦੇ ਬੈਠੇ ਤਾਂ ਉਸੇ ਵੇਲੇ ਆਪਣੇ ਸਿਫਾਰਸ਼ੀ ਕੋਲ ਸ਼ਿਕਾਇਤ ਕਰ ਦੇਣਗੇ ਕਿ ਅਫਸਰ ਤਾਂ ਸਾਡੀ ਸੁਣਦਾ ਹੀ ਨਹੀਂ, ਸ਼ਰੇਆਮ ਦੂਸਰੀ ਪਾਰਟੀ ਦੀ ਮਦਦ ਕਰ ਰਿਹਾ ਹੈ। ਅੱਜ ਪੰਜਾਬ ਵਿੱਚ ਕਿਸਾਨਾਂ ਅਤੇ ਮਜ਼ਦੂਰਾਂ ਦੀ ਜੋ ਆਰਥਿਕ ਹਾਲਤ ਹੈ, ਉਹ ਸਾਰਾ ਜੱਗ ਜਾਣਦਾ ਹੈ। ਪਰ ਇਹ ਫਜ਼ੂਲ ਦੇ ਮੁਕੱਦਮੇ ਲਈ ਵਕੀਲ ਨੂੰ ਪੰਜ ਸੱਤ ਹਜ਼ਾਰ ਦੇਣ ਲੱਗਿਆਂ ਮਿੰਟ ਲਾਉਂਦੇ ਹਨ, ਭਾਵੇਂ ਕਰਜ਼ਾ ਚੁੱਕਣਾ ਪਵੇ।

ਅਜਿਹਾ ਹੀ ਇੱਕ ਕੇਸ ਕਈ ਸਾਲ ਪਹਿਲਾਂ ਮੇਰੇ ਕੋਲ ਆਇਆ ਸੀ। ਇੱਕ ਪਿੰਡ ਵਿੱਚ ਕਿਸਾਨ ਦੀ ਰਾਤ ਦੀ ਨਹਿਰੀ ਪਾਣੀ ਦੀ 2-3 ਘੰਟੇ ਦੀ ਵਾਰੀ ਸੀ। ਉਸ ਵਿਹਲੜ ਨੇ ਆਪ ਮਿਹਨਤ ਕਰਨ ਦੀ ਬਜਾਏ ਪਾਣੀ ਲਾਉਣ ਲਈ ਇੱਕ ਮਜ਼ਦੂਰ ਨਾਲ 200 ਰੁ. ਵਿੱਚ ਗੱਲ ਮੁਕਾ ਲਈ।



ਪਹਿਲਾਂ ਤਾਂ ਉਹ ਤੇਲ ਫੂਕ ਕੇ ਮਜ਼ਦੂਰ ਨੂੰ ਮੋਟਰ ਸਾਇਕਲ 'ਤੇ ਬਿਠਾ ਕੇ ਖੇਤਾਂ ਵਿੱਚ ਲੈ ਕੇ ਗਿਆ ਜਿੱਥੇ ਸਰਦੀ ਕਾਰਨ ਗਰਮ ਹੋਣ ਲਈ ਦੋਵਾਂ ਨੇ ਸ਼ਰਾਬ ਪੀਤੀ। ਕਿਸਾਨ ਦੇ 2-4 ਪੈੱਗ ਪਹਿਲਾਂ ਹੀ ਲੱਗੇ ਹੋਏ ਸਨ, ਉਸ ਨੇ ਮਜ਼ਦੂਰ ਨਾਲ ਰਲ ਕੇ ਅੱਧੀ ਕੁ ਬੋਤਲ ਹੋਰ ਖਿਚ ਲਈ। ਸ਼ਰਾਬ ਪੀਂਦੇ ਪੀਂਦੇ ਦੋਵੇਂ ਕਿਸੇ ਗੱਲੋਂ ਝਗੜ ਪਏ ਤੇ ਰੱਜ ਕੇ ਛਿੱਤਰੋ ਛਿੱਤਰੀ ਹੋਏ। ਮਜ਼ਦੂਰ ਨੇ ਮਜ਼ਦੂਰੀ ਪਹਿਲਾਂ ਹੀ ਲੈ ਲਈ ਸੀ, ਉਹ ਬਿਨਾਂ ਪਾਣੀ ਲਗਾਏ ਆਪਣੇ ਘਰ ਜਾ ਵੜਿਆ।

ਕਿਸਾਨ ਦੇ ਥੋੜ੍ਹੀ ਬਹੁਤ ਸੱਟ ਲੱਗ ਗਈ ਤੇ ਕੁੱਝ ਉਹ ਖੁਦ ਮਾਰ ਕੇ ਹਸਪਤਾਲ ਦਾਖਲ ਹੋ ਗਿਆ। ਦੋਵਾਂ ਧਿਰਾਂ ਨਾਲ ਖਾਣ ਪੀਣ ਦੇ ਸ਼ੁਕੀਨ ਕੁੱਝ ਸਵੈ ਘੋਸ਼ਿਤ ਜਾਤੀਵਾਦੀ ਹਮਦਰਦ ਜੁੜ ਗਏ। ਕਿਸਾਨ ਥਾਣੇ ਦਰਖਾਸਤ ਦੇ ਆਇਆ ਕਿ ਮਜ਼ਦੂਰ ਨੇ ਮੈਨੂੰ ਸੱਟਾਂ ਮਾਰੀਆਂ ਹਨ ਤੇ ਮੇਰੇ ਪੈਸੇ ਖੋਹ ਕੇ ਭੱਜ ਗਿਆ ਹੈ। ਦੋ ਚਾਰ ਸੱਚੀਆਂ ਝੂਠੀਆਂ ਗੱਲਾਂ ਨਾਲ ਹੋਰ ਜੋੜ ਲਈਆਂ। ਉਸ ਨੂੰ ਸਾਥੀਆਂ ਨੇ ਭੜਕਾ ਦਿੱਤਾ ਕਿ ਮਜ਼ਦੂਰ ਦੀ ਕਿਵੇਂ ਜੁਰਤ ਪੈ ਗਈ ਤੇਰੇ ਗਲ ਪੈਣ ਦੀ? ਇਸ ਨੂੰ ਸਬਕ ਸਿਖਾਉਣਾ ਜਰੂਰੀ ਹੈ ਤਾਂ ਜੋ ਬਾਕੀਆਂ ਨੂੰ ਵੀ ਕੰਨ ਹੋ ਜਾਣ ਤੇ ਹੋਰ ਕੋਈ ਅਜਿਹੀ ਹਿੰਮਤ ਨਾ ਕਰੇ। ਦੂਸਰੇ ਪਾਸੇ ਮਜ਼ਦੂਰ ਦੇ ਸਲਾਹਕਾਰਾਂ ਨੇ ਵੀ ਉਸ ਨੂੰ ਸਲਾਹ ਦੇ ਕੇ ਥਾਣੇ ਦਰਖਾਸਤ ਦਿਵਾ ਦਿੱਤੀ ਕਿ ਕਿਸਾਨ ਨੇ ਉਸ ਦੀ ਜ਼ਾਤ ਦੇ ਖਿਲਾਫ ਅਪਸ਼ਬਦ ਬੋਲੇ ਹਨ। ਥਾਣੇ ਵਾਲਿਆਂ ਨੂੰ ਪਤਾ ਸੀ ਕਿ ਦੋਵੇਂ ਧਿਰਾਂ ਝੂਠ ਬੋਲ ਰਹੀਆਂ ਹਨ, ਉਹਨਾਂ ਨੇ ਕੋਈ ਕਾਰਵਾਈ ਨਾ ਕੀਤੀ। ਇਸ ਲਈ ਦਰਖਾਸਤ ਘੁੰਮਣ ਘੇਰੀ ਵਿੱਚ ਫਸ ਗਈ ਤੇ ਕਿਸੇ ਤਣ ਪੱਤਣ ਨਾ ਲੱਗੀ। ਦੋਵੇਂ ਧਿਰਾਂ ਮੁਕੱਦਮਾ ਦਰਜ ਕਰਾਉਣ ਲਈ ਬਜ਼ਿੱਦ ਸਨ। ਆਖਰ ਘੁੰਮਦੇ ਘੁਮਾਉਂਦੇ ਉਹ ਦਰਖਾਸਤ ਐਸ.ਐਸ.ਪੀ. ਸਾਹਿਬ ਦੇ ਦਫਤਰੋਂ ਮੈਨੂੰ ਮਾਰਕ ਹੋ ਗਈ।

ਨਿਸ਼ਚਿਤ ਤਾਰੀਖ 'ਤੇ ਦੋਵੇਂ ਧਿਰਾਂ ਮੇਰੇ ਦਫਤਰ ਪਹੁੰਚ ਗਈਆਂ। ਨਾਲ ਦਸ-ਦਸ ਪੰਦਰਾਂ-ਪੰਦਰਾਂ ਸਮਰਥਕ ਸਨ। ਉਹ ਆਪੋ ਆਪਣੇ ਬੰਦੇ ਦੇ ਹੱਕ ਵਿੱਚ ਕਾਰਵਾਈ ਕਰਾਉਣ ਲਈ ਦਬਾਅ ਪਾਉਣ ਲੱਗੇ। ਮੈਂ ਮਹਿਸੂਸ ਕੀਤਾ ਕਿ ਕਿਸਾਨ ਅਤੇ ਮਜ਼ਦੂਰ ਦੋਵੇਂ ਸਮਰਥਕਾਂ ਹੱਥੋਂ ਔਖ ਪਏ ਸਨ ਪਰ ਪਾਰਟੀ ਬਾਜ਼ੀ ਕਾਰਨ ਪਿੱਛੇ ਨਹੀਂ ਸਨ ਹਟ ਸਕਦੇ। ਮੈਂ ਸਾਰੇ ਕਥਿਤ ਮੋਹਤਬਰਾਂ ਨੂੰ ਦਫਤਰ ਵਿੱਚੋਂ ਬਾਹਰ ਕੱਢ ਕੇ ਦੋਵਾਂ ਨੂੰ ਕੁਰਸੀਆਂ 'ਤੇ ਬਿਠਾ ਲਿਆ।

ਮੈਂ ਕਿਸਾਨ ਨੂੰ ਪੁੱਛਿਆ ਕਿ ਤੇਰੀ ਕਿੰਨੀ ਜ਼ਮੀਨ ਹੈ? ਉਸ ਨੇ ਦੱਸਿਆ ਕਿ 10 ਏਕੜ। ਮੈਂ ਫਿਰ ਪੁੱਛਿਆ ਕਿ ਉਸ ਦੇ ਲੜਕੇ ਕਿੰਨੇ ਹਨ ਤੇ ਕਿਸ ਉਮਰ ਦੇ ਹਨ? ਉਸ ਨੇ ਦੱਸਿਆ ਕਿ ਦੋ ਹਨ ਤੇ 19-20 ਸਾਲ ਦੇ ਹਨ। ਮੈਂ ਕਿਸਾਨ ਨੂੰ ਖਿਝ ਕੇ ਪਿਆ ਕਿ ਤੂੰ ਵੀ 50-55 ਸਾਲ ਦਾ ਤੇ ਹੱਟਾ ਕੱਟਾ ਹੈਂ, ਦੋ ਤੇਰੇ ਜਵਾਨ ਮੁੰਡੇ ਹਨ, ਤੁਸੀਂ ਪਾਣੀ ਦੀ ਵਾਰੀ ਆਪ ਨਹੀਂ ਸੀ ਲਗਾ ਸਕਦੇ? ਨਾਲੇ ਤੂੰ ਮਜ਼ਦੂਰੀ ਦਿੱਤੀ, ਨਾਲੇ ਸ਼ਰਾਬ ਪਿਆਈ ਤੇ ਨਾਲੇ ਕੁੱਟ ਖਾਧੀ। ਕਿਸਾਨ ਦੁਖੀ ਜਿਹਾ ਹੋ ਕੇ ਕਹਿਣ ਲੱਗਾ ਕਿ ਬੱਸ ਜੀ, ਮੱਤ ਹੀ ਮਾਰੀ ਗਈ ਸੀ। ਮੈਂ ਦੋਵਾਂ ਨੂੰ ਪੁੱਛਿਆ ਕਿ ਹੁਣ ਤੱਕ ਤੁਹਾਡਾ ਇਸ ਦਰਖਾਸਤ ਬਾਜ਼ੀ 'ਤੇ ਕਿੰਨਾ ਕੁ ਖਰਚਾ ਆ ਚੁੱਕਾ ਹੈ?

ਕਿਸਾਨ ਨੇ ਲਗਭਗ ਰੋਂਦੇ ਹੋਏ ਦੱਸਿਆ ਕਿ ਜਾਅਲੀ 325 ਬਣਾਉਣ, ਗੱਡੀਆਂ ਦੇ ਕਿਰਾਏ ਅਤੇ ਮੋਹਤਬਰਾਂ ਦੇ ਦਾਰੂ ਮੁਰਗੇ ਵਿੱਚ ਹੁਣ ਤੱਕ 50-60 ਹਜ਼ਾਰ ਫੂਕਿਆ ਜਾ ਚੁੱਕਾ ਹੈ। ਮੈਂ ਮਜ਼ਦੂਰ ਨੂੰ ਪੁਛਿਆ ਕਿ ਤੇਰਾ ਕਿੰਨਾ ਖਰਚਾ ਹੋਇਆ ਹੈ? ਉਸ ਨੇ ਵੀ ਬਹੁਤ ਦੁਖੀ ਮਨ ਨਾਲ ਦੱਸਿਆ ਕਿ ਕਿਸਾਨ ਦੇ 200 ਰੁ. ਉਸ ਨੂੰ 25-30 ਹਜ਼ਾਰ ਵਿੱਚ ਪੈ ਚੁੱਕੇ ਹਨ।

ਕਈ ਦਿਨਾਂ ਤੋਂ ਉਹ ਮਜ਼ਦੂਰੀ ਕਰਨ ਵੀ ਨਹੀਂ ਸੀ ਜਾ ਸਕਿਆ ਤੇ 25-30 ਦਿਹਾੜੀਆਂ ਖਰਾਬ ਹੋ ਚੁੱਕੀਆਂ ਸਨ। ਲੀਡਰ ਉਸ ਨੂੰ ਕਦੇ ਜਲੰਧਰ ਦਰਖਾਸਤ ਦੇਣ ਲੈ ਜਾਂਦੇ ਹਨ ਤੇ ਕਦੇ ਚੰਡੀਗੜ੍ਹ।

ਉਸ ਗਰੀਬ ਆਦਮੀ ਦੀ ਇਸ ਝਗੜੇ ਵਿੱਚ ਮੱਝ ਵੀ ਵਿਕ ਗਈ ਸੀ। ਮੈਂ ਦੋਵਾਂ ਨੂੰ ਦਬਕਾ ਮਾਰਿਆ, ਉਂਜਾਂ ਤਾਂ ਬਾਹਰ ਜਾ ਕੇ ਰਾਜ਼ੀਨਾਮਾ ਕਰ ਲਉ, ਨਹੀਂ ਮੈਂ ਦੋਵਾਂ 'ਤੇ ਬਣਦੇ ਕੇਸ ਦਰਜ ਕਰ ਦੇਣੇ ਹਨ। ਫਿਰ ਕਈ ਸਾਲ ਵਕੀਲਾਂ ਕਚਹਿਰੀਆਂ ਦੇ ਚੱਕਰ ਕੱਢਣੇ ਪੈਣਗੇ। ਇਹ ਵੀ ਸੁਣ ਲਉ ਕਿ ਤੁਹਾਡੇ ਕਥਿਤ ਹਮਦਰਦਾਂ ਨੇ ਰਾਜ਼ੀਨਾਮਾ ਨਹੀਂ ਜੇ ਹੋਣ ਦੇਣਾ।" ਦੋਵੇਂ ਸਿਰ ਸੁੱਟ ਕੇ ਬਾਹਰ ਚਲੇ ਗਏ ਤੇ 15 ਮਿੰਟਾਂ ਬਾਅਦ ਹੀ ਰਾਜ਼ੀਨਾਮਾ ਲਿਖ ਕੇ ਦੇ ਗਏ।

# ਕਾਂਗਰਸ ਪ੍ਰਧਾਨ ਖੜਗੇ ਵੱਲੋਂ ਨਵੀਂ ਕਾਂਗਰਸ ਵਰਕਿੰਗ ਕਮੇਟੀ ਦਾ ਗਠਨ

ਨਵੀਂ ਦਿੱਲੀ- ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਪਾਰਟੀ ਦੇ ਅਹਿਮ ਫੈਸਲੇ ਲੈਣ ਵਾਲੀ ਕਾਂਗਰਸ ਵਰਕਿੰਗ ਕਮੇਟੀ (ਸੀਡਬਲਿਊਸੀ) ਦਾ ਨਵੇਂ ਸਿਰੇ ਤੋਂ ਗਠਨ ਕਰਦਿਆਂ 84 ਮੈਂਬਰੀ ਟੀਮ 'ਚ ਸ਼ਸ਼ੀ ਥਰੂਰ ਅਤੇ ਆਨੰਦ ਸ਼ਰਮਾ ਸਮੇਤ ਨਾਰਾਜ਼ ਧੜੇ ਜੀ-23 ਦੇ ਕੁਝ ਆਗੂਆਂ ਨੂੰ ਵੀ ਸ਼ਾਮਲ ਕੀਤਾ ਹੈ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਪ੍ਰਤਿਭਾ ਸਿੰਘ ਨੂੰ ਇਸ ਅਹਿਮ ਕਮੇਟੀ 'ਚ ਸ਼ਾਮਲ ਕੀਤਾ ਗਿਆ ਹੈ। ਤਤਕਾਲੀ ਪ੍ਰਧਾਨ ਸੋਨੀਆ ਗਾਂਧੀ ਨੂੰ ਚਿੱਠੀ ਲਿਖਣ ਅਤੇ ਪਾਰਟੀ ਦੀ ਲੀਡਰਸ਼ਿਪ 'ਤੇ ਸਵਾਲ ਚੁੱਕਣ ਵਾਲੇ ਨਾਰਾਜ਼ ਧੜੇ ਦੇ 23 ਆਗੂਆਂ 'ਚ ਸ਼ਾਮਲ ਮੁਕੁਲ ਵਾਸਨਿਕ, ਆਨੰਦ ਸ਼ਰਮਾ ਅਤੇ ਥਰੂਰ ਨੂੰ ਵੀ ਨਵੀਂ ਸੀਡਬਲਿਊਸੀ 'ਚ ਰੈਗੂਲਰ ਮੈਂਬਰ ਬਣਾਇਆ ਗਿਆ ਹੈ। ਧੜੇ ਦੇ ਮਨੀਸ਼ ਤਿਵਾੜੀ ਅਤੇ ਵੀਰੱਪਾ ਮੋਇਲੀ ਨੂੰ ਸੀਡਬਲਿਊਸੀ 'ਚ ਪਰਮਾਨੈਂਟ ਇਨਵਾਇਟੀ ਬਣਾਇਆ ਗਿਆ ਹੈ। ਰਾਜਸਥਾਨ 'ਚ ਪਾਰਟੀ ਦੀ ਸਰਕਾਰ ਖ਼ਿਲਾਫ਼ ਬਗ਼ਾਵਤ ਕਰਨ ਅਤੇ ਬਾਅਦ 'ਚ ਉਪ ਮੁੱਖ ਮੰਤਰੀ ਦੇ ਅਹੁਦੇ ਤੋਂ ਹਟਾਏ ਗਏ ਸਚਿਨ ਪਾਇਲਟ ਨੂੰ ਵੀ ਨਵੀਂ ਕਾਂਗਰਸ ਵਰਕਿੰਗ ਕਮੇਟੀ ਦਾ ਮੈਂਬਰ ਬਣਾਇਆ ਗਿਆ ਹੈ। ਨਵੀਂ ਸੀਡਬਲਿਊਸੀ 'ਚ ਰਾਜਸਥਾਨ ਦੇ ਸਾਬਕਾ ਸੰਸਦ ਮੈਂਬਰ ਰਘੁਵੀਰ ਸਿੰਘ ਮੀਣਾ, ਜੈ ਪ੍ਰਕਾਸ਼ ਅਗਰਵਾਲ, ਦਿਨੇਸ਼ ਗੁੰਡੂ ਰਾਓ, ਐੱਚ ਕੇ ਪਾਟਿਲ, ਕੇ ਐੱਚ ਮੁਨਿਅੱਪਾ, ਪੀ ਐੱਲ ਪੂਨੀਆ, ਪ੍ਰਮੋਦ ਤਿਵਾੜੀ ਅਤੇ ਰਘੂ ਸ਼ਰਮਾ ਨੂੰ ਬਾਹਰ ਰੱਖਿਆ ਗਿਆ ਹੈ। ਗੁੰਡੂ ਰਾਓ, ਮੁਨਿਅੱਪਾ ਅਤੇ ਪਾਟਿਲ ਕਰਨਾਟਕ 'ਚ ਕਾਂਗਰਸ ਸਰਕਾਰ 'ਚ ਮੰਤਰੀ ਹਨ। ਮਹਾਰਾਸ਼ਟਰ ਦੇ ਸਾਬਕਾ ਮੁੱਖ ਮੰਤਰੀ ਅਸ਼ੋਕ ਰਾਓ ਚਵਾਨ, ਐੱਨ ਰਘੁਵੀਰਾ ਰੈੱਡੀ, ਤਾਮਰ ਧਵੱਜ ਸਾਹੂ, ਦੀਪ ਦਾਸ ਮੁਨਸ਼ੀ, ਸਈਦ ਨਸੀਰ ਹੁਸੈਨ, ਮਹੇਂਦਰਜੀਤ ਸਿੰਘ ਮਾਲਵੀਆ, ਜੀ ਏ ਮੀਰ, ਗੌਰਵ ਗੋਗੋਈ ਅਤੇ ਜਗਦੀਸ਼ ਠਾਕੋਰ ਨੂੰ ਰੈਗੂਲਰ ਮੈਂਬਰ ਵਜੋਂ ਸ਼ਾਮਲ ਕੀਤਾ ਗਿਆ ਹੈ। ਸੀਡਬਲਿਊਸੀ 'ਚ ਪਰਮਾਨੈਂਟ ਇਨਵਾਇਟੀ ਵਜੋਂ ਕਨ੍ਹੱਈਆ ਕੁਮਾਰ, ਮੋਹਨ ਪ੍ਰਕਾਸ਼, ਕੇ ਰਾਜੂ, ਚੰਦਰਕਾਂਤ ਹੰਡੋਰੇ, ਮੀਨਾਕਸ਼ੀ ਨਟਰਾਜਨ, ਫੂਲੋ ਦੇਵੀ ਨੇਤਾਮ, ਸੁਦੀਪ ਰੌਏ ਬਰਮਨ, ਦਾਮੋਦਰ ਰਾਜਾ ਨਰਸਿਮਹਾ, ਗੁਰਦੀਪ ਸੱਪਲ ਅਤੇ ਸਚਿਨ ਰਾਓ ਦੇ ਨਾਮ ਸ਼ਾਮਲ ਹਨ। ਵਿਸ਼ੇਸ਼ ਇਨਵਾਇਟੀ ਵਜੋਂ ਪੱਲਮ ਰਾਜੂ, ਪਵਨ ਖੇੜਾ, ਗਣੇਸ਼ ਗੋਡਿਆਲ, ਕੋਡੀਕੁਨਿਲ ਸੁਰੇਸ਼, ਯਸ਼ੋਮਤੀ ਠਾਕੁਰ, ਸੁਪ੍ਰਿਯਾ ਸ੍ਰੀਨੇਤ, ਪ੍ਰਨੀਤੀ ਸ਼ਿੰਦੇ, ਅਲਕਾ ਲਾਂਬਾ ਅਤੇ ਵਾਮਸ਼ੀ ਚੰਦ ਰੈੱਡੀ ਨੂੰ ਕਮੇਟੀ 'ਚ ਸ਼ਾਮਲ ਕੀਤਾ ਗਿਆ ਹੈ। ਸੀਡਬਲਿਊਸੀ ਦੇ ਪੱਕੇ ਮੈਂਬਰਾਂ 'ਚ ਮਲਿਕਾਰਜੁਨ ਖੜਗੇ, ਸੋਨੀਆ ਗਾਂਧੀ, ਮਨਮੋਹਨ ਸਿੰਘ, ਰਾਹੁਲ ਗਾਂਧੀ, ਅਧੀਰ ਰੰਜਨ ਚੌਧਰੀ, ਏ ਕੇ ਐਂਟਨੀ, ਅੰਬਿਕਾ ਸੋਨੀ, ਮੀਰਾ ਕੁਮਾਰ, ਦਿਗਵਿਜੈ ਸਿੰਘ, ਪੀ ਚਿਦੰਬਰਮ, ਤਾਰਿਕ ਅਨਵਰ, ਲਾਲ ਥਨਹਾਵਾਲਾ, ਮੁਕੁਲ ਵਾਸਨਿਕ, ਆਨੰਦ ਸ਼ਰਮਾ, ਅਸ਼ੋਕ ਰਾਓ ਚਵਾਨ, ਅਜੇ ਮਾਕਨ, ਚਰਨਜੀਤ ਸਿੰਘ ਚੰਨੀ, ਪ੍ਰਿਯੰਕਾ ਗਾਂਧੀ ਵਾਡਰਾ ਅਤੇ ਕੁਮਾਰੀ ਸ਼ੈਲਜਾ ਸ਼ਾਮਲ ਹਨ। ਇਸੇ ਤਰ੍ਹਾਂ ਐੱਨ ਰਘੁਵੀਰਾ ਰੈੱਡੀ, ਸ਼ਸ਼ੀ ਥਰੂਰ, ਤਾਮਰ ਧਵੱਜ ਸਾਹੂ, ਅਭਿਸ਼ੇਕ ਸਿੰਘਵੀ, ਸਲਮਾਨ ਖੁਰਸ਼ੀਦ, ਜੈਰਾਮ ਰਮੇਸ਼, ਜਿਤੇਂਦਰ ਸਿੰਘ, ਰਣਦੀਪ ਸੁਰਜੇਵਾਲਾ, ਸਚਿਨ ਪਾਇਲਟ, ਦੀਪ ਦਾਸ ਮੁਨਸ਼ੀ, ਮਹੇਂਦਰਜੀਤ ਸਿੰਘ ਮਾਲਵੀਆ, ਗੌਰਵ ਗੋਗੋਈ, ਸਈਦ ਨਸੀਰ ਹੁਸੈਨ, ਕਮਲੇਸ਼ਵਰ ਪਟੇਲ ਅਤੇ ਕੇ ਸੀ ਵੇਣੂਗੋਪਾਲ ਵੀ ਮੈਂਬਰ ਬਣਾਏ ਗਏ ਹਨ।

# ਦਸਮ ਪਾਤਸ਼ਾਹ ਹਜ਼ੂਰ ਦਾ ਪਾਰ-ਇਤਿਹਾਸਕ ਪ੍ਰਸੰਗ

(ਸਫਾ 16 ਦੀ ਬਾਕੀ)

ਵਾਪਰਦਾ ਹੈ। ਕਈ ਵਾਰ ਤਾਂ ਇਤਿਹਾਸ ਵਲੋਂ ਸਿਰਫ ਇਕ ਪਹਿਲੂ ਹੀ ਪੇਸ਼ ਕੀਤਾ ਜਾਂਦਾ ਹੈ।

ਇਨ੍ਹੀਂ ਦਿਨੀਂ ਸਿੱਖ ਮਸਲੇ ਵੀ ਇਸੇ ਤਰ੍ਹਾਂ ਦੇ ਸੰਕਟ ਵਿਚੋਂ ਲੰਘ ਰਹੇ ਹਨ। ਪੰਜ ਪਿਆਰੇ, ਤਖਤ ਜਥੇਦਾਰ, ਅਕਾਲ ਤਖਤ ਸਾਹਿਬ ਅਤੇ ਗੁਰਮਤਾ ਆਦਿ ਦੀ ਸਮਕਾਲੀ ਤੇ ਇਤਿਹਾਸਕ ਭੂਮਿਕਾ ਮਿੱਥਣ ਦੀ ਕਸ਼ਮਕਸ਼ ਚੱਲ ਰਹੀ ਹੈ। ਸਿੱਖ ਭਾਈਚਾਰਾ ਇਤਿਹਾਸ ਨੂੰ ਸਿੱਖ-ਸੁਰ ਵਿਚ ਲਿਖਣ ਵੱਲ ਲਗਾਤਾਰ ਅਹੁਲਦਾ ਰਿਹਾ ਹੈ। ਭਾਰਤ ਦੇ ਇਤਿਹਾਸ ਨੂੰ ਵੀ ਹਿੰਦੂਤਵ ਦੀ ਦ੍ਰਿਸ਼ਟੀ ਤੋਂ ਲਿਖੇ ਜਾਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਇਤਿਹਾਸ ਨੂੰ ਫਿਰ ਤੋਂ ਲਿਖਣ ਦੀਆਂ ਵਿਚਾਰਾਂ ਦੀਆਂ ਜੜ੍ਹਾਂ ਸਦਾ ਹੀ ਸਿਆਸਤ ਵਿਚ ਲੱਗੀਆਂ ਰਹੀਆਂ ਹਨ। ਇਸੇ ਕਰਕੇ ਸਿੱਖਾਂ ਵੱਲੋਂ ਲਿਖੇ ਗਏ ਸਿੱਖ ਇਤਿਹਾਸ ਨਾਲ ਵੀ ਸਾਰੇ ਸਿੱਖਾਂ ਦੀ ਸਹਿਮਤੀ ਨਹੀਂ ਹੈ। ਦਸਮ ਪਾਤਸ਼ਾਹ ਬਾਰੇ ਪ੍ਰਾਪਤ ਇਤਿਹਾਸਕ ਹਵਾਲਿਆਂ ਦੇ ਦੁਹਰਾਉ ਨਾਲ ਗੁਰਪੁਰਬ ਵੀ ਮੇਲਿਆਂ ਵਾਂਗ ਮਨਾਏ ਜਾਣ ਲੱਗ ਪਏ ਹਨ। ਇਹ ਰਾਹ ਧਾਰਕ ਹੋਣ ਦੀ ਸਿੱਖ ਵਿਧੀ ਦੀ ਥਾਂ, ਪੂਜਕ ਹੋਣ ਦੀ ਪਰੰਪਰਕ ਵਿਧੀ ਵੱਲ ਜਾਂਦਾ ਹੈ ਅਤੇ ਸਿੱਖੀ ਦਾ ਉਹ ਰਾਹ ਰੋਕਦਾ ਹੈ, ਜਿਸ ਨਾਲ ਸਿੱਖ-ਧਰਮ ਨੇ ਕਿਸੇ ਵੀ ਸਮਕਾਲ ਦੇ ਹਾਣ ਦੀ ਚੇਤਨ-ਪ੍ਰਚੰਡਤਾ ਨੂੰ ਸਾਹਮਣੇ ਲਿਆਉਣ ਦੀ ਬਚਨਬਧਤਾ ਨਿਭਾਉਣੀ ਹੈ।

ਕਿਸੇ ਵੀ ਸਮਕਾਲ ਦੀ ਪ੍ਰਧਾਨ ਸੁਰ ਦੁਆਰਾ ਸਮਾਜਿਕ-ਮਾਨਸਿਕਤਾ ਪ੍ਰਭਾਵਿਤ ਹੁੰਦੀ ਰਹਿੰਦੀ ਹੈ ਅਤੇ ਇਸੇ ਨੂੰ ਲੈ ਕੇ ਧਰਮ ਤੇ ਸਿਆਸਤ, ਇਕ ਦੂਜੇ ਨੂੰ ਵੇਲ੍ਹ ਕਰਨ ਦੇ ਰਾਹ ਪਏ ਰਹਿੰਦੇ ਹਨ। ਇਸੇ ਵਿਚੋਂ ਨਿਕਲਣ ਦੇ ਵਰਤਾਰੇ ਨਾਲ ਨਿਭਣ ਦਾ ਮਾਨਸਿਕ-ਉਸਾਰ ਸਿੱਖ ਧਰਮ ਨਾਲ ਸਾਹਮਣੇ ਆ ਗਿਆ ਸੀ। ਇਸੇ ਨੂੰ ਧਿਆਨ ਵਿਚ ਰੱਖ ਕੇ ਦਸਮ ਪਾਤਸ਼ਾਹ ਦੀ ਪਾਰ-ਇਤਿਹਾਸਕ ਭੂਮਿਕਾ ਬਾਰੇ ਚਰਚਾ ਕੀਤੀ ਜਾ ਰਹੀ ਹੈ। ਪੱਛਮੀ ਸੁਰ ਵਿਚ ਚਰਚਾ ਵਿਗਿਆਨ ਅਤੇ ਧਰਮ 'ਚ ਹੁੰਦੀ ਰਹੀ ਹੈ। ਪੂਰਬੀ ਸੁਰ ਵਿਚ ਇਹੀ ਚਰਚਾ ਇਤਿਹਾਸ ਅਤੇ ਪਾਰ-ਇਤਿਹਾਸ ਵਿਚ ਹੋਣੀ ਚਾਹੀਦੀ ਹੈ। ਸਿੱਖ ਧਰਮ ਦੇ ਹਵਾਲੇ ਨਾਲ ਇਸ ਪਾਸੇ ਤੁਰਿਆ ਜਾ ਸਕਦਾ ਹੈ।

ਦਸਮ ਪਾਤਸ਼ਾਹ ਦਾ ਪੰਥਕ-ਮਾਡਲ, ਗੁਰੂ ਨਾਨਕ ਦੇਵ ਜੀ ਦੇ ਸੰਗਤੀ-ਮਾਡਲ ਦੀ ਨਿਰੰਤਰਤਾ ਵਿਚ ਹੈ ਅਤੇ ਇਨ੍ਹਾਂ ਦੋਹਾਂ ਨੂੰ ਇਕ ਦੂਜੇ ਦੀ ਇਤਿਹਾਸਕਤਾ ਦੀ ਥਾਂ ਇਕ ਦੂਜੇ ਦੀ ਪਾਰ-ਇਤਿਹਾਸਕਤਾ ਵਜੋਂ ਵੇਖੇ ਅਤੇ ਪਰਖੇ ਜਾਣ ਦੀ ਲੋੜ ਹੈ। ਇਹ ਦੋਵੇਂ ਮਾਡਲ, ਇਕੋ ਹੀ ਜੋਤਿ ਅਤੇ ਇਕੋ ਹੀ ਜੁਗਤਿ ਨਾਲ ਜੁੜੇ ਹੋਏ ਹਨ ਅਤੇ ਇਸ ਵੇਲੇ ਇਕ ਦੂਜੇ ਦੀ ਪੂਰਕਤਾ ਵਿਚ ਸਿੱਖ-ਵਰਤਾਰੇ ਵਜੋਂ ਪ੍ਰਗਟ ਹੁੰਦੇ ਆ ਰਹੇ ਹਨ। ਇਹ ਦੋਵੇਂ ਹੀ ਸੰਪੂਰਨ ਜੀਵਨ ਦੇ ਸਿੱਖ-ਉਸਾਰ ਵਿਚ ਸਹਾਈ ਹੁੰਦੇ ਆਏ ਹਨ। ਸੰਪੂਰਨ ਜੀਵਨ ਜਿਊਣ ਦੇ ਜੋ ਆਧਾਰ ਸਿੱਖ-ਧਰਮ ਨਾਲ ਸਾਹਮਣੇ ਆਏ ਸਨ, ਉਨ੍ਹਾਂ ਨੂੰ ਅਮਲ 'ਚ ਉਤਾਰਨ ਵਾਸਤੇ ਜੋ ਵਿਧੀਆਂ ਸਾਹਮਣੇ ਆਈਆਂ ਹਨ, ਉਨ੍ਹਾਂ ਪਿੱਛੇ ਸਿਧਾਂਤ ਇਹੀ ਕੰਮ ਕਰ ਰਿਹਾ ਹੈ ਕਿ ਪ੍ਰਾਪਤ ਵਿਭਿੰਨਤਾ ਵਿਚਕਾਰ ਸਹਿਜ ਸਥਾਪਤ ਕਰਨਾ ਹੈ। ਵਿਭਿੰਨਤਾ ਨਾਲ ਜੁੜੇ ਸਰੋਕਾਰਾਂ 'ਚੋਂ ਹੀ ਇਕ, ਮੀਰੀ ਤੇ ਪੀਰੀ ਦਾ ਸਿਧਾਂਤ ਹੈ ਜਿਸ ਦਾ ਪ੍ਰਗਟਾਵਾ ਸਿੱਖ ਇਤਿਹਾਸ ਰਾਹੀਂ ਸਾਹਮਣੇ ਆਉਂਦਾ ਰਿਹਾ ਹੈ, ਉਸ ਨਾਲ ਸਿਧਾਂਤ ਉਤੇ ਇਤਿਹਾਸ ਹਾਵੀ ਹੁੰਦਾ ਰਿਹਾ ਹੈ। ਇਤਿਹਾਸ ਦੀ ਸੀਮਾ ਵਿਚ ਮੀਰੀ ਅਤੇ ਪੀਰੀ ਦੀ ਸਿਧਾਂਤਕਤਾ ਨੂੰ ਸਮਕਾਲੀ ਲੋੜਾਂ ਦੀ ਪੂਰਤੀ ਲਈ ਵਰਤਿਆ ਜਾਂਦਾ ਰਿਹਾ ਹੈ ਅਤੇ ਇਸ ਨਾਲ ਮੀਰੀ ਤੇ ਪੀਰੀ ਦੀ ਇਕਸੁਰਤਾ ਭੰਗ ਹੁੰਦੀ ਰਹੀ ਹੈ। ਮੀਰੀ ਤੇ ਪੀਰੀ, ਸਿੱਖ-ਸਮਾਜਿਕਤਾ ਦੇ ਵਹਿਣ ਦੇ ਦੋ ਕੰਢੇ ਰਹੇ ਹਨ ਅਤੇ ਸਮਾਜਿਕਤਾ ਦੇ ਇਸ ਵਹਿਣ ਨੂੰ ਸੇਧ ਵਿਚ ਰਖਣ ਲਈ ਇਨ੍ਹਾਂ ਦੋਹਾਂ ਕੰਢਿਆਂ ਦੀ ਵਰਤੋਂ ਹੁੰਦੀ ਰਹੀ ਹੈ। ਛੇਵੇਂ ਪਾਤਸ਼ਾਹ ਨੇ ਸਿੱਖ ਪ੍ਰਸੰਗ ਵਿਚ ਪ੍ਰਾਪਤ ਭਗਤੀ ਅਤੇ ਸ਼ਕਤੀ ਦੇ ਸੰਕਲਪੀ ਸਹਿਜ ਦੇ ਅਮਲ ਨੂੰ ਮੀਰੀ ਤੇ ਪੀਰੀ ਰਾਹੀਂ ਪ੍ਰਗਟ ਕੀਤਾ ਸੀ ਤੇ ਇਸੇ ਦਾ ਸੰਸਥਾਈ ਆਧਾਰ ਅਕਾਲ ਤਖਤ ਰਾਹੀਂ ਪ੍ਰਗਟ ਕੀਤਾ ਸੀ। ਇਹੀ ਦਸਮ ਪਾਤਸ਼ਾਹ ਨੇ ਸੰਤ ਅਤੇ ਸਿਪਾਹੀ ਵਜੋਂ ਪ੍ਰਗਟ ਕੀਤਾ ਸੀ। ਇਹ ਤਿੰਨੇ, ਭਗਤੀ ਤੇ ਸ਼ਕਤੀ, ਮੀਰੀ ਤੇ ਪੀਰੀ ਅਤੇ ਸੰਤ ਤੇ ਸਿਪਾਹੀ, ਇਤਿਹਾਸਕ ਪ੍ਰਸੰਗ ਵਿਚ ਵੱਖ ਵੱਖ ਸਮਿਆਂ ਦੀ ਪੈਦਾਇਸ਼ ਹਨ ਅਤੇ ਆਪਣੇ ਆਪਣੇ ਪ੍ਰਸੰਗ ਵਿਚ ਵੱਖਰੀ ਵੱਖਰੀ ਭੂਮਿਕਾ ਨਿਭਾਉਂਦੇ ਵੀ ਨਜ਼ਰ ਆਉਂਦੇ ਹਨ। ਪਰ ਪਾਰ-ਇਤਿਹਾਸਕ ਪ੍ਰਸੰਗ ਵਿਚ ਤਿੰਨੋ ਇਕੋ ਜੀ ਜੋਤਿ ਅਤੇ ਜੁਗਤਿ ਦੀ ਪ੍ਰਤੀਨਿਧਤਾ ਕਰਦੇ ਹਨ। ਇਨ੍ਹਾਂ ਦੀ ਅੰਤਰ ਸਬੰਧਤਾ ਨੂੰ ਪਾਰ ਇਤਿਹਾਸਕ ਸੁਰ ਵਿਚ ਹੀ ਫੜਿਆ ਜਾ ਸਕਦਾ ਹੈ। ਇਸੇ ਨੂੰ ਦਸਮ ਪਾਤਸ਼ਾਹ ਦੇ ਹਵਾਲੇ ਨਾਲ ਸਮਝਣ ਅਤੇ ਸਮਝਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਸਿੱਖ ਇਤਿਹਾਸ ਵਿਚ ਗਰੀਬ ਸਿੱਖਾਂ ਦੀ ਪਾਤਸ਼ਾਹੀ ਦੀ ਗੱਲ ਵੀ ਕੀਤੀ ਹੋਈ ਹੈ ਅਤੇ ਇਸ ਨਾਲ ਆਮ ਬੰਦੇ ਲਈ ਸੰਪੂਰਨ ਜੀਵਨ ਵਾਲੇ ਸਿੱਖ-ਧਰਮ ਦੀ ਸਿੱਖ ਵਿਧੀ ਸਾਹਮਣੇ ਆ ਗਈ ਹੈ। ਪੰਜਾਂ ਪਿਆਰਿਆਂ ਨਾਲ ਵੀ ਇਹੀ ਮਾਡਲ ਸਾਹਮਣੇ ਆਇਆ ਸੀ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੀ ਭੂਮਿਕਾ ਨਾਲ ਵੀ ਇਹੀ ਮਾਡਲ ਸਾਹਮਣੇ ਆਇਆ ਸੀ।

ਵਰਤਮਾਨ ਵਿਚ ਧਰਮ ਦੇ ਨਾਂ 'ਤੇ ਹੋ ਰਹੀ ਰਾਜਨੀਤੀ ਨੂੰ ਸਿੱਖ ਸਿਆਸਤਦਾਨਾਂ ਨੇ ਮੀਰੀ-ਪੀਰੀ ਨਾਲ ਜੋੜ ਕੇ ਜੋ ਅਰਥ ਕੱਢ ਲਏ ਹਨ, ਉਸ ਨਾਲ ਮੀਰੀ-ਪੀਰੀ ਦੇ ਸਿਧਾਂਤ ਦਾ ਪ੍ਰਸੰਗ ਵਿਗਾੜ ਸਾਹਮਣੇ ਆਉਣ ਲੱਗਾ ਹੈ। ਸਿੱਖ ਅਧਿਆਤਮ ਨਾਲੋਂ ਵਿਛੜ ਕੇ ਸਥਾਪਤ ਹੋਈ ਕਿਸੇ ਵੀ ਧਾਰਨਾ ਨੂੰ ਪ੍ਰਸੰਗ ਵਿਗਾੜ ਵੱਲ ਜਾਣ ਤੋਂ ਨਹੀਂ ਰੋਕਿਆ ਜਾ ਸਕਦਾ। ਇਸ ਕਰਕੇ ਅੰਸ਼ ਮੀਰੀ-ਪੀਰੀ ਵਰਗੀ ਸਹਿਜ ਸਥਾਪਨ ਦੀ ਸਿੱਖ-ਵਿਧੀ ਨੂੰ ਸਿੱਖ ਸਕਾਰਾਤਮਕਤਾ ਵੱਲ ਸੇਧਤ ਰੱਖਣ ਲਈ ਅਧਿਆਤਮ ਨਾਲ ਜੁੜੇ ਅਜਿਹੇ ਨੁਕਤੇ ਧਿਆਨ 'ਚ ਰੱਖਣੇ ਪੈਣਗੇ, ਜਿਨ੍ਹਾਂ ਨਾਲ ਸਿਧਾਂਤ ਦੇ ਕੋਮਲ ਪਹਿਲੂਆਂ ਨੂੰ ਪਾਰ-ਇਤਿਹਾਸਕ ਵਿਧੀ ਵਿਚ ਸਾਂਭਿਆ ਜਾ ਸਕਦਾ ਹੈ। ਅਜਿਹਾ ਨਹੀਂ ਕਰਾਂਗੇ ਤਾਂ ਇਸ ਸੱਚਾਈ ਨਾਲ ਕਿਵੇਂ ਨਿਭਾਂਗੇ ਕਿ ਦਸਮ ਪਾਤਸ਼ਾਹ ਦੇ ਜਨਮ ਸਮੇਂ ਵਾਪਰੀਆਂ ਘਟਨਾਵਾਂ ਅਤੇ ਉਨ੍ਹਾਂ ਘਟਨਾਵਾਂ ਨਾਲ ਜੁੜੇ ਦਿਭ-ਦ੍ਰਿਸ਼ਟੀ ਵਾਲੇ ਮਹਾਂਪੁਰਸ਼ਾਂ ਅਤੇ ਸਭਿਆਚਾਰ ਨਾਲ ਜੁੜੇ ਲੋਕਾਂ ਨੂੰ ਇਤਿਹਾਸ ਨਾ ਫੜ ਸਕਿਆ ਹੈ ਅਤੇ ਨਾ ਹੀ ਫੜ ਸਕਦਾ ਹੈ। ਮਿਸਾਲ ਵਜੋਂ ਭੀਖਣ ਸ਼ਾਹ ਫਕੀਰ, ਰੱਜੀ ਦਾਈ, ਜੋਤਸ਼ੀ ਅਤੇ ਮਾਮਾ ਕ੍ਰਿਪਾਲ ਵਰਗੇ ਪਾਤਰਾਂ ਨਾਲ ਜੁੜੇ ਕੋਮਲ ਵਰਤਾਰਿਆਂ ਨਾਲ ਜੋ ਸੱਚ ਸਾਹਮਣੇ ਆਉਂਦੇ ਰਹੇ ਹਨ, ਉਨ੍ਹਾਂ ਦੀ ਸੰਭਾਲ ਇਤਿਹਾਸਕਾਰਾਂ ਦੀਆਂ ਤਰਜੀਹਾਂ ਦਾ ਹਿੱਸਾ ਨਹੀਂ ਰਹੀ।

ਇਹੋ ਜਿਹੇ ਪਾਤਰ ਜੋ ਗੁਰੂ-ਦਿੱਭਤਾ ਨਾਲ ਜੁੜੇ ਹੋਏ ਸਨ, ਉਨ੍ਹਾਂ ਦੇ ਮੁਹੱਬਤੀ ਰਿਸ਼ਤਿਆਂ ਅਤੇ ਕੋਮਲ ਅਨੁਭਵਾਂ ਨੂੰ ਫੜਨ ਦੀ ਕੋਸ਼ਿਸ਼ ਹੀ ਨਹੀਂ ਹੋਈ। ਇਸੇ ਵਾਸਤੇ ਲੋੜ ਹੈ ਪਾਰ-ਇਤਿਹਾਸਕ ਦ੍ਰਿਸ਼ਟੀ ਦੀ।

# ਕੀ ਭਾਰਤ ਆਪਣਾ ਮਿੱਥਿਆ ਟੀਚਾ ਪ੍ਰਾਪਤ ਕਰ ਸਕੇਗਾ?



ਸੰਜੇ ਗੁਪਤ

ਸੁਤੰਤਰਤਾ ਦਿਵਸ ਦੇ ਅਵਸਰ ’ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲਾਲ ਕਿਲ੍ਹੇ ਦੀ ਫਸੀਲ ਤੋਂ ਆਪਣੇ ਸੰਬੋਧਨ ਵਿਚ ਸੁਭਾਵਿਕ ਤੌਰ ’ਤੇ ਆਪਣੀ ਸਰਕਾਰ ਦੀਆਂ ਉਪਲਬਧੀਆਂ ਦੱਸਣ ਦੇ ਨਾਲ ਹੀ ਵਿਕਸਤ ਭਾਰਤ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਅਸਰਦਾਰ ਰਸਤੇ ਦਾ ਵਿਸਥਾਰਪੂਰਵਕ ਜ਼ਿਕਰ ਕੀਤਾ।

ਪ੍ਰਧਾਨ ਮੰਤਰੀ ਕਿਉਂਕਿ ਆਪਣੀ ਸਰਕਾਰ ਦੇ ਦੂਜੇ ਕਾਰਜਕਾਲ ਵਿਚ ਅੰਤਿਮ ਵਾਰ ਸੁਤੰਤਰਤਾ ਦਿਵਸ ’ਤੇ ਦੇਸ਼ ਨੂੰ ਸੰਬੋਧਨ ਕਰ ਰਹੇ ਸਨ, ਇਸ ਲਈ ਉਨ੍ਹਾਂ ਦੇ ਭਾਸ਼ਣ ’ਤੇ ਦੇਸ਼-ਦੁਨੀਆ ਦੀਆਂ ਨਜ਼ਰਾਂ ਕੁਝ ਜ਼ਿਆਦਾ ਹੀ ਟਿਕੀਆਂ ਹੋਈਆਂ ਸਨ। ਲਾਲ ਕਿਲ੍ਹੇ ਤੋਂ ਪ੍ਰਧਾਨ ਮੰਤਰੀ ਦੇ ਸੰਬੋਧਨ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ ਕਿਉਂਕਿ ਇਸ ਨਾਲ ਸਰਕਾਰ ਦੀ ਭਾਵੀ ਦਿਸ਼ਾ-ਦਸ਼ਾ ਦੀ ਝਲਕ ਮਿਲਦੀ ਹੈ। ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਤੋਂ ਹੀ ਮੋਦੀ ਨੇ 2014 ਤੋਂ ਹੁਣ ਤਕ ਇਸ ਮੌਕੇ ’ਤੇ ਜੋ ਭਾਸ਼ਣ ਦਿੱਤੇ, ਉਹ ਕਈ ਮਹੱਤਵਪੂਰਨ ਐਲਾਨਾਂ ਲਈ ਜਾਣੇ ਜਾਂਦੇ ਹਨ।

ਇਸ ਵਾਰ ਵੀ ਪ੍ਰਧਾਨ ਮੰਤਰੀ ਨੇ ਆਪਣੇ ਸੰਬੋਧਨ ਨਾਲ ਦੇਸ਼ ਦੀ ਜਨਤਾ ਨੂੰ ਨਾ ਸਿਰਫ਼ ਪ੍ਰੇਰਿਤ ਕੀਤਾ ਬਲਕਿ ਇਹ ਭਰੋਸਾ ਵੀ ਦਿਵਾਇਆ ਕਿ ਭਾਰਤ ਸਹੀ ਦਿਸ਼ਾ ਵਿਚ ਅੱਗੇ ਵਧ ਰਿਹਾ ਹੈ। ਇਸ ਤੋਂ ਇਲਾਵਾ ਰਵਾਇਤੀ ਕੌਸ਼ਲ ਵਾਲਿਆਂ ਦੀ ਭਲਾਈ ਲਈ ਉਨ੍ਹਾਂ ਨੇ ਵਿਸ਼ਵਕਰਮਾ ਯੋਜਨਾ ਸ਼ੁਰੂ ਕਰਨ ਦਾ ਐਲਾਨ ਕੀਤਾ। ਇਹ ਇਕ ਮਹੱਤਵਪੂਰਨ ਯੋਜਨਾ ਹੈ। ਇਸ ਵਿਚ ਸ਼ੱਕ ਨਹੀਂ ਕਿ ਬੀਤੇ ਲਗਪਗ ਦਸ ਸਾਲਾਂ ਵਿਚ ਦੇਸ਼ ਨੇ ਕਈ ਖੇਤਰਾਂ ਵਿਚ ਬੇਮਿਸਾਲ ਤਰੱਕੀ ਕੀਤੀ ਹੈ। ਇਸ ਦਾ ਸਭ ਤੋਂ ਵੱਧ ਸਿਹਰਾ ਚੁਣੌਤੀਆਂ ਨਾਲ ਨਜਿੱਠਣ ਦੀ ਪ੍ਰਧਾਨ ਮੰਤਰੀ ਦੀ ਦ੍ਰਿੜ੍ਹ ਇੱਛਾ ਸ਼ਕਤੀ ਨੂੰ ਜਾਂਦਾ ਹੈ। ਇਹ ਉਨ੍ਹਾਂ ਦੀ ਸਮਰੱਥ ਅਗਵਾਈ ਦਾ ਹੀ ਨਤੀਜਾ ਹੈ ਕਿ ਦੇਸ਼ ਕੋਵਿਡ ਮਹਾਮਾਰੀ ਵਰਗੀ ਆਲਮੀ ਚੁਣੌਤੀ ਨਾਲ ਨਜਿੱਠ ਸਕਿਆ। ਉਸ ਕਠਿਨ ਦੌਰ ਵਿਚ ਜਦ ਵਿਸ਼ਵ ਦੇ ਸਾਰੇ ਅਰਥਚਾਰੇ ਢਹਿ-ਢੇਰੀ ਹੋ ਗਏ ਸਨ ਉਦੋਂ ਦੇਸ਼ ਦਾ ਅਰਥਚਾਰਾ ਉਮੀਦ ਮੁਤਾਬਕ ਸੰਭਲਿਆ ਰਿਹਾ।

ਅੱਜ ਭਾਰਤੀ ਅਰਥਚਾਰੇ ਵਿਚ ਜੋ ਤੇਜ਼ੀ ਦਿਸ ਰਹੀ ਹੈ, ਉਹ ਪੀਐੱਮ ਦੀਆਂ ਦੂਰਦਰਸ਼ੀ ਨੀਤੀਆਂ ਦਾ ਹੀ ਨਤੀਜਾ ਹੈ। ਆਪਣੇ ਸੰਬੋਧਨ ਵਿਚ ਉਨ੍ਹਾਂ ਨੇ ਦੇਸ਼ ਨੂੰ ਇਹ ਚੇਤੇ ਕਰਵਾਇਆ ਕਿ ਪਿਛਲੀਆਂ ਸਰਕਾਰਾਂ ਵਿਚ ਕਿਸ ਤਰ੍ਹਾਂ ਗ਼ਰੀਬਾਂ ਦੀ ਭਲਾਈ ਲਈ ਖ਼ਰਚ ਕੀਤਾ ਜਾਣ ਵਾਲਾ ਧਨ ਭ੍ਰਿਸ਼ਟ ਲੋਕਾਂ ਦੀ ਜੇਬ ਵਿਚ ਪੁੱਜ ਜਾਂਦਾ ਸੀ। ਅੱਜ ਜੇਕਰ ਇਹ ਸਥਿਤੀ ਬਦਲੀ ਹੈ ਤਾਂ ਇਸ ਦੀ ਸਭ ਤੋਂ ਵੱਡੀ ਵਜ੍ਹਾ ਸਰਕਾਰੀ ਯੋਜਨਾਵਾਂ ਨੂੰ ਲਾਗੂ ਕਰਨ ਵਿਚ ਕੀਤੇ ਗਏ ਸੰਸਥਾਗਤ ਸੁਧਾਰ ਹਨ।

ਇਹ ਜ਼ਿਕਰਯੋਗ ਹੈ ਕਿ ਮੋਦੀ ਸਰਕਾਰ ਲਗਪਗ 27 ਲੱਖ ਕਰੋੜ ਰੁਪਏ ਅਨੇਕ ਯੋਜਨਾਵਾਂ ਦੇ ਯੋਗ ਲਾਭਪਾਤਰੀਆਂ ਦੇ ਖਾਤਿਆਂ ਵਿਚ ਸਿੱਧੇ ਭੇਜਣ ਵਿਚ ਕਾਮਯਾਬ ਰਹੀ ਹੈ। ਘਰੇਲੂ ਮੁਹਾਜ਼ ’ਤੇ ਅਨੇਕ ਕਾਮਯਾਬੀਆਂ ਹਾਸਲ ਕਰਨ ਦੇ ਨਾਲ ਹੀ ਪ੍ਰਧਾਨ ਮੰਤਰੀ ਨੇ ਭਾਰਤ ਦਾ ਕੌਮਾਂਤਰੀ ਪੱਧਰ ’ਤੇ ਮਾਣ-ਤਾਣ ਵਧਾਉਣ ਦਾ ਕੰਮ ਵੀ ਕੀਤਾ ਹੈ।

ਪ੍ਰਧਾਨ ਮੰਤਰੀ ਨੇ ਇਸ ਦਾ ਜ਼ਿਕਰ ਕਰਦੇ ਹੋਏ ਉਹ ਕਾਰਨ ਵੀ ਗਿਣਾਏ ਜਿਨ੍ਹਾਂ ਦੀ ਵਜ੍ਹਾ ਨਾਲ ਦੁਨੀਆ ਭਾਰਤ ਵੱਲ ਉਮੀਦ ਭਰੀਆਂ ਨਜ਼ਰਾਂ ਨਾਲ ਦੇਖ ਰਹੀ ਹੈ। ਇਨ੍ਹਾਂ ’ਚੋਂ ਇਕ ਭਾਰਤ ਦੀ ਯੁਵਾ ਸ਼ਕਤੀ ਹੈ। ਵਿਸ਼ਵ ਵਿਚ 30 ਸਾਲ ਤੋਂ ਘੱਟ ਉਮਰ ਦੀ ਸਭ ਤੋਂ ਵੱਧ ਆਬਾਦੀ ਭਾਰਤ ਵਿਚ ਹੈ।

ਇਸ ਯੁਵਾ ਸ਼ਕਤੀ ਨੂੰ ਇਹ ਮੌਕਾ ਮਿਲਿਆ ਹੈ ਕਿ ਉਹ ਆਪਣੀ ਊਰਜਾ ਅਤੇ ਸੰਕਲਪ ਨਾਲ ਦੇਸ਼ ਨੂੰ ਉਹ ਖ਼ੁਸ਼ਹਾਲੀ ਪ੍ਰਦਾਨ ਕਰੇ ਜੋ ਕਦੇ ਭਾਰਤ ਦੀ ਪਛਾਣ ਹੋਇਆ ਕਰਦੀ ਸੀ। ਇਹ ਅਚਾਨਕ ਨਹੀਂ ਹੋਇਆ ਕਿ ਪ੍ਰਧਾਨ ਮੰਤਰੀ ਨੇ ਇਕ ਵਾਰ ਫਿਰ ਭ੍ਰਿਸ਼ਟਾਚਾਰ ਨੂੰ ਉਹ ਸਿਉਂਕ ਕਿਹਾ ਜੋ ਦੇਸ਼ ਦੀਆਂ ਸੰਭਾਵਨਾਵਾਂ ਨੂੰ ਖੋਖਲਾ ਕਰ ਰਹੀ ਹੈ। ਲਾਲ ਕਿਲ੍ਹੇ ਦੀ ਫਸੀਲ ਤੋਂ ਉਨ੍ਹਾਂ ਨੇ ਭ੍ਰਿਸ਼ਟਾਚਾਰ ਨੂੰ ਹਰ ਕੀਮਤ ’ਤੇ ਜੜ੍ਹੋਂ ਮਿਟਾਉਣ ਦੀ ਗੱਲ ਕਹਿ ਕੇ ਨਵੇਂ ਸਿਰੇ ਤੋਂ ਸਾਫ਼ ਕਰ ਦਿੱਤਾ ਕਿ ਉਹ ਇਸ ਨੂੰ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਹਨ। ਉਨ੍ਹਾਂ ਦਾ ਇਹ ਸੰਕਲਪ ਇਸ ਲਈ ਮਹੱਤਵਪੂਰਨ ਹੈ ਕਿਉਂਕਿ ਹੇਠਲੇ ਪੱਧਰ ’ਤੇ ਭ੍ਰਿਸ਼ਟਾਚਾਰ ਦੀ ਸਮੱਸਿਆ ਜਿਉਂ ਦੀ ਤਿਉਂ ਹੈ। ਜਿੰਨੀ ਦੇਰ ਭ੍ਰਿਸ਼ਟਾਚਾਰੀਆਂ ਨੂੰ ਨੱਥ ਨਹੀਂ ਪਾਈ ਜਾਂਦੀ, ਓਨੀ ਦੇਰ ਮੁਲਕ ਦੇ ਹਾਲਾਤ ਹਰਗਿਜ਼ ਸੁਧਰਨ ਵਾਲੇ ਨਹੀਂ ਹਨ। ਭ੍ਰਿਸ਼ਟਾਚਾਰ ਕਾਰਨ ਸਰਕਾਰਾਂ ਦੀ ਕਾਰਗੁਜ਼ਾਰੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ।

ਮੋਦੀ ਸਰਕਾਰ ਨੇ ਭ੍ਰਿਸ਼ਟਾਚਾਰ ਵਿਚ ਸ਼ਾਮਲ ਰਸੂਖ਼ਦਾਰ ਲੋਕਾਂ ਵਿਰੁੱਧ ਕਿਸ ਤਰ੍ਹਾਂ ਕਾਰਵਾਈ ਤੇਜ਼ ਕੀਤੀ ਹੈ, ਇਸ ਦਾ ਸਬੂਤ ਇਹ ਹੈ ਕਿ ਸਿਰਫ਼ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਮਨੀ ਲਾਂਡਰਿੰਗ ਰੋਕਥਾਮ ਕਾਨੂੰਨ ਤਹਿਤ ਇਕ ਲੱਖ ਕਰੋੜ ਰੁਪਏ ਤੋਂ ਜ਼ਿਆਦਾ ਦੀ ਸੰਪਤੀ ਜ਼ਬਤ ਕਰ ਚੁੱਕਾ ਹੈ। ਇਸ ਤੋਂ ਬਾਅਦ ਵੀ ਇਹ ਇਕ ਸੱਚਾਈ ਹੈ ਕਿ ਨੇਤਾਵਾਂ ਅਤੇ ਨੌਕਰਸ਼ਾਹਾਂ ਦਾ ਇਕ ਵਰਗ ਅਜੇ ਵੀ ਭ੍ਰਿਸ਼ਟਾਚਾਰ ਵਿਚ ਸ਼ਾਮਲ ਹੈ।

ਉਨ੍ਹਾਂ ਦਾ ਇਹ ਭ੍ਰਿਸ਼ਟਾਚਾਰ ਦੇਸ਼ ਦੇ ਵਿਕਾਸ ਵਿਚ ਅੜਿੱਕਾ ਹੈ। ਪ੍ਰਧਾਨ ਮੰਤਰੀ ਨੇ ਜਿਸ ਤਰ੍ਹਾਂ ਇਸ ਨੂੰ ਸਭ ਤੋਂ ਵੱਡੀਆਂ ਬੁਰਾਈਆਂ ਵਿੱਚੋਂ ਇਕ ਦੱਸਿਆ, ਉਸ ਤੋਂ ਇਹ ਆਸ ਬੱਝੀ ਹੈ ਕਿ ਭ੍ਰਿਸ਼ਟਾਚਾਰ ਨੂੰ ਕਾਬੂ ਕਰਨ ਦੇ ਯਤਨ ਹੋਰ ਤੇਜ਼ ਹੋਣਗੇ। ਸੰਨ 2047 ਵਿਚ ਸੁਤੰਤਰਤਾ ਦੇ ਸੌ ਵਰ੍ਹੇ ਪੂਰੇ ਹੋ ਜਾਣਗੇ। ਇਸ ਲਿਹਾਜ਼ ਨਾਲ ਅਗਲੇ 25 ਸਾਲਾਂ ਨੂੰ ਅੰਮ੍ਰਿਤਕਾਲ ਮੰਨਿਆ ਜਾ ਰਿਹਾ ਹੈ ਪਰ ਪ੍ਰਧਾਨ ਮੰਤਰੀ ਨੇ ਭਾਰਤ ਨੂੰ ਵਿਕਸਤ ਰਾਸ਼ਟਰ ਬਣਾਉਣ ਲਈ ਆਉਣ ਵਾਲੇ ਪੰਜ ਸਾਲ ਸਭ ਤੋਂ ਮਹੱਤਵਪੂਰਨ ਦੱਸੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਮਜ਼ਬੂਤ-ਸਮਰੱਥ ਭਾਰਤ ਬਣਾਉਣ ਦਾ ਆਧਾਰ ਤਿਆਰ ਕਰਾਂਗੇ।

ਦੇਸ਼ ਦੀ ਆਰਥਿਕਤਾ ਜਿਸ ਰਫ਼ਤਾਰ ਨਾਲ ਅੱਗੇ ਵਧ ਰਹੀ ਹੈ, ਉਸ ਨੂੰ ਦੇਖਦੇ ਹੋਏ ਇਸ ਵਿਚ ਸ਼ੱਕ ਨਹੀਂ ਕਿ 2047 ਤਕ ਭਾਰਤ ਆਰਥਿਕ ਨਜ਼ਰੀਏ ਨਾਲ ਮੋਹਰੀ ਮੁਲਕਾਂ ਵਿਚ ਹੋਵੇਗਾ ਪਰ ਵਿਕਸਤ ਦੇਸ਼ ਦੀ ਕਸੌਟੀ ਦਾ ਸਿਰਫ਼ ਇਹੀ ਪੈਮਾਨਾ ਨਹੀਂ ਹੈ। ਕੋਈ ਦੇਸ਼ ਵਿਕਸਤ ਉਦੋਂ ਬਣਦਾ ਹੈ ਜਦ ਉਹ ਆਰਥਿਕ ਤੌਰ ’ਤੇ ਸੰਪੰਨ ਹੋਣ ਦੇ ਨਾਲ-ਨਾਲ ਸਿੱਖਿਆ, ਸਿਹਤ, ਬਿਜਲੀ, ਪਾਣੀ ਅਤੇ ਹੋਰ ਨਾਗਰਿਕ ਸਹੂਲਤਾਂ ਜ਼ਰੀਏ ਲੋਕਾਂ ਨੂੰ ਸਰਲ ਜੀਵਨ ਦਾ ਅਹਿਸਾਸ ਵੀ ਕਰਵਾਏ।



ਨਾਗਰਿਕ ਬੁਨਿਆਦੀ ਸੇਵਾਵਾਂ ਦੇ ਢਾਂਚੇ ਨੂੰ ਵਿਸ਼ਵ ਪੱਧਰੀ ਬਣ-ਾਉਣ ਲਈ ਵੱਡੇ ਪੈਮਾਨੇ ’ਤੇ ਨਿਵੇਸ਼ ਦੇ ਨਾਲ-ਨਾਲ ਰਾਜਾਂ ਦੇ ਸ਼ਾਸਨ-ਪ੍ਰਸ਼ਾਸਨ ਨੂੰ ਹਰ ਪੱਧਰ ’ਤੇ ਇੱਛਾ ਸ਼ਕਤੀ ਵੀ ਦਿਖਾਉਣੀ ਹੋਵੇਗੀ। ਇਸ ਇੱਛਾ ਸ਼ਕਤੀ ਦੀ ਹਾਲੇ ਘਾਟ ਹੀ ਦਿਸਦੀ ਹੈ। ਇਸੇ ਕਾਰਨ ਸਾਡੇ ਵੱਡੇ ਸ਼ਹਿਰ ਵੀ ਲੋੜੀਂਦੀਆਂ ਨਾਗਰਿਕ ਸਹੂਲਤਾਂ ਨਾਲ ਲੈਸ ਨਹੀਂ ਹਨ। ਸਪਸ਼ਟ ਹੈ ਕਿ ਸਰਕਾਰੀ ਕੰਮਕਾਜ ਵਿਚ ਗੁਣਵੱਤਾ ਦੇ ਮਾਪਦੰਡਾਂ ਨੂੰ ਪੂਰਾ ਕਰਨ ਲਈ ਵਿਆਪਕ ਪ੍ਰਸ਼ਾਸਕੀ ਸੁਧਾਰਾਂ ਦੀ ਦਿਸ਼ਾ ਵਿਚ ਤੇਜ਼ੀ ਨਾਲ ਅੱਗੇ ਵਧਣਾ ਹੋਵੇਗਾ। ਪ੍ਰਧਾਨ ਮੰਤਰੀ ਇਨ੍ਹਾਂ ਸੁਧਾਰਾਂ ’ਤੇ ਜ਼ੋਰ ਦੇਣ ਦੇ ਨਾਲ ਹੀ ਨਾਗਰਿਕਾਂ ਨੂੰ ਵੀ ਇਹ ਬੇਨਤੀ ਕਰ ਰਹੇ ਹਨ ਕਿ ਉਨ੍ਹਾਂ ਨੂੰ ਆਪਣੇ ਅਧਿਕਾਰਾਂ ਦੇ ਨਾਲ-ਨਾਲ ਕਰਤੱਵਾਂ ਪ੍ਰਤੀ ਵੀ ਚੌਕਸ-ਸੁਚੇਤ ਹੋਣਾ ਹੋਵੇਗਾ। ਦੇਸ਼ ਦੀਆਂ ਵਿਵਸਥਾਵਾਂ ਵਿਚ ਜੋ ਖਾਮੀਆਂ ਹਨ, ਉਨ੍ਹਾਂ ਲਈ ਕਿਤੇ ਨਾ ਕਿਤੇ ਆਮ ਨਾਗਰਿਕਾਂ ਦਾ ਵਤੀਰਾ ਵੀ ਜ਼ਿੰਮੇਵਾਰ ਹੈ। ਆਮ ਨਾਗਰਿਕਾਂ ਵਿਚ ਨਿਯਮ-ਕਾਨੂੰਨਾਂ ਦੀ ਅਣਦੇਖੀ ਦੀ ਜੋ ਬਿਰਤੀ ਨਜ਼ਰ ਆਉਂਦੀ ਹੈ, ਉਸ ਦੇ ਪਿੱਛੇ ਆਪਣੀ ਜ਼ਿੰਮੇਵਾਰੀ ਨਾ ਸਮਝਣ ਦਾ ਭਾਵ ਹੀ ਹੈ।

ਆਮ ਤੌਰ ’ਤੇ ਇਹ ਭਾਵ ਅਨੁਸ਼ਾਸਨਹੀਣਤਾ ਦੇ ਰੂਪ ਵਿਚ ਨਜ਼ਰ ਆਉਂਦਾ ਹੈ। ਆਮ ਲੋਕਾਂ ਨੂੰ ਸਮਝਣਾ ਹੋਵੇਗਾ ਕਿ ਦੇਸ਼ ਲਈ ਉਨ੍ਹਾਂ ਨੂੰ ਆਪਣੇ ਨਾਗਰਿਕ ਫ਼ਰਜ਼ਾਂ ਪ੍ਰਤੀ ਉਸੇ ਤਰ੍ਹਾਂ ਦਾ ਸਮਰਪਣ ਦਿਖਾਉਣਾ ਹੋਵੇਗਾ ਜਿਹੋ ਜਿਹਾ ਪ੍ਰਧਾਨ ਮੰਤਰੀ ਦਿਖਾ ਰਹੇ ਹਨ। ਪ੍ਰਧਾਨ ਮੰਤਰੀ ਨੇ ਆਪਣੇ ਸੰਬੋਧਨ ਵਿਚ ਪਰਿਵਾਰਵਾਦ ਨਾਲ ਲੜਨ ਦਾ ਜੋ ਸੰਕਲਪ ਜ਼ਾਹਰ ਕੀਤਾ, ਉਹ ਸਮੇਂ ਦੀ ਮੰਗ ਹੈ। ਪਰਿਵਾਰਵਾਦ ਸਮਾਜਿਕ ਨਿਆਂ ਦੇ ਨਾਲ-ਨਾਲ ਦੇਸ਼ ਦੀ ਤਰੱਕੀ ਵਿਚ ਵੀ ਅੜਿੱਕਾ ਹੈ।

ਇਹ ਲੋਕਤੰਤਰ ਦੇ ਮੂਲ ਸਿਧਾਂਤ ਦੇ ਵੀ ਖ਼ਿਲਾਫ਼ ਹੈ। ਲੋਕਤੰਤਰ ‘ਜਨਤਾ ਦਾ, ਜਨਤਾ ਦੁਆਰਾ ਅਤੇ ਜਨਤਾ ਲਈ’ ਦੇ ਸਿਧਾਂਤ ’ਤੇ ਚੱਲਦਾ ਹੈ ਜਦਕਿ ਪਰਿਵਾਰ ਆਧਾਰਤ ਪਾਰਟੀਆਂ ਲਈ ਪਰਿਵਾਰ ਹੀ ਸਭ ਕੁਝ ਹੁੰਦਾ ਹੈ। ਜੇਕਰ ਲੋਕਤੰਤਰ ਨੂੰ ਹੋਰ ਮਜ਼ਬੂਤ ਬਣਾਉਣਾ ਹੈ ਅਤੇ ਵਿਕਾਸ ਦੀ ਰਫ਼ਤਾਰ ਤੇਜ਼ ਕਰਨੀ ਹੈ ਤਾਂ ਭ੍ਰਿਸ਼ਟਾਚਾਰ ਅਤੇ ਪਰਿਵਾਰਵਾਦ ਨੂੰ ਪੂਰੀ ਤਰ੍ਹਾਂ ਸਮਾਪਤ ਕਰਨਾ ਹੋਵੇਗਾ।

ਉਹ ਸਾਰੇ ਕਾਰਨ ਪਹਿਲ ਦੇ ਆਧਾਰ ’ਤੇ ਦੂਰ ਕਰਨੇ ਹੋਣਗੇ ਜਿਨ੍ਹਾਂ ਕਾਰਨ ਦੇਸ਼ ਤਰੱਕੀ ਪੱਖੋਂ ਪਿਛਾਂਹ ਜਾ ਰਿਹਾ ਹੈ। ਪ੍ਰਧਾਨ ਮੰਤਰੀ ਨੇ ਆਪਣੀ ਸਰਕਾਰ ਦੇ ਏਜੰਡੇ ਨੂੰ ਰੇਖਾਂਕਿਤ ਕਰ ਦਿੱਤਾ ਹੈ। ਹੁਣ ਦੇਸ਼ ਨੂੰ ਵੀ ਉਨ੍ਹਾਂ ਦੇ ਇਸ ਏਜੰਡੇ ਨੂੰ ਪੂਰਾ ਕਰਨ ਲਈ ਉਨ੍ਹਾਂ ਦੇ ਨਾਲ ਕਦਮ ਮਿਲਾ ਕੇ ਚੱਲਣਾ ਹੋਵੇਗਾ।

# ਕੈਨੇਡਾ ਦੀ ਵਿਲੱਖਣਤਾ ਦੇ ਗੁੱਝੇ ਭੇਤ

ਪ੍ਰਿੰਸੀਪਲ ਵਿਜੈ ਕੁਮਾਰ

ਕੈਨੇਡਾ ਦੁਨੀਆ ਦਾ ਇਕ ਅਜਿਹਾ ਹੀ ਮੁਲਕ ਹੈ ਜਿਸ ਦੀ ਆਪਣੀ ਵੱਖਰੀ ਪਛਾਣ ਹੈ। ਬਹੁਤ ਸਾਰੀਆਂ ਅਜਿਹੀਆਂ ਵਿਸ਼ੇਸ਼ ਗੱਲਾਂ ਹਨ ਜਿਨ੍ਹਾਂ ਤੋਂ ਪ੍ਰੇਰਿਤ ਹੋ ਕੇ ਦੂਜੇ ਦੇਸ਼ਾਂ ਦੇ ਲੋਕ ਆਪਣੇ ਮੁਲਕ ਨੂੰ ਛੱਡਕੇ ਇੱਥੇ ਵਸਣ ਨੂੰ ਪਹਿਲ ਦਿੰਦੇ ਹਨ। ਇਸ ਮੁਲਕ ਦੀ ਸਭ ਤੋਂ ਵੱਡੀ ਖ਼ਾਸੀਅਤ ਇਹ ਹੈ ਕਿ ਇਸ ਦਾ ਸੁਹੱਪਣ, ਸ਼ੁੱਧ ਹਵਾ, ਪਾਣੀ, ਚਾਰੇ ਪਾਸੇ ਸਾਫ਼-ਸਫ਼ਾਈ, ਬੂਟਿਆਂ ਅਤੇ ਫੁੱਲਾਂ ਦੀ ਭਰਮਾਰ, ਸਜੇ-ਫਬੇ ਪਾਰਕ, ਹਰਿਆ-ਭਰਿਆ ਵਾਤਾਵਰਨ ਤੇ ਕਿਸੇ ਪਾਸੇ ਕੋਈ ਗੰਦਗੀ ਨਹੀਂ, ਇਸ ਗੱਲ ਦਾ ਸਬੂਤ ਹਨ ਕਿ ਇੱਥੋਂ ਦੀਆਂ ਸਰਕਾਰਾਂ ਤੇ ਲੋਕ ਧਰਤੀ, ਕੁਦਰਤ ਨੂੰ ਪਿਆਰ ਕਰਦੇ ਹਨ ਤੇ ਵਾਤਾਵਰਨ ਪ੍ਰੇਮੀ ਹਨ।

ਇੱਕੋ ਜਿਹੇ ਸੋਹਣੇ-ਸੋਹਣੇ ਘਰ, ਉਨ੍ਹਾਂ ਅੱਗੇ ਲੱਗੇ ਫੁੱਲ-ਬੂਟੇ, ਇੱਕੋ ਜਿਹੀਆਂ ਖੁੱਲ੍ਹੀਆਂ ਸੜਕਾਂ ਤੇ ਸਰਕਾਰੀ ਜਗ੍ਹਾ ’ਤੇ ਕੋਈ ਕਬਜ਼ਾ ਨਹੀਂ। ਇਹ ਵੀ ਇਸ ਮੁਲਕ ਦੇ ਸੁਹੱਪਣ ਨੂੰ ਚਾਰ ਚੰਨ ਲਾਉਂਦੇ ਹਨ। ਸਰਕਾਰਾਂ ਅਤੇ ਲੋਕ ਸਮੇਂ ਦੀ ਕਦਰ ਕਰਨਾ ਜਾਣਦੇ ਹਨ। ਹਸਪਤਾਲਾਂ, ਬੈਂਕਾਂ, ਦਫ਼ਤਰਾਂ, ਸੈਲੂਨਾਂ ਅਤੇ ਹੋਰ ਥਾਵਾਂ ’ਤੇ ਜਾਣ ਤੋਂ ਪਹਿਲਾਂ ਸਮਾਂ ਲੈਣਾ ਪੈਂਦਾ ਹੈ। ਬਿਨਾਂ ਸਮਾਂ ਲਏ ਤੁਹਾਨੂੰ ਕੋਈ ਵੀ ਵਿਅਕਤੀ ਮਿਲੇਗਾ ਨਹੀਂ। ਇਸੇ ਕਾਰਨ ਨਾ ਲੋਕਾਂ ਨੂੰ ਆਪਣੀ ਵਾਰੀ ਦੀ ਉਡੀਕ ਕਰਨੀ ਪੈਂਦੀ ਹੈ ਤੇ ਨਾ ਹੀ ਭੀੜ ਹੁੰਦੀ ਹੈ। ਸਾਡੇ ਦੇਸ਼ ਵਾਂਗ ਲੋਕ ਸਮਾਂ ਬਰਬਾਦ ਨਹੀਂ ਕਰਦੇ। ਤੁਹਾਨੂੰ ਕੋਈ ਵਿਅਕਤੀ ਵਿਹਲਾ ਨਹੀਂ ਮਿਲੇਗਾ। ਇੱਥੇ ਬਿਨਾਂ ਪੁੱਛੇ ਤੇ ਸਮਾਂ ਲਏ ਕੋਈ ਕਿਸੇ ਦੇ ਘਰ ਨਹੀਂ ਜਾਂਦਾ। ਲੋਕ ਪੰਜ ਦਿਨ ਕੰਮ ਕਰਦੇ ਹਨ ਤੇ ਦੋ ਦਿਨ ਸ਼ਨਿਚਰਵਾਰ ਤੇ ਐਤਵਾਰ ਨੂੰ ਆਪਣੇ ਘਰ ਦੇ ਕੰਮ ਕਰਦੇ ਹਨ ਤੇ ਘੁੰਮਣ-ਫਿਰਨ ਜਾਂਦੇ ਹਨ। ਇਸ ਮੁਲਕ ਵਿਚ ਸਾਰੇ ਕੰਮ ਇਕ ਬਰਾਬਰ ਹਨ। ਸਾਰੇ ਕੰਮ ਆਪਣੇ ਹੱਥੀਂ ਕਰਨੇ ਪੈਂਦੇ ਹਨ। ਬੱਚਿਆਂ ਅਤੇ ਔਰਤਾਂ ਦਾ ਨੌਕਰਾਂ ਦੇ ਰੂਪ ਵਿਚ ਸ਼ੋਸ਼ਣ ਨਹੀਂ ਕੀਤਾ ਜਾ ਸਕਦਾ। ਘਰਾਂ ਅਤੇ ਦੁਕਾਨਾਂ ’ਤੇ ਨੌਕਰ ਨਹੀਂ ਰੱਖੇ ਜਾ ਸਕਦੇ। ਘਰਾਂ ਵਿਚ ਰੱਖੀ ਨੈਨੀ (ਨੌਕਰਾਣੀ) ਨੂੰ ਸਰਕਾਰੀ ਕਾਨੂੰਨ ਅਨੁਸਾਰ 16.75 ਡਾਲਰ ਪ੍ਰਤੀ ਘੰਟਾ ਦੇਣੇ ਪੈਂਦੇ ਹਨ ਜੋ ਕਿ ਆਮ ਬੰਦਾ ਨਹੀਂ ਦੇ ਸਕਦਾ। ਇਸ ਮੁਲਕ ਵਿਚ ਬੱਚਿਆਂ ਪ੍ਰਤੀ ਸਰਕਾਰ ਦੇ ਕਾਨੂੰਨ ਬਹੁਤ ਸਖ਼ਤ ਹਨ। ਇੱਥੇ ਬੱਚਿਆਂ ਦੀ ਪੜ੍ਹਾਈ, ਸਾਂਭ-ਸੰਭਾਲ, ਪਾਲਣ-ਪੋਸ਼ਣ ਤੇ ਸਿਹਤ ਪ੍ਰਤੀ ਸਰਕਾਰਾਂ ਬਹੁਤ ਸਖ਼ਤ ਤੇ ਸੰਜੀਦਾ ਹਨ। ਇੱਥੇ ਬੱਚੇ ਕੇਵਲ ਪੈਦਾ ਨਹੀਂ ਕੀਤੇ ਜਾਂਦੇ ਸਗੋਂ ਉਨ੍ਹਾਂ ਪ੍ਰਤੀ ਮਾਂ-ਬਾਪ ਨੂੰ ਬਣਦੇ ਫ਼ਰਜ਼ ਵੀ ਨਿਭਾਉਣੇ ਪੈਂਦੇ ਹਨ।




ਗੱਡੀ ’ਚ ਸਫ਼ਰ ਕਰਦਿਆਂ ਬੱਚਿਆਂ ਨੂੰ ਗੋਦੀ ਵਿਚ ਨਹੀਂ ਬਿਠਾਇਆ ਜਾ ਸਕਦਾ। ਉਨ੍ਹਾਂ ਦੇ ਬੈਠਣ ਲਈ ਅੱਡ ਸੀਟ ਬਣੀ ਹੁੰਦੀ ਹੈ। ਘਰਾਂ ’ਚ ਬੱਚਿਆਂ ਨੂੰ ਸੁਲਾਉਣ ਲਈ ਅੱਡ ਬੈੱਡ ਲਗਾਉਣਾ ਪੈਂਦਾ ਹੈ। ਬੱਚੇ ਦੇ ਪਾਲਣ-ਪੋਸ਼ਣ ’ਚ ਕੀਤੀ ਜਾਣ ਵਾਲੀ ਲਾਪਰਵਾਹੀ ਲਈ ਸਖ਼ਤ ਸਜ਼ਾ ਹੈ। ਬੱਚੇ ਨੂੰ ਸਰਕਾਰੀ ਨਿਗਰਾਨੀ ’ਚ ਰੱਖਣ ਲਈ ਲੈ ਜਾਂਦੇ ਹਨ। ਡਾਕਟਰ ਦੀ ਸਲਾਹ ਤੋਂ ਬਿਨਾਂ ਬੱਚਿਆਂ ਨੂੰ ਕੋਈ ਦਵਾਈ ਨਹੀਂ ਦਿੱਤੀ ਜਾ ਸਕਦੀ। ਘਰਾਂ ਅਤੇ ਸਕੂਲਾਂ ’ਚ ਬੱਚਿਆਂ ਨੂੰ ਮਾਰਨ, ਝਿੜਕਣ ’ਤੇ ਬੱਚਿਆਂ ਵੱਲੋਂ ਫੋਨ ਕੀਤੇ ਜਾਣ ’ਤੇ ਪੁਲਿਸ ਕਾਰਵਾਈ ਕਰਦੀ ਹੈ। ਬੱਚੇ ਦੇ ਪੈਦਾ ਹੁੰਦੇ ਹੀ ਮਾਪਿਆਂ ਦੀ ਆਮਦਨ ਅਨੁਸਾਰ ਉਸ ਨੂੰ ਸਰਕਾਰ ਵੱਲੋਂ ਖ਼ਰਚ ਮਿਲਣ ਲੱਗ ਪੈਂਦਾ ਹੈ। ਬੱਚਿਆਂ ਦੀ ਸਕੂਲੀ ਪੜ੍ਹਾਈ ਬਿਲਕੁਲ ਮੁਫ਼ਤ ਹੈ। ਸਕੂਲਾਂ ’ਚ ਬੱਚਿਆਂ ਦੇ ਦਿਮਾਗ ਉੱਤੇ ਕੋਈ ਬੋਝ ਨਹੀਂ ਪਾਇਆ ਜਾਂਦਾ। ਉਨ੍ਹਾਂ ਦੀ ਸਿਹਤ ਦਾ ਪੂਰਾ ਧਿਆਨ ਰੱਖਿਆ ਜਾਂਦਾ ਹੈ। ਸਰਕਾਰ ਦੇਸ਼ ਦੇ ਨਾਗਰਿਕਾਂ ਤੋਂ ਜੇਕਰ 30% ਟੈਕਸ ਲੈਂਦੀ ਹੈ ਤਾਂ ਸਹੂਲਤਾਂ ਵੀ ਪੂਰੀਆਂ ਦਿੰਦੀ ਹੈ। ਪੁਲਿਸ, ਪ੍ਰਸ਼ਾਸਨ, ਅਦਾਲਤਾਂ ਸਖ਼ਤ ਹਨ। ਕਾਨੂੰਨ ਤੋੜਨ ’ਤੇ ਸਿਫ਼ਾਰਸ਼ਾਂ ਨਹੀਂ ਚੱਲਦੀਆਂ ਸਗੋਂ ਕਾਨੂੰਨ ਮੁਤਾਬਕ ਸਜ਼ਾ ਮਿਲਦੀ ਹੈ। ਕਾਨੂੰਨ ਸਾਰਿਆਂ ਲਈ ਬਰਾਬਰ ਹੈ। ਲਾਇਸੈਂਸ ਤੋਂ ਬਿਨਾਂ ਕੋਈ ਵੀ ਕੰਮ-ਧੰਦਾ ਕਰਨ ਦੀ ਇਜਾਜ਼ਤ ਨਹੀਂ। ਟਰੈਫਿਕ ਨਿਯਮ ਸਖ਼ਤ ਹਨ ਤੇ ਲੋਕਾਂ ਨੂੰ ਉਨ੍ਹਾਂ ਦੀ ਪਾਲਣਾ ਕਰਨੀ ਪੈਂਦੀ ਹੈ। ਦੁਰਘਟਨਾਵਾਂ ਬਹੁਤ ਘੱਟ ਹੁੰਦੀਆਂ ਹਨ। ਬੱਚਿਆਂ, ਬਜ਼ੁਰਗਾਂ, ਪੈਦਲ ਚੱਲਣ ਵਾਲਿਆਂ ਨੂੰ ਸੜਕੀ ਨਿਯਮਾਂ ਵਿਚ ਵਿਸ਼ੇਸ਼ ਤਰਜੀਹ ਦਿੱਤੀ ਜਾਂਦੀ ਹੈ। ਸੜਕਾਂ ’ਤੇ ਥਾਂ-ਥਾਂ ਟੋਲ ਪਲਾਜ਼ੇ ਨਹੀਂ ਹਨ। ਟੋਲ ਪਲਾਜ਼ੇ ਬਿਲਕੁਲ ਨਾਮਾਤਰ ਹਨ ਜਿਨ੍ਹਾਂ ਦੀ ਫੀਸ ਚੱਲਦੀਆਂ ਗੱਡੀਆਂ ਵਿਚ ਅਦਾ ਹੋ ਜਾਂਦੀ ਹੈ। ਘਰ ਦੇ ਤੇ ਮੇਲ ਦੇ ਪਤੇ ’ਤੇ ਸੂਚਨਾ ਚਲੀ ਜਾਂਦੀ ਹੈ। ਵਪਾਰਕ ਅਦਾਰੇ ਵਿਸ਼ੇਸ਼ ਯੋਜਨਾ ਅਧੀਨ ਖੋਲ੍ਹੇ ਗਏ ਹਨ।

ਗਲੀ-ਮੁਹੱਲਿਆਂ, ਬੱਸ ਅੱਡਿਆਂ, ਸੜਕਾਂ ਨੁੱਕਰਾਂ ’ਤੇ ਕੋਈ ਦੁਕਾਨ ਨਹੀਂ ਮਿਲੇਗੀ ਅਤੇ ਨਾ ਰੇਹੜੀਆਂ-ਫੜ੍ਹੀਆਂ ਹੀ ਲੱਗੀਆਂ ਮਿਲਣਗੀਆਂ। ਗਲੀ-ਮੁਹੱਲਿਆਂ ’ਚ ਫੇਰੀ ਵਾਲੇ ਵੀ ਹਾਕਾਂ ਮਾਰਦੇ ਨਹੀਂ ਮਿਲਣਗੇ। ਮਾਲ ਤੇ ਪਲਾਜ਼ੇ ਜੋ ਇੱਕੋ ਥਾਂ ਵਿਸ਼ੇਸ਼ ਇਮਾਰਤਾਂ ’ਚ ਬਣੇ ਹੋਏ ਹਨ, ਉਨ੍ਹਾਂ ਪਲਾਜ਼ਿਆਂ ’ਤੇ ਗੱਡੀਆਂ ਦੀ ਪਾਰਕਿੰਗ ਲਈ ਵਿਸ਼ੇਸ਼ ਨਿਯਮ ਹਨ ਜਿਨ੍ਹਾਂ ਦੀ ਹਰ ਇਕ ਨੂੰ ਪਾਲਣਾ ਕਰਨੀ ਪੈਂਦੀ ਹੈ। ਬੈਂਕਾਂ ’ਚ ਜ਼ਰਾ ਵੀ ਭੀੜ ਨਹੀਂ ਵਿਖੇਗੀ ਕਿਉਂਕਿ ਜ਼ਿਆਦਾਤਰ ਕੰਮ ਆਨਲਾਈਨ ਹੀ ਹੋ ਜਾਂਦਾ ਹੈ। ਇੱਥੋਂ ਤਕ ਕਿ ਚੈੱਕ ਵੀ ਆਨਲਾਈਨ ਹੀ ਜਮ੍ਹਾ ਹੋ ਜਾਂਦੇ ਹਨ। ਜਾਇਦਾਦ ਖ਼ਰੀਦਣ ਅਤੇ ਵੇਚਣ ਦੀ ਪ੍ਰਕਿਰਿਆ ਸਾਡੇ ਦੇਸ਼ ਨਾਲੋਂ ਬਿਲਕੁਲ ਵੱਖਰੀ ਹੈ। ਜਾਇਦਾਦ ਖ਼ਰੀਦਣ ਤੇ ਵੇਚਣ ਵਿਚ ਪੂਰੀ ਪਾਰਦਰਸ਼ਤਾ ਹੁੰਦੀ ਹੈ। ਜਾਇਦਾਦ ਖ਼ਰੀਦਣ ਤੇ ਵੇਚਣ ਦਾ ਕੰਮ ਸਰਕਾਰ ਵੱਲੋਂ ਮਾਨਤਾ ਪ੍ਰਾਪਤ ਵਕੀਲਾਂ ਰੀਅਲ ਅਸਟੇਟ ਏਜੰਟਾਂ ਵੱਲੋਂ ਕੀਤਾ ਜਾਂਦਾ ਹੈ। ਜਾਇਦਾਦ ਖ਼ਰੀਦਣ ਤੇ ਵੇਚਣ ਵਾਲੇ ਦੋਵੇਂ ਇਕ-ਦੂਜੇ ਨੂੰ ਨਹੀਂ ਮਿਲਦੇ। ਸਾਰਾ ਕੰਮ ਆਨਲਾਈਨ ਹੀ ਹੁੰਦਾ ਹੈ। ਜਾਇਦਾਦ ਇਸ ਦੇਸ਼ ਦੇ ਪੱਕੇ ਨਾਗਰਿਕ ਖ਼ਰੀਦ

**(ਬਾਕੀ ਅਗਲੇ ਸਫੇ ‘ਤੇ)**

# ਕੀ ਮਾੜੀ ਆਦਤ ਬਣਦਾ ਜਾ ਰਿਹਾ ਹੈ ਮੋਬਾਇਲ ਫੋਨ?

ਮੋਬਾਈਲ ਫੋਨ ਦੀ ਕਾਢ ਤਰੱਕੀ ਜਾਂ ਉੱਨਤੀ ਦੀ ਨਿਸ਼ਾਨੀ ਹੈ ਪਰ ਇਸ ਦੇ ਜਿੱਥੇ ਫ਼ਾਇਦੇ ਬਹੁਤ ਹਨ, ਉਥੇ ਹੀ ਨੁਕਸਾਨ ਵੀ ਹਨ। ਨੁਕਸਾਨਾਂ ਕਾਰਨ ਹੀ ਮੋਬਾਇਲ ਘਾਤਕ ਸਿੱਧ ਹੋ ਰਹੇ ਹਨ। ਅਜੋਕੇ ਦੌਰ ਵਿਚ ਮਨੁੱਖ ਮੋਬਾਈਲ ਫੋਨ ਦਾ ਗ਼ੁਲਾਮ ਬਣ ਕੇ ਰਹਿ

**ਦੀਪਕ ਗਾਂਧੀ**

ਗਿਆ ਹੈ। ਇਸ ਦੀ ਲੋੜ ਅਨੁਸਾਰ ਵਰਤੋਂ ਬਹੁਤ ਲਾਭਕਾਰੀ ਹੈ ਕਿਉਂਕਿ ਅਸੀਂ ਸਮਾਜ ਵਿਚ ਸਮੇਂ-ਸਮੇਂ ’ਤੇ ਹੋ ਰਹੀਆਂ ਗਤੀਵਿਧੀਆਂ ਬਾਰੇ ਜਾਣੂ ਹੁੰਦੇ ਰਹਿੰਦੇ ਹਾਂ ਅਤੇ ਦੇਸ਼-ਵਿਦੇਸ਼ ਦੀ ਜਾਣਕਾਰੀ ਵੀ ਝੱਟ ਹਾਸਲ ਕਰ ਲੈਂਦੇ ਹਾਂ। ਫੇਸਬੁੱਕ, ਵ੍ਹਟਸਐਪ ਆਦਿ ਸਾਨੂੰ ਸਮਾਜ ਨਾਲ ਜੋੜਨ ਵਿਚ ਮਦਦਗਾਰ ਸਿੱਧ ਹੋ ਰਹੇ ਹਨ ਅਤੇ ਜਾਣਕਾਰੀ ਭਰਪੂਰ ਵੀ ਰੱਖਦੇ ਹਨ। ਇਕ ਕਰਮਚਾਰੀ ਮੋਬਾਇਲ ਫੋਨ ’ਤੇ ਬਣੇ ਵ੍ਹਟਸਐਪ ਗਰੁੱਪ ਰਾਹੀਂ ਮਿੰਟਾਂ ਵਿਚ ਹੀ ਦਫ਼ਤਰੀ ਕੰਮਕਾਜ ਕਰਨ ’ਚ ਸਮਰੱਥ ਹੋਇਆ ਹੈ। ਜ਼ੂਮ ਮੀਟਿੰਗ ਰਾਹੀਂ ਅਨੇਕਾਂ ਵਿਅਕਤੀ ਆਪਣੇ ਵਿਚਾਰ ਸਾਂਝੇ ਕਰ ਰਹੇ ਹਨ। ਫੋਨ




’ਤੇ ਹੋਰ ਐਪਸ ਜਿਵੇਂ ਗੂਗਲ ਪੇ, ਫੋਨ ਪੇ ਆਦਿ ਨੇ ਸਾਡੇ ਲਈ ਪੈਸੇ ਦੇ ਲੈਣ-ਦੇਣ ਨੂੰ ਸੌਖਾ ਕਰ ਦਿੱਤਾ ਹੈ। ਸੋ, ਅਸੀਂ ਮੋਬਾਇਲ ਫੋਨ ਦੀ ਵਰਤੋਂ ਕਰ ਕੇ ਅਣਗਿਣਤ ਲਾਭ ਉਠਾ ਸਕਦੇ ਹਾਂ। ਸ਼ਾਇਦ ਇਸ ਲਈ ਹੀ ਲੱਗਦਾ ਹੈ ਕਿ ਇਹ ਸਾਡੇ ਜੀਵਨ ਵਿਚ ਖ਼ਾਸ ਥਾਂ ਰੱਖਦਾ ਹੈ। ਇਸੇ ਲਈ ਅਸੀਂ ਕਾਫ਼ੀ ਹੱਦ ਤਕ ਇਸ ’ਤੇ ਨਿਰਭਰ ਹੋ ਚੁੱਕੇ ਹਾਂ। ਜਿਸ ਦਿਨ ਅਸੀਂ ਫੋਨ ਘਰੇ ਭੁੱਲ ਜਾਂਦੇ ਹਾਂ ਤਾਂ ਸਾਨੂੰ ਇਸ ਦੀ ਘਾਟ ਬੜੀ ਸ਼ਿੱਦਤ ਨਾਲ ਮਹਿਸੂਸ ਹੁੰਦੀ ਹੈ। ਅਜੋਕੇ ਸਮਾਜ ਵਿਚ ਮੋਬਾਈਲ ਫੋਨ ਇਕ ਨਸ਼ਾ ਜਿਹਾ ਬਣਦਾ ਜਾ ਰਿਹਾ ਹੈ। ਨਸ਼ਾ ਉਹ ਹੈ ਜਿਸ ਦੀ ਸਾਨੂੰ ਆਦਤ ਪੈ ਜਾਵੇ ਜਾਂ ਦੂਜੇ ਸ਼ਬਦਾਂ ਵਿਚ ਕਹੀਏ ਕਿ ਜਿਸ ਦੇ ਅਸੀਂ ਆਦੀ ਹੋ ਜਾਈਏ। ਅੱਜ-ਕੱਲ੍ਹ ਮੋਬਾਈਲ ਫੋਨ ਹਰ ਘਰ ’ਚ ਉ-ਪਲਬਧ ਹੈ ਅਤੇ ਇਸ ਦੇ ਬੇਹੱਦ ਹਾਨੀਕਾਰਕ ਪ੍ਰਭਾਵ ਹਨ। ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤਕ ਸਭ ਨੂੰ ਇਸ ਦੀ ਲਤ ਲੱਗ ਗਈ ਹੈ। ਵਿਹਲਾ ਸਮਾਂ ਵੀ ਅਸੀਂ ਮੋਬਾਈਲ ਫੋਨ ਨਾਲ ਗੁਜ਼ਾਰਨਾ ਚਾਹੁੰਦੇ ਹਾਂ। ਟੈਲੀਵਿਜ਼ਨ ਅਤੇ ਅਖ਼ਬਾਰ ਛੱਡ ਕੇ ਅਸੀਂ ਫੋਨ ’ਤੇ ਵਕਤ ਗੁਜ਼ਾਰਨਾ ਪਸੰਦ ਕਰਦੇ ਹਾਂ। ਇਹ ਵੀ ਦੇਖਣ ’ਚ ਆਇਆ ਹੈ ਕਿ ਮਾਂ ਆਪਣੇ ਬੱਚਿਆਂ ਨੂੰ ਖਾਣਾ ਮੋਬਾਈਲ ਫੋਨ ਦੇ ਲਾਲਚ ਨਾਲ ਖੁਆਉਂਦੀ ਹੈ ਤੇ ਬੱਚੇ ਵੀ ਫੋਨ ਦੇ ਲਾਲਚ ਕਾਰਨ ਭੋਜਨ ਵੱਧ ਖਾ ਜਾਂਦੇ ਹਨ ਜਿਸ ਕਾਰਨ ਉਨ੍ਹਾਂ ਨੂੰ ਸਿਹਤ ਸਬੰਧੀ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਬੱਚਿਆਂ ’ਚ ਚਿੜਚਿੜਾਪਣ, ਨਜ਼ਰ ਦਾ ਕਮਜ਼ੋਰ ਹੋਣਾ, ਦਿਮਾਗੀ ਰੋਗਾਂ ਸਮੇਤ ਅਨੇਕਾਂ ਹੋਰ ਰੋਗ ਮੋਬਾਈਲ ਫੋਨ ਕਾਰਨ ਹੋ ਰਹੇ ਹਨ। ਇਸ ਤੋਂ ਨਿਕਲਣ ਵਾਲੀਆਂ ਕਿਰਨਾਂ ਸਾਡੀ ਸਿਹਤ ’ਤੇ ਮਾੜਾ ਅਸਰ ਪਾਉਂਦੀਆਂ ਹਨ। ਮੋਬਾਈਲ ਫੋਨ ਦਾ ਲੋੜ ਅਨੁਸਾਰ ਅਤੇ ਠੀਕ ਸਮੇਂ ’ਤੇ ਹੀ ਇਸਤੇਮਾਲ ਕਰਨਾ ਚਾਹੀਦਾ ਹੈ। ਕੋਰੋਨਾ ਕਾਲ ਦੌਰਾਨ ਮੋਬਾਈਲ ਫੋਨ ਦਾ ਇਸਤੇਮਾਲ ਸਿਖ਼ਰ ’ਤੇ ਸੀ ਪਰ ਹੁਣ ਮਾਪਿਆਂ ਨੂੰ ਵੀ ਚਾਹੀਦਾ ਹੈ ਕਿ ਲੋੜ ਅਨੁਸਾਰ ਹੀ ਆਪਣੇ ਬੱਚਿਆਂ ਨੂੰ ਮੋਬਾਈਲ ਫੋਨ ਵਰਤਣ ਦੇਣ।

# ਬਹੁਤ ਖਤਰਨਾਕ ਹੈ ਅਮਰੀਕਾ ਪਹੁੰਚਣ ਵਾਲਾ ‘ਡੌਂਕੀ ਰਾਹ’



**ਬਲਰਾਜ ਸਿੰਘ ਸਿੱਧੂ**

ਕੁਝ ਦਿਨ ਪਹਿਲਾਂ ਪੰਜਾਬ ਦਾ ਇਕ ਨੌਜਵਾਨ ਡੌਂਕੀ ਰੂਟ ਰਾਹੀਂ ਅਮਰੀਕਾ ਜਾਣ ਦੀ ਕੋਸ਼ਿਸ਼ ਕਰਦਾ ਹੋਇਆ ਮੈਕਸੀਕੋ ਵਿਚ ਅਨੇਕਾਂ ਹੋਰ ਮੁਸਾਫਰਾਂ ਸਮੇਤ ਬੱਸ ਹਾਦਸੇ ਵਿਚ ਮਾਰਿਆ ਗਿਆ। ਪੰਜਾਬੀਆਂ ਨੂੰ ਅਮਰੀਕਾ ਤੇ ਯੂਰਪੀ ਦੇਸ਼ਾਂ ਵਿਚ ਦੋ ਨੰਬਰ ਰਾਹੀਂ ਪਹੁੰਚਾਉਣ ਖ਼ਾਤਰ ਠੱਗ ਏਜੰਟ ਹਮੇਸ਼ਾ ਨਵੇਂ ਤੋਂ ਨਵੇਂ ਰੂਟ ਲੱਭਦੇ ਰਹਿੰਦੇ ਹਨ। ਦੱਖਣੀ ਅਮਰੀਕਾ ਮਹਾਦੀਪ ਤੋਂ ਵਾਇਆ ਮੈਕਸੀਕੋ, ਅਮਰੀਕਾ (ਯੂਐੱਸਏ) ਪਹੁੰਚਾਉਣ ਵਾਲਾ ਡੌਂਕੀ ਰੂਟ ਇਨ੍ਹਾਂ ਦੀ ਨਵੀਨਤਮ ਖੋਜ ਹੈ।

ਇਸ ਕੰਮ ਵਿਚ ਏਜੰਟ ਐਨਾ ਪੈਸਾ ਰੋਲ ਰਹੇ ਹਨ ਕਿ ਮਾਝੇ ਦੇ ਇਕ ਪਿੰਡ ਦੇ ਠੱਗ ਏਜੰਟ ਨੇ ਤਾਂ ਅਮਰੀਕਾ ਜਾਣ ਦੇ ਚਾਹਵਾਨ ਸ਼ਿਕਾਰਾਂ ਨੂੰ ਫਸਾਉਣ ਲਈ ਆਪਣੀ ਆਲੀਸ਼ਾਨ ਕੋਠੀ ਉੱਪਰ ਸਟੈਚੂ ਆਫ ਲਿਬਰਟੀ ਦੀ ਵਿਸ਼ਾਲ ਮੂਰਤੀ ਬਣਾਈ ਹੋਈ ਹੈ ਤਾਂ ਜੋ ਦੂਰ ਤੋਂ ਹੀ ਉਸ ਦੇ ਮਕਾਨ ਦਾ ਪਤਾ ਲੱਗ ਜਾਵੇ। ਸੰਨ 2021 ਤੋਂ ਲੈ ਕੇ ਹੁਣ ਤਕ 20000 ਦੇ ਲਗਪਗ ਭਾਰਤੀ (ਅੱਧੇ ਤੋਂ ਵੱਧ ਪੰਜਾਬੀ) ਇਸ ਰੂਟ ਰਾਹੀਂ ਅਮਰੀਕਾ ਵਿਚ ਘੁਸਣ ਦੀ ਕੋਸ਼ਿਸ਼ ਕਰਦੇ ਹੋਏ ਅਮਰੀਕੀ ਕਸਟਮ ਅਤੇ ਬਾਰਡਰ ਪੁਲਿਸ ਨੇ ਕਾਬੂ ਕੀਤੇ ਹਨ ਜਿਨ੍ਹਾਂ ਨੂੰ ਕਈ ਮਹੀਨੇ ਹਵਾਲਾਤ ਵਿਚ ਰੱਖਣ ਤੋਂ ਬਾਅਦ ਵਾਪਸ ਭਾਰਤ ਭੇਜ ਦਿੱਤਾ ਗਿਆ ਹੈ। ਇਸ ਸਾਲ ਹੁਣ ਤਕ ਮੈਕਸੀਕੋ ਵੀ ਅਜਿਹੇ 411 ਪੰਜਾਬੀਆਂ ਨੂੰ ਡੀਪੋਰਟ ਕਰ ਚੁੱਕਾ ਹੈ। ਪਹਿਲਾਂ ਮੈਕਸੀਕੋ ਆਪਣੇ ਦੇਸ਼ ਵਿੱਚੋਂ ਗੁਜ਼ਰਨ ਵਾਲੇ ਗ਼ੈਰ-ਕਾਨੂੰਨੀ ਪਰਵਾਸੀਆਂ ਵੱਲੋਂ ਅੱਖਾਂ ਮੀਟ ਛੱਡਦਾ ਸੀ ਪਰ ਪਿਛਲੇ ਸਾਲ ਅਮਰੀਕਾ ਵੱਲੋਂ ਉਸ ਦੀ ਆਰਥਿਕ ਸਹਾਇਤਾ ਬੰਦ ਕਰ ਦੇਣ ਦੀ ਸਖ਼ਤ ਧਮਕੀ ਤੋਂ ਬਾਅਦ ਉਸ ਦੀ ਪੁਲਿਸ ਅਤੇ ਕਸਟਮ ਵਿਭਾਗ ਵੀ ਚੁਸਤ ਹੋ ਗਏ ਹਨ। ਹੁਣ ਤਾਂ ਭਾਰਤ ਤੋਂ ਦੱਖਣੀ ਅਮਰੀਕੀ ਦੇਸ਼ਾਂ ਨੂੰ ਜਾਣ ਵਾਲੀਆਂ ਫਲਾਈਟਾਂ ਨੂੰ ਵੀ ਡੌਂਕੀ ਫਲਾਈਟਾਂ ਕਿਹਾ ਜਾਣ ਲੱਗਾ ਹੈ।



ਗ਼ੈਰ ਕਾਨੂੰਨੀ ਪਰਵਾਸੀਆਂ ਨੂੰ ਅਮਰੀਕਾ ’ਚ ਧੱਕਣ ਤੋਂ ਪਹਿਲਾਂ ਕਈ ਦੇਸ਼ਾਂ ਵਿਚ ਘੁਮਾਇਆ ਜਾਂਦਾ ਹੈ ਤਾਂ ਜੋ ਸ਼ੱਕ ਨਾ ਪਵੇ। ਇਹ ਉਹ ਗ਼ੈਰ ਕਾਨੂੰਨੀ ਪਰਵਾਸੀ ਹੁੰਦੇ ਹਨ ਜਿਨ੍ਹਾਂ ਦਾ ਅਮਰੀਕਾ ਦਾ ਵੀਜ਼ਾ ਵੱਖ-ਵੱਖ ਕਾਰਨਾਂ ਕਰ ਕੇ ਰੱਦ ਹੋ ਚੁੱਕਾ ਹੁੰਦਾ ਹੈ। ਠੱਗ ਏਜੰਟ ਇਨ੍ਹਾਂ ਤੋਂ ਇਸ ਕੰਮ ਲਈ ਵੀਹ ਲੱਖ ਤੋਂ ਲੈ ਕੇ ਪੰਜਾਹ ਲੱਖ ਤਕ ਦੀ ਮੋਟੀ ਰਕਮ ਵਸੂਲਦੇ ਹਨ।

ਇਸ ਰਕਮ ਵਿਚ ਜਹਾਜ਼ ਦੀਆਂ ਟਿਕਟਾਂ, ਰਿਹਾਇਸ਼ ਅਤੇ ਟੈਕਸੀਆਂ ਆਦਿ ਦਾ ਕਿਰਾਇਆ ਸ਼ਾਮਲ ਹੁੰਦਾ ਹੈ। ਇਹ ਪੈਸਾ ਭਾਰਤ ਤੋਂ ਲੈ ਕੇ ਮੈਕਸੀਕੋ ਤਕ ਦੇ ਅਨੇਕਾਂ ਏਜੰਟਾਂ ਵਿਚ ਵੰਡਿਆ ਜਾਂਦਾ ਹੈ। ਮੰਨੋ ਜੇ ਇਕ ਏਜੰਟ ਨੇ ਇਕ ਮਹੀਨੇ ਵਿਚ ਦਸ ਬੰਦੇ ਵੀ ਅਮਰੀਕਾ ਵਿਚ ਧੱਕ ਦਿੱਤੇ ਤਾਂ ਸਾਰੇ ਖ਼ਰਚੇ ਕੱਢ ਕੇ ਉਸ ਨੂੰ ਤਿੰਨ ਤੋਂ ਚਾਰ ਕਰੋੜ ਰੁਪਏ ਆਰਾਮ ਨਾਲ ਬਚ ਜਾਂਦੇ ਹਨ। ਜਦੋਂ ਕਿਸੇ ਪਿੰਡ ਦੇ ਦੋ-ਚਾਰ ਮੁੰਡੇ ਡੌਂਕੀ ਰਾਹੀਂ ਅਮਰੀਕਾ ਪਹੁੰਚ ਕੇ ਸੋਸ਼ਲ ਮੀਡੀਆ ’ਤੇ ਸੈਲਫੀਆਂ ਪਾ ਦਿੰਦੇ ਹਨ ਤਾਂ ਸਾਰੇ ਪਿੰਡ ਦੇ ਬਾਪਾਂ ਦੇ ਭਾਅ ਦੀ ਬਣ ਜਾਂਦੀ ਹੈ। ਵਿਹਲੜ ਮੁੰਡੇ ਪਿਉ ਦੇ ਗਲ ਅੰਗੂਠਾ ਦੇ ਦਿੰਦੇ ਹਨ ਕਿ ਹੁਣੇ ਦੋ ਕਿੱਲੇ ਵੇਚ ਕੇ ਆ।

ਇਹ ਸਫ਼ਰ ਪੁਰਾਣੇ ਸਮੇਂ ਦੀ ਹਰਿਦੁਆਰ ਯਾਤਰਾ ਨਾਲੋਂ ਵੀ ਵੱਧ ਖ਼ਤਰਨਾਕ ਹੈ। ਪਹੁੰਚ ਗਏ ਤਾਂ ਪਹੁੰਚ ਗਏ, ਨਹੀਂ ਸਾਲਾਂ ਤਕ ਲਾਸ਼ਾਂ ਪਨਾਮਾ ਦੇ ਜੰਗਲਾਂ ਅਤੇ ਐਰੀਜ਼ੋਨਾ ਅਤੇ ਕੈਲੀਫੋਰਨੀਆ ਦੇ ਰੇਤਥਲਿਆਂ ਵਿਚ ਸੜਦੀਆਂ ਰਹਿੰਦੀਆਂ ਹਨ। ਸਫ਼ਰ ਦੌਰਾਨ ਜਿਹੜਾ ਵੀ ਪਰਵਾਸੀ ਬਿਮਾਰੀ ਜਾਂ ਸੱਪ ਆਦਿ ਦੇ ਕੱਟਣ ਕਾਰਨ ਮਰ ਜਾਵੇ, ਏਜੰਟ ਉਸ ਦੀ ਲਾਸ਼ ਧੂਹ ਕੇ ਖੱਡਾਂ ਵਿਚ ਸੁੱਟ ਦਿੰਦੇ ਹਨ ਤਾਂ ਜੋ ਅਗਲੇ ਆਉਣ ਵਾਲੇ ਗਰੁੱਪ ਨੂੰ ਇਹ ਦ੍ਰਿਸ਼ ਦਿਖਾਈ ਨਾ ਦੇਵੇ ਤੇ ਉਨ੍ਹਾਂ ਦਾ ਧੰਦਾ ਆਰਾਮ ਨਾਲ ਚੱਲਦਾ ਰਹੇ। ਰਸਤੇ ਵਿਚ ਕਈ ਵਾਰ ਸਥਾਨਕ ਬਦਮਾਸ਼ ਪਰਵਾਸੀਆਂ ਦੀ ਲੁੱਟਮਾਰ ਕਰ ਲੈਂਦੇ ਹਨ ਤੇ ਵਿਰੋਧ ਕਰਨ ’ਤੇ ਕਤਲ ਵੀ ਕਰ ਦਿੰਦੇ ਹਨ। ਔਰਤਾਂ ਨਾਲ ਬਲਾਤਕਾਰ ਹੋਣਾ ਆਮ ਜਿਹੀ ਗੱਲ ਹੈ। ਅਸਲ ਵਿਚ ਬਦਮਾਸ਼ਾਂ ਨੂੰ ਪਤਾ ਲੱਗ ਗਿਆ ਹੈ ਕਿ ਇਸ ਰਸਤੇ ਜਾਣ ਵਾਲੇ ਭਾਰਤੀਆਂ ਕੋਲ ਕਾਫ਼ੀ ਪੈਸਾ ਤੇ ਸੋਨਾ ਹੁੰਦਾ ਹੈ। ਇਹ ਖ਼ਤਰਨਾਕ ਸਫ਼ਰ ਜ਼ਿਆਦਾਤਰ ਕੋਲੰਬੀਆ ਤੋਂ ਸ਼ੁਰੂ ਹੁੰਦਾ ਹੈ। ਦੱਖਣੀ ਅਮਰੀਕਾ ਦੇ ਦੇਸ਼ ਗ਼ਰੀਬ ਹਨ ਤੇ ਇਨ੍ਹਾਂ ਦਾ ਵੀਜ਼ਾ ਬਹੁਤ ਆਸਾਨੀ ਨਾਲ ਆਨਲਾਈਨ ਹੀ ਮਿਲ ਜਾਂਦਾ ਹੈ। ਕੋਲੰਬੀਆ ’ਚ ਏਜੰਟ ਦੇ ਬੰਦੇ ਇਨ੍ਹਾਂ ਦੇ 10-10, 15-15 ਦੇ ਗਰੁੱਪ ਬਣਾ ਕੇ ਟੈਕਸੀਆਂ ਜਾਂ ਪੈਦਲ ਤੋਰ ਕੇ ਪਨਾਮਾ ਦੇਸ਼ ਪਾਰ ਕਰਵਾਉਂਦੇ ਹਨ ਜਿਸ ਦੌਰਾਨ 6 ਜੰਗਲ ਪਾਰ ਕਰਨੇ ਪੈਂਦੇ ਹਨ।

ਰਸਤੇ ਵਿਚ ਸਿਰਫ਼ ਗੁਜ਼ਾਰੇ ਜੋਗਾ ਪਾਣੀ ਅਤੇ ਖਾਣਾ ਦਿੱਤਾ ਜਾਂਦਾ ਹੈ। ਬਿਮਾਰ ਹੋਣ ’ਤੇ ਕੋਈ ਦਵਾਈ ਦਾ ਪ੍ਰਬੰਧ ਨਹੀਂ ਹੈ ਤੇ ਕਈ ਵਾਰ ਬਿਮਾਰ ਨੂੰ ਉਸ ਦੇ ਹਾਲ ’ਤੇ ਛੱਡ ਕੇ ਗਰੁੱਪ ਅੱਗੇ ਲੰਘ ਜਾਂਦਾ ਹੈ। ਪਨਾਮਾ ਤੋਂ ਗਰੁੱਪ ਨੂੰ ਅੱਗੇ ਕੋਸਟਾਰੀਕਾ ਦੇਸ਼ ਦੇ ਜੰਗਲ ਪਾਰ ਕਰ ਕੇ ਮੈਕਸੀਕੋ ਵਿਚ ਪ੍ਰਵੇਸ਼ ਕਰਵਾਇਆ ਜਾਂਦਾ ਹੈ ਜਿੱਥੋਂ ਅਮਰੀਕਾ ਦੀ ਡੌਂਕੀ ਮਾਰੀ ਜਾਂਦੀ ਹੈ।

ਇਹ ਡੌਂਕੀ ਮੈਕਸੀਕੋ-ਅਮਰੀਕੀ ਬਾਰਡਰ ’ਤੇ ਲੱਗੀ ਕੰਡਿਆਲੀ ਤਾਰ ਟੱਪ ਕੇ ਜਾਂ ਮਨੁੱਖੀ ਤਸਕਰਾਂ ਦੁਆਰਾ ਖੋਦੀਆਂ ਹੋਈਆਂ ਸੁਰੰਗਾਂ ਵਿੱਚੋਂ ਦੀ ਰੀਂਗ ਕੇ ਮੁਕੰਮਲ ਹੁੰਦੀ ਹੈ। ਏਜੰਟਾਂ ਦੁਆਰਾ ਪਰਵਾਸੀ ਦੀ ਅਮਰੀਕਾ ਵਿਚ ਵੜਦੇ ਸਮੇਂ ਦੀ ਵੀਡੀਓ ਬਣਾ ਕੇ ਉਸ ਦੇ ਪਰਿਵਾਰ ਨੂੰ ਭੇਜ ਦਿੱਤੀ ਜਾਂਦੀ ਹੈ ਤੇ ਬਕਾਇਆ ਫੀਸ ਲੈ ਲਈ ਜਾਂਦੀ ਹੈ। ਅਮਰੀਕਾ ਵਿਚ ਵੜਦੇ ਸਾਰ ਪਰਵਾਸੀ ਪਕੜਿਆ ਜਾਵੇ ਜਾਂ ਐਰੀਜ਼ੋਨਾ ਦਾ ਮਾਰੂਥਲ ਪਾਰ ਕਰਦੇ ਸਮੇਂ ਭੁੱਖ-ਪਿਆਸ ਨਾਲ ਮਰ ਜਾਵੇ, ਏਜੰਟ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਜਿਨ੍ਹਾਂ ਪਰਵਾਸੀਆਂ ਦੇ ਰਿਸ਼ਤੇਦਾਰ ਜਾਂ ਦੋਸਤ ਆਦਿ ਅਮਰੀਕਾ ਵਿਚ ਸੈਟ ਹਨ, ਉਹ ਤਾਂ ਉਨ੍ਹਾਂ ਨੂੰ ਸਾਂਭ ਲੈਂਦੇ ਹਨ ਪਰ ਲਾਵਾਰਸਾਂ ਦੀ ਬਹੁਤ ਬੁਰੀ ਹਾਲਤ ਹੁੰਦੀ ਹੈ। ਦਸ-ਪੰਦਰਾਂ ਸਾਲਾਂ ਤਕ ਲੁਕ-ਛਿਪ ਕੇ ਰਹਿਣਾ ਤੇ ਦੋ ਨੰਬਰ ਵਿਚ ਕੰਮ ਕਰਨਾ ਪੈਂਦਾ ਹੈ ਪਰ ਪੱਕੇ ਹੋਣ ਦੀ ਫਿਰ ਵੀ ਕੋਈ ਗਾਰੰਟੀ ਨਹੀਂ ਹੈ। ਅਜਿਹੇ ਨਾਜਾਇਜ਼ ਪਰਵਾਸੀਆਂ ਦਾ ਸਟੋਰਾਂ ਅਤੇ ਫਾਰਮਾਂ ਵਾਲੇ ਰੱਜ ਕੇ ਸ਼ੋਸ਼ਣ ਕਰਦੇ ਹਨ ਤੇ ਅੱਧ ਨਾਲੋਂ ਵੀ ਘੱਟ ਮਜ਼ਦੂਰੀ ਦਿੰਦੇ ਹਨ। ਮੇਰਾ ਇਕ ਵਾਕਿਫ ਬੰਦਾ ਬਹੁਤ ਸਾਲ ਪਹਿਲਾਂ ਇਸੇ ਤਰ੍ਹਾਂ ਅਮਰੀਕਾ ਗਿਆ ਸੀ। ਪਿੱਛੋਂ ਉਸ ਦੀ ਧੀ ਜਵਾਨ ਹੋ ਕੇ ਵਿਆਹੀ ਵੀ ਗਈ ਪਰ ਉਹ ਹੁਣ ਤਕ ਵਾਪਸ ਨਹੀਂ ਆ ਸਕਿਆ।

ਪਹਿਲਾਂ ਪੰਜਾਬੀ ਆਪਣੇ-ਆਪ ਨੂੰ ਖਾਲਿਸਤਾਨ ਸਮਰਥਕ ਹੋਣ ਕਾਰਨ ਪੁਲਿਸ ਤੋਂ ਜਾਨ ਦਾ ਖ਼ਤਰਾ ਦੱਸ ਕੇ ਗਰੀਨ ਕਾਰਡ ਹਾਸਲ ਕਰ ਲੈਂਦੇ ਸਨ। ਪਰ ਹੁਣ ਅਮਰੀਕੀ ਇਮੀਗ੍ਰੇਸ਼ਨ ਵਾਲੇ ਵੀ ਇਨ੍ਹਾਂ ਚਾਲਾਂ ਨੂੰ ਸਮਝ ਗਏ ਹਨ। ਸਿਆਸੀ ਸ਼ਰਨ ਲੈਣ ਲਈ ਹੁਣ ਤਾਂ ਪੰਜਾਬ ਦੇ ਪ੍ਰਸਿੱਧ ਖਾਲਿਸਤਾਨ ਸਮਰਥਕ ਕੱਟੜਵਾਦੀ ਨੇਤਾ ਦੀ ਚਿੱਠੀ ਵੀ ਕਿਸੇ ਕੰਮ ਨਹੀਂ ਆਉਂਦੀ। ਇਸ ਕੰਮ ਵਿਚ ਕਿੰਨਾ ਪੈਸਾ ਬਣਦਾ ਹੈ, ਇਸ ਸਬੰਧੀ ਦਿੱਲੀ ਦੇ ਇਕ ਠੱਗ ਏਜੰਟ ਗਿਰੀਸ਼ ਭੰਡਾਰੀ ਦੀ ਗ੍ਰਿਫ਼ਤਾਰੀ ਤੋਂ ਬਾਅਦ ਪਤਾ ਲੱਗਾ ਹੈ। ਉਹ ਆਪਣੇ ਸ਼ਿਕਾਰਾਂ ਨੂੰ ਸ਼ਾਰਜਾਹ, ਆਜ਼ਰਬਾਈਜਾਨ, ਤੁਰਕੀ, ਪਨਾਮਾ, ਅਲ ਸੈਲਵਾਡੋਰ ਅਤੇ ਮੈਕਸੀਕੋ ਆਦਿ ਰਾਹੀਂ ਅਮਰੀਕਾ ਭੇਜਦਾ ਸੀ। ਛਾਪੇ ਦੌਰਾਨ ਪੁਲਿਸ ਨੂੰ ਉਸ ਦੇ ਦਫ਼ਤਰ ਵਿੱਚੋਂ ਅਮਰੀਕਾ ਜਾਣ ਦੇ ਚਾਹਵਾਨਾਂ ਦੇ 180 ਪਾਸਪੋਰਟ ਮਿਲੇ ਹਨ ਜਿਨ੍ਹਾਂ ’ਚੋਂ 112 ਪੰਜਾਬ ਦੇ ਹਨ। ਇਸ ਤੋਂ ਇਲਾਵਾ ਉਸ ਦੇ ਮੋਬਾਈਲ ਵਿੱਚੋਂ ਪਰਵਾਸੀਆਂ ਦੀਆਂ ਅਮਰੀਕਾ ਵਿਚ ਪ੍ਰਵੇਸ਼ ਕਰਦੇ ਸਮੇਂ ਦੀਆਂ 913 ਵੀਡੀਓ ਮਿਲੀਆਂ ਹਨ ਜੋ ਪਿਛਲੇ ਚਾਰ ਸਾਲਾਂ ਦੇ ਸਮੇਂ ਦੀਆਂ ਹਨ। ਸੋਚਣ ਵਾਲੀ ਗੱਲ ਹੈ ਕਿ ਉਹ ਇਸ ਧੰਦੇ ਤੋਂ ਹੁਣ ਤਕ ਕਿੰਨਾ ਪੈਸਾ ਕਮਾ ਚੁੱਕਾ ਹੋਵੇਗਾ। ਉਸ ਨੇ ਹਰਿਆਣਾ ਅਤੇ ਪੰਜਾਬ ਦੇ ਪਿੰਡਾਂ ਵਿਚ ਆਪਣੇ ਏਜੰਟ ਛੱਡੇ ਹੋਏ ਹਨ ਜੋ ਬਾਕਾਇਦਾ ਕੈਂਪ ਲਗਾ ਕੇ ਲੋਕਾਂ ਨੂੰ ਡੌਂਕੀ ਮਾਰਨ ਲਈ ਉਤਸ਼ਾਹਤ ਕਰਦੇ ਹਨ। ਪਿੰਡ ਦਾ ਜਿਹੜਾ ਵੀ ਬੰਦਾ ਉਸ ਨੂੰ ਸ਼ਿਕਾਰ ਫਸਾ ਕੇ ਦਿੰਦਾ ਸੀ, ਉਸ ਨੂੰ ਇਕ ਲੱਖ ਰੁਪਏ ਪ੍ਰਤੀ ਵਿਅਕਤੀ ਕਮਿਸ਼ਨ ਦਿੱਤਾ ਜਾਂਦਾ ਸੀ।

ਉਸ ਦੇ ਭੇਜੇ ਬੰਦਿਆਂ ਵਿੱਚੋਂ ਹੁਣ ਤਕ ਚਾਰ ਬੰਦੇ ਰਸਤੇ ਵਿਚ ਗਾਇਬ ਹੋ ਚੁੱਕੇ ਹਨ ਜਿਨ੍ਹਾਂ ਦੀਆਂ ਲਾਸ਼ਾਂ ਵੀ ਨਹੀਂ ਮਿਲੀਆਂ। ਹਿਸਾਰ ਦੇ ਇਕ ਅਜਿਹੇ ਹੀ ਪੀੜਤ ਪਰਿਵਾਰ ਦੀ ਸ਼ਿਕਾਇਤ ’ਤੇ ਉਹ ਫੜਿਆ ਗਿਆ ਹੈ। ਹੈਰਾਨੀ ਵਾਲੀ ਗੱਲ ਹੈ ਕਿ ਐਨੇ ਵੱਡੇ ਫਰਾਡੀਏ ਦੀ ਸਿਰਫ਼ ਦੋ ਹਫ਼ਤਿਆਂ ਵਿਚ ਜ਼ਮਾਨਤ ਹੋ ਗਈ ਹੈ। ਤਫ਼ਤੀਸ਼ ਦੌਰਾਨ ਪਤਾ ਲੱਗਾ ਕਿ ਦਿੱਲੀ ਦੇ ਬਦਨਾਮ ਗੈਂਗਸਟਰ ਅਤੇ ਲਾਰੈਂਸ ਬਿਸ਼ਨੋਈ ਗੈਂਗ ਦੇ ਸ਼ੂਟਰ ਦੀਪਕ ਪਾਹਲ ਨੂੰ ਵੀ ਇਸ ਨੇ ਹੀ ਡੌਂਕੀ ਰੂਟ ਰਾਹੀਂ ਅਮਰੀਕਾ ਭੇਜਣ ਦੀ ਕੋਸ਼ਿਸ਼ ਕੀਤੀ ਸੀ ਪਰ ਉਹ 19 ਜੂਨ ਨੂੰ ਉਹ ਭਾਰਤੀ ਖ਼ੁਫ਼ੀਆ ਏਜੰਸੀਆਂ, ਮੈਕਸੀਕੋ ਪੁਲਿਸ ਅਤੇ ਸੀਆਈਏ ਦੇ ਸਹਿਯੋਗ ਨਾਲ ਮੈਕਸੀਕੋ ਦੇ ਕੈਨਕਮ ਹਵਾਈ ਅੱਡੇ ’ਤੇ ਅਮਰੀਕਾ ਦੀ ਫਲਾਈਟ ਵਿਚ ਬੈਠਣ ਲੱਗਾ ਫੜਿਆ ਗਿਆ। ਇਸ ਸਬੰਧੀ ਡੂੰਘਾਈ ਨਾਲ ਤਫ਼ਤੀਸ਼ ਹੋਣੀ ਚਾਹੀਦੀ ਹੈ ਕਿ ਇਹ ਠੱਗ ਏਜੰਟ ਦੇਸ਼ ਦੇ ਹੋਰ ਕਿੰਨੇ ਦੁਸ਼ਮਣਾਂ ਨੂੰ ਸੁਰੱਖਿਅਤ ਵਿਦੇਸ਼ਾਂ ਵਿਚ ਪਹੁੰਚਾ ਚੁੱਕਾ ਹੈ।

ਡੌਂਕੀ ਰੂਟ ਬਾਲੀਵੁੱਡ ਤਕ ਪ੍ਰਸਿੱਧ ਹੋ ਗਿਆ ਹੈ। ਇਸ ਵਿਸ਼ੇ ’ਤੇ ਪ੍ਰਸਿੱਧ ਡਾਇਰੈਕਟਰ ਰਾਜ ਕੁਮਾਰ ਹੀਰਾਨੀ ਸ਼ਾਹਰੁਖ ਖ਼ਾਨ ਨੂੰ ਲੈ ਕੇ ‘ਡੌਂਕੀ’ ਨਾਮਕ ਫਿਲਮ ਬਣਾ ਰਹੇ ਹਨ। ਇਸ ਫਿਲਮ ਵਿਚ ਇਕ ਪੰਜਾਬੀ ਨੌਜਵਾਨ ਦੀ ਕਹਾਣੀ ਵਿਖਾਈ ਗਈ ਹੈ ਜੋ ਗ਼ੈਰ-ਕਾਨੂੰਨੀ ਤਰੀਕੇ ਨਾਲ ਕੈਨੇਡਾ ਪਹੁੰਚ ਜਾਂਦਾ ਹੈ।

# ਕੈਨੇਡਾ ਦੀ ਵਿਲੱਖਣਤਾ ਦੇ ਗੁੱਝੇ ਭੇਤ

(ਸਫਾ 18 ਦੀ ਬਾਕੀ)

ਸਕਦੇ ਹਨ। ਜਾਇਦਾਦ ਖ਼ਰੀਦਣ, ਵੇਚਣ ਅਤੇ ਕਿਸੇ ਤਰ੍ਹਾਂ ਦੀ ਘਾਟ-ਵਾਧ ਦੀ ਜ਼ਿੰਮੇਵਾਰੀ ਦੋਹਾਂ ਧਿਰਾਂ ਦੇ ਵਕੀਲਾਂ ਤੇ ਰੀਅਲ ਅਸਟੇਟ ਏਜੰਟਾਂ ਦੀ ਹੁੰਦੀ ਹੈ। ਸਰਕਾਰ ਨੂੰ ਦੋਹਾਂ ਧਿਰਾਂ ਵੱਲੋਂ ਦਿੱਤੇ ਜਾਣ ਵਾਲੇ ਜਾਇਦਾਦ ਟੈਕਸ ਵਿਚ ਰਤਾ ਵੀ ਹੇਰਾਫੇਰੀ ਨਹੀਂ ਕੀਤੀ ਜਾ ਸਕਦੀ। ਕੁਦਰਤੀ ਆਫ਼ਤਾਂ ਇਸ ਮੁਲਕ ’ਚ ਵੀ ਆਉਂਦੀਆਂ ਹਨ ਪਰ ਸਾਡੇ ਮੁਲਕ ਵਾਂਗ ਇੱਥੋਂ ਦੇ ਕੁਦਰਤੀ ਆਫ਼ਤਾਂ ਤੋਂ ਪ੍ਰਭਾਵਿਤ ਲੋਕਾਂ ਨੂੰ ਮਾਲੀ ਮਦਦ ਲਈ ਸਰਕਾਰਾਂ ਦੇ ਲਾਰੇ ਨਹੀਂ ਸੁਣਨੇ ਪੈਂਦੇ ਸਗੋਂ ਮਾਲੀ ਸਹਾਇਤਾ ਆਪਣੇ-ਆਪ ਲੋਕਾਂ ਦੇ ਖਾਤਿਆਂ ਵਿਚ ਚਲੀ ਜਾਂਦੀ ਹੈ। ਵਰਖਾ ਤੋਂ ਬਾਅਦ ਸੜਕਾਂ ’ਤੇ, ਆਲੇ-ਦੁਆਲੇ ਇਕ ਬੂੰਦ ਪਾਣੀ ਦੀ ਨਹੀਂ ਵਿਖਾਈ ਦੇਵੇਗੀ।

ਸੀਵਰੇਜ ਸਿਸਟਮ ਵਧੀਆ ਹੈ। ਕੋਈ ਵੀ ਪਾਈਪ ਧਰਤੀ ’ਤੇ ਵਿਛੀ ਹੋਈ ਨਹੀਂ ਮਿਲੇਗੀ, ਨਾ ਹੀ ਉਸ ਵਿੱਚੋ ਪਾਣੀ ਰਿਸਦਾ ਨਜ਼ਰ ਆਵੇਗਾ। ਪਾਣੀ ਦੇ ਗੰਦੇ ਨਾਲੇ, ਥਾਂ-ਥਾਂ ਗੰਦਗੀ ਦੇ ਢੇਰ ਅਤੇ ਅਵਾਰਾ ਪਸ਼ੂ ਘੁੰਮਦੇ ਨਹੀਂ ਮਿਲਣਗੇ। ਕੋਈ ਵੀ ਭਿਖਾਰੀ ਘਰਾਂ ਦੇ ਦਰਵਾਜ਼ਿਆਂ ’ਤੇ ਭੀਖ ਮੰਗਣ ਲਈ ਨਹੀਂ ਆਉਂਦਾ। ਆਵਾਜਾਈ ਦੇ ਸਾਧਨ ਬੱਸਾਂ ਅਤੇ ਰੇਲਗੱਡੀਆਂ ਪੁਰਾਣੀਆਂ ਨਹੀਂ ਮਿਲਣਗੀਆਂ। ਬੱਸਾਂ ਤੇ ਰੇਲਗੱਡੀਆਂ ’ਚ ਟਿਕਟ ਲੈਣ ਲਈ ਕੰਡਕਟਰ ਦੀ ਕੋਈ ਵਿਵਸਥਾ ਨਹੀਂ। ਟਿਕਟ ਲੈਣ ਲਈ ਪੰਚ ਕਰਨਾ ਪਵੇਗਾ, ਪੈਸੇ ਆਪਣੇ-ਆਪ ਤੁਹਾਡੇ ਖਾਤੇ ’ਚੋਂ ਕੱਟੇ ਜਾਣਗੇ। ਸਿੱਕਾ ਪਾ ਕੇ ਵੀ ਟਿਕਟ ਲੈਣ ਦੀ ਵਿਵਸਥਾ ਕੀਤੀ ਗਈ ਹੈ। ਗੱਡੀਆਂ ਦੇ ਬਿਨਾਂ ਕਾਰਨ ਹਾਰਨ ਵਜਾਉਣਾ ਸੜਕੀ ਨਿਯਮਾਂ ਦੀ ਉਲੰਘਣਾ ਹੈ। ਧਾਰਮਿਕ ਅਸਥਾਨਾਂ ਉੱਤੇ ਉੱਚੀ ਆਵਾਜ਼ ਵਿਚ ਲਾਊਡ ਸਪੀਕਰ ਵੱਜਦੇ ਨਹੀਂ ਮਿਲਣਗੇ। ਲੰਗਰਾਂ ਤੇ ਕੀਰਤਨਾਂ ਦੀ ਭਰਮਾਰ ਨਹੀਂ ਹੈ। ਕੈਨੇਡਾ ਦੇ ਸਰਕਾਰੀ ਸਕੂਲ ਸਾਡੇ ਦੇਸ਼ ਦੇ ਚੰਗੇ ਪ੍ਰਾਈਵੇਟ ਸਕੂਲਾਂ ਵਰਗੇ ਹਨ।

ਪ੍ਰਾਈਵੇਟ ਸਕੂਲ ਵੀ ਹਨ ਪਰ ਉਨ੍ਹਾਂ ’ਚ ਜ਼ਿਆਦਾਤਰ ਉੱਚ ਵਰਗ ਦੇ ਲੋਕ ਹੀ ਪੜ੍ਹਦੇ ਹਨ। ਸਕੂਲੀ ਪੜ੍ਹਾਈ ਬਿਲਕੁਲ ਮੁਫ਼ਤ ਹੈ। ਲਾਇਬ੍ਰੇਰੀਆਂ ’ਚ ਹਿੰਦੀ, ਪੰਜਾਬੀ, ਉਰਦੂ, ਅੰਗਰੇਜ਼ੀ ਭਾਸ਼ਾਵਾਂ ਤੇ ਮੁਕਾਬਲਿਆਂ ਦੀ ਤਿਆਰੀ ਕਰਨ ਲਈ ਕਿਤਾਬਾਂ ਮੌਜੂਦ ਹਨ। ਪੈਂਹਟ ਸਾਲ ਦੀ ਉਮਰ ਪੂਰੀ ਕਰ ਚੁੱਕੇ ਪੱਕੇ ਦੇਸੀ-ਵਿਦੇਸ਼ੀ ਬਜ਼ੁਰਗਾਂ ਨੂੰ ਸਰਕਾਰ ਵੱਲੋਂ ਪੈਨਸ਼ਨ ਮਿਲਦੀ ਹੈ।

ਕੋਰੋਨਾ ਵਰਗੀ ਮਹਾਮਾਰੀ ਵਿਚ ਇਸ ਮੁਲਕ ਦੀ ਸਰਕਾਰ ਲੋਕਾਂ ਦੀ ਅੱਗੇ ਹੋ ਕੇ ਬਾਂਹ ਫੜਦੀ ਹੈ। ਲੋਕਾਂ ਦਾ ਕਹਿਣਾ ਹੈ ਕਿ ਹਸਪਤਾਲਾਂ ਤੇ ਡਾਕਟਰਾਂ ਦੀ ਘਾਟ ਹੈ। ਫਿਰ ਵੀ ਸਾਡੇ ਮੁਲਕ ਨਾਲੋਂ ਕਾਫ਼ੀ ਕੁਝ ਵੱਖਰਾ ਹੈ।

ਡਾਕਟਰ ਇਮਾਨਦਾਰ ਤੇ ਸਮਰਪਿਤ ਹਨ। ਇਲਾਜ ਮੁਫ਼ਤ ਹੈ। ਵਿਜ਼ਟਰ ਵੀਜ਼ੇ ’ਤੇ ਆਏ ਲੋਕਾਂ ਲਈ ਬਿਨਾਂ ਬੀਮੇ ਤੋਂ ਇਲਾਜ ਮਹਿੰਗਾ ਹੈ। ਹਸਪਤਾਲਾਂ ਤੇ ਉਨ੍ਹਾਂ ਦੇ ਪਖਾਨਿਆਂ ਦੀ ਸਫ਼ਾਈ ਵੇਖਣ ਵਾਲੀ ਹੁੰਦੀ ਹੈ। ਕੈਨੇਡਾ ’ਚ ਕੋਈ ਵੀ ਵਿਅਕਤੀ ਵਿਹਲਾ ਨਹੀਂ ਰਹਿ ਸਕਦਾ। ਵਿਆਹਾਂ ’ਤੇ ਨਾ ਤਾਂ ਲੱਖਾਂ ਰੁਪਏ ਖ਼ਰਚ ਕੀਤੇ ਜਾਂਦੇ ਹਨ ਤੇ ਨਾ ਹੀ ਲੋਕਾਂ ਦੀ ਭੀੜ ਇਕੱਠੀ ਕੀਤੀ ਜਾਂਦੀ ਹੈ। ਹਰ ਘਰ ਅੱਗੇ ਮਹਿੰਗੀ ਗੱਡੀ ਖੜ੍ਹੀ ਮਿਲਦੀ ਹੈ। ਸਾਡੇ ਦੇਸ਼ ਦੀ ਇਨ੍ਹਾਂ ਮੁਲਕਾਂ ਵਰਗੀ ਪਛਾਣ ਕਦੋਂ ਬਣੇਗੀ ਤੇ ਲੋਕ ਵਿਦੇਸ਼ਾਂ ’ਚ ਜਾ ਕੇ ਵਸਣ ਨਾਲੋਂ ਆਪਣੇ ਦੇਸ਼ ’ਚ ਵਸਣ ਨੂੰ ਕਦੋਂ ਪਹਿਲ ਦੇਣਗੇ?

# ਨਵੇਂ ਫ਼ੌਜਦਾਰੀ ਕਾਨੂੰਨ, ਨਵੀਆਂ ਚੁਣੌਤੀਆਂ ਨਾਲ ਨਜਿੱਠ ਸਕਣਗੇ?



ਟੀ ਕੇ ਅਰੁਣ

ਸੰਵਿਧਾਨ ਵਿਚ ਸੰਜੋਏ ਸਮਾਨਤਾ ਦੇ ਨਿਯਮਾਂ ਨੂੰ ਰੋਜ਼ਮੱਰਾ ਜੀਵਨ ਵਿਚ ਸਾਕਾਰ ਕਰਦੇ ਹੋਏ ਹਾਸਲ ਕੀਤੀ ਤਰੱਕੀ ਅਤੇ ਬਦਲੇ ਹੋਏ ਅਭਿਆਸਾਂ ਨੂੰ ਦਰਸਾਉਣ ਲਈ ਕਾਨੂੰਨਾਂ ਨੂੰ ਸਮੇਂ ਸਮੇਂ 'ਤੇ ਨਵਿਆਏ ਜਾਣ ਦੀ ਲੋੜ ਹੁੰਦੀ ਹੈ। ਇਸ ਲਈ ਭਾਰਤੀ ਦੰਡ ਵਿਧਾਨ (ਆਈਪੀਸੀ), ਫ਼ੌਜਦਾਰੀ ਸੰਹਿਤਾ (ਸੀਪੀਸੀ) ਅਤੇ ਭਾਰਤੀ ਸਬੂਤ ਕਾਨੂੰਨ ਵਿਚ ਸੁਧਾਰ ਲਿਆਉਣ ਦੀ ਪੇਸ਼ਕਦਮੀ ਦਾ ਅਸੂਲੀ ਤੌਰ 'ਤੇ ਸਵਾਗਤ ਕਰਨਾ ਬਣਦਾ ਹੈ। ਸੀਪੀਸੀ ਵਿਚ 1973 ਵਿਚ ਸੁਧਾਰ ਕੀਤਾ ਗਿਆ ਸੀ ਪਰ ਦੂਜੇ ਦੋ ਕਾਨੂੰਨ ਬਸਤੀਵਾਦੀ ਯੁੱਗ ਦੇ ਪ੍ਰਤੀਕ ਹਨ ਅਤੇ ਯਕੀਨਨ ਇਨ੍ਹਾਂ ਵਿਚ ਰੱਦੋਬਦਲ ਕੀਤੀ ਜਾ ਸਕਦੀ ਹੈ। ਫ਼ੌਜਦਾਰੀ ਕਾਨੂੰਨ ਦੇ ਕਾਇਆਕਲਪ ਦੀ ਪੇਸ਼ਕਦਮੀ ਦਾ ਸਵਾਗਤ ਕੀਤਾ ਜਾਣਾ ਚਾਹੀਦਾ ਹੈ ਪਰ ਨਵੇਂ ਬਿਲਾਂ ਨੂੰ ਲੈ ਕੇ ਪ੍ਰਗਟ ਕੀਤੇ ਜਾ ਰਹੇ ਤੌਖਲੇ ਖ਼ਤਮ ਕਰਨੇ ਜ਼ਰੂਰੀ ਹਨ।

ਇਸ ਮੁਤੱਲਕ ਤਿੰਨ ਮੁੱਖ ਚਿੰਤਾਵਾਂ ਹਨ। ਇਕ ਤਾਂ ਬਿਲਾਂ ਦੇ ਨਾਮਕਰਨ ਨੂੰ ਲੈ ਕੇ ਹੈ; ਦੋ ਹੋਰ ਬਿਲਾਂ ਦੇ ਸਾਰ-ਤੱਤ ਅਤੇ ਨਾਗਰਿਕਾਂ ਦੀ ਆਜ਼ਾਦੀ ਦੇ ਦਾਇਰੇ ਨੂੰ ਵਸੀਹ ਬਣਾਉਣ ਦੇ ਜ਼ਾਵੀਏ ਤੋਂ ਦੇਸ਼ ਦੇ ਕਾਨੂੰਨਾਂ ਨੂੰ ਲਾਗੂ ਕਰਨ ਦੀ ਸਿਆਸੀ ਇੱਛਾ ਨਾਲ ਜੁੜੇ ਹੋਏ ਹਨ। ਨਵੇਂ ਬਿਲਾਂ ਦੇ ਨਾਮ ਸੰਸਕ੍ਰਿਤ ਵਿਚ ਭਾਰਤੀਯ ਨਿਆਏ ਸੰਹਿਤਾ, ਭਾਰਤੀਯ ਨਾਗਰਿਕ ਸੁਰੱਕਸ਼ਾ ਸੰਹਿਤਾ ਅਤੇ ਭਾਰਤੀਯ ਸਾਕਸ਼ਯ ਬਿਲ ਰੱਖੇ ਗਏ ਹਨ। ਤਾਮਿਲ ਨਾਡੂ ਦੇ ਮੁੱਖ ਮੰਤਰੀ ਐੱਮਕੇ ਸਟਾਲਿਨ ਨੇ ਇਸ ਦਾ ਵਿਰੋਧ ਕਰਦਿਆਂ ਕਿਹਾ ਕਿ ਸੰਸਕ੍ਰਿਤ ਦੀ ਆੜ ਹੇਠ ਹਿੰਦੀ ਥੋਪਣਾ ਕਾਨੂੰਨ ਦਾ ਉਲੰਘਣ ਹੈ।

ਇੱਥੇ ਸੰਵਿਧਾਨ ਦੀ ਧਾਰਾ 348 ਦਾ ਜ਼ਿਕਰ ਕਰਨਾ ਬਣਦਾ ਹੈ ਜਿਸ ਵਿਚ ਕਿਹਾ ਗਿਆ ਹੈ: "ਐਕਟਾਂ, ਬਿਲਾਂ ਆਦਿ ਲਈ ਸੁਪਰੀਮ ਕੋਰਟ ਅਤੇ ਹਾਈ ਕੋਰਟਾਂ ਵਿਚ ਵਰਤੀ ਜਾਣ ਵਾਲੀ ਭਾਸ਼ਾ (1), ਇਸ ਭਾਗ ਵਿਚ ਪਹਿਲਾਂ ਤੋਂ ਦਰਜ ਧਾਰਾਵਾਂ ਦੇ ਹੁੰਦਿਆਂ-ਸੁੰਦਿਆਂ ਜਦੋਂ ਤੱਕ ਪਾਰਲੀਮੈਂਟ ਵਲੋਂ ਕੋਈ ਹੋਰ ਕਾਨੂੰਨ ਨਹੀਂ ਬਣਾ ਦਿੱਤਾ ਜਾਂਦਾ – ਸੁਪਰੀਮ ਕੋਰਟ ਅਤੇ ਹਰ ਹਾਈ ਕੋਰਟ ਦੀ ਕਾਰਵਾਈ – i() ਪਾਰਲੀਮੈਂਟ ਦੇ ਕਿਸੇ ਵੀ ਸਦਨ ਜਾਂ ਕਿਸੇ ਵੀ ਸੂਬੇ ਦੀ ਵਿਧਾਨ ਪਾਲਿਕਾ ਦੇ ਕਿਸੇ ਵੀ ਸਦਨ ਵਿਚ ਪੇਸ਼ ਕੀਤੇ ਜਾਣ ਵਾਲੇ ਅਧਿਕਾਰਤ ਖਰੜਿਆਂ ii() ਪਾਰਲੀਮੈਂਟ ਦੇ ਕਿਸੇ ਵੀ ਸਦਨ ਜਾਂ ਕਿਸੇ ਵੀ ਸੂਬੇ ਦੀ ਵਿਧਾਨ ਪਾਲਿਕਾ ਦੇ ਕਿਸੇ ਵੀ ਸਦਨ ਵਲੋਂ ਪਾਸ ਕੀਤੇ ਗਏ ਸਾਰੇ ਬਿਲਾਂ ਜਾਂ ਸੋਧਾਂ, iii() ਇਸ ਸੰਵਿਧਾਨ ਤਹਿਤ ਜਾਂ ਪਾਰਲੀਮੈਂਟ ਜਾਂ ਕਿਸੇ ਵੀ ਸੂਬੇ ਦੀ ਵਿਧਾਨ ਪਾਲਿਕਾ ਵਲੋਂ ਜਾਰੀ ਕੀਤੇ ਜਾਣ ਵਾਲੇ ਸਾਰੇ ਹੁਕਮ, ਨੇਮ, ਵਿਧੀਆਂ ਅਤੇ ਉਪ-ਨੇਮ ਅੰਗਰੇਜ਼ੀ ਭਾਸ਼ਾ ਵਿਚ ਹੋਣਗੇ।" ਬਿਨਾ ਸ਼ੱਕ, ਨਵੇਂ ਬਿਲਾਂ ਦੇ ਨਾਂ ਰੋਮਨ ਲਿਪੀ ਵਿਚ ਹਨ ਪਰ ਇਸ ਦਾ ਮਤਲਬ ਇਹ ਨਹੀਂ ਕਿ ਇਹ ਅੰਗਰੇਜ਼ੀ ਵਿਚ ਹੋਣਗੇ।

ਤਾਮਿਲ ਨਾਡੂ ਵਿਚ 1965 ਵਿਚ ਹਿੰਦੀ ਲਾਗੂ ਕਰਨ ਖਿਲਾਫ਼ ਉੱਠੇ ਤਕੜੇ ਅੰਦੋਲਨ ਦੇ ਮੱਦੇਨਜ਼ਰ ਕੇਂਦਰ ਸਰਕਾਰ ਨੇ ਸਰਕਾਰੀ ਭਾਸ਼ਾ ਵਜੋਂ ਅੰਗਰੇਜ਼ੀ ਦੇ ਦਰਜੇ ਦੀ



ਮਿਆਦ ਅਣਮਿੱਥੇ ਸਮੇਂ ਲਈ ਵਧਾਉਣ ਦਾ ਫ਼ੈਸਲਾ ਕੀਤਾ ਸੀ ਅਤੇ ਇਸ ਦੇ ਆਧਾਰ 'ਤੇ ਪ੍ਰਧਾਨ ਮੰਤਰੀ ਨਹਿਰੂ ਨੇ ਸਦਨ ਵਿਚ ਇਹ ਵਾਅਦਾ ਕੀਤਾ ਸੀ ਕਿ ਜਿੰਨੀ ਦੇਰ ਤੱਕ ਗ਼ੈਰ-ਹਿੰਦੀ ਭਾਸ਼ੀ ਸੂਬੇ ਚਾਹੁਣ, ਅੰਗਰੇਜ਼ੀ ਭਾਸ਼ਾ ਉਦੋਂ ਤੱਕ ਸਰਕਾਰੀ ਭਾਸ਼ਾ ਬਣੀ ਰਹੇਗੀ। ਭਾਜਪਾ ਦੇ ਪਹਿਲੇ ਰੂਪ 'ਜਨ ਸੰਘ' ਨੇ ਉਦੋਂ ਉੱਤਰੀ ਭਾਰਤ ਵਿਚ ਜ਼ੋਰਦਾਰ ਮੁਹਿੰਮ ਚਲਾਈ ਸੀ ਤੇ ਹਿੰਦੀ ਸ਼ਾਵਨਵਾਦ ਨੂੰ ਖ਼ੂਬ ਹਵਾ ਦਿੱਤੀ ਸੀ ਅਤੇ ਇਸ ਨਾਲ 1967 ਦੀਆਂ ਆਮ ਚੋਣਾਂ ਵਿਚ ਕਾਂਗਰਸ ਦੀ ਹਾਲਤ ਪਹਿਲਾਂ ਨਾਲੋਂ ਕਮਜ਼ੋਰ ਪੈ ਗਈ ਸੀ ਹਾਲਾਂਕਿ ਪਾਰਟੀ ਜਿੱਤ ਗਈ ਸੀ। 'ਹਿੰਦੂ-ਹਿੰਦੀ-ਹਿੰਦੋਸਤਾਨ' ਜਨ ਸੰਘ ਦਾ ਨਾਅਰਾ ਹੁੰਦਾ ਸੀ ਜਿਸ ਨਾਲ ਭਾਜਪਾ ਅੱਜ ਤੱਕ ਜੁੜੀ ਹੋਈ ਹੈ।

ਜਿੱਥੋਂ ਤੱਕ ਨਵੇਂ ਬਿਲਾਂ ਦੇ ਸਾਰ-ਤੱਤ ਦਾ ਸਬੰਧ ਹੈ ਤਾਂ ਇਸ ਵਿਚ ਜ਼ੀਰੋ ਐੱਫਆਈਆਰ ਦੀ ਵਿਵਸਥਾ, ਹਕੀਕੀ ਸੁਧਾਰ ਕਿਹਾ ਜਾ ਸਕਦਾ ਹੈ ਜਿਸ ਨਾਲ ਕੋਈ ਵੀ ਨਾਗਰਿਕ ਕਿਸੇ ਵੀ ਪੁਲੀਸ ਸਟੇਸ਼ਨ ਵਿਚ ਆਪਣੀ ਸ਼ਿਕਾਇਤ ਦਰਜ ਕਰਵਾ ਸਕਦਾ ਹੈ। ਮੌਜੂਦਾ ਸਮੇਂ ਪੁਲਿਸ ਆਮ ਤੌਰ 'ਤੇ ਐੱਫਆਈਆਰ ਦਰਜ ਕਰਨ ਤੋਂ ਇਸ ਕਰ ਕੇ ਇਨਕਾਰ ਕਰ ਦਿੰਦੀ ਹੈ ਕਿਉਂਕਿ ਸ਼ਿਕਾਇਤ ਦੇ ਵੇਰਵੇ ਦਾ ਤਾਅਲੁਕ ਕਿਸੇ ਹੋਰ ਪੁਲੀਸ ਸਟੇਸ਼ਨ ਦੇ ਅਧਿਕਾਰ ਖੇਤਰ ਨਾਲ ਹੁੰਦਾ ਹੈ। ਹੁਣ ਪੁਲੀਸ ਦੀ ਇਹ ਜ਼ਿੰਮੇਵਾਰੀ ਹੋਵੇਗੀ ਕਿ ਉਹ ਐੱਫਆਈਆਰ ਦਰਜ ਕਰਨ ਤੋਂ ਬਾਅਦ ਕੇਸ ਸਬੰਧਿਤ ਪੁਲਿਸ ਸਟੇਸ਼ਨ ਕੋਲ ਭਿਜਵਾਏ। ਸ਼ੱਕੀ ਸ਼ਖ਼ਸ ਦੇ ਟਿਕਾਣੇ ਤੋਂ ਜ਼ਬਤ ਕੀਤੇ ਗਏ ਸਾਜ਼ੋ-ਸਾਮਾਨ ਅਤੇ ਦਸਤਾਵੇਜ਼ਾਂ ਦੀ ਵੀਡਿਓਗ੍ਰਾਫੀ ਦੀ ਵਿਵਸਥਾ ਵੀ ਚੰਗਾ ਕਦਮ ਹੈ ਪਰ ਜ਼ਬਤੀ ਵੇਲੇ ਕਿਸੇ ਇਲੈਕਟ੍ਰੌਨਿਕ ਉਪ-ਕਰਨ ਦਾ 'ਹੈਸ਼ ਨੰਬਰ' ਦਰਜ ਨਾ ਕਰਨ ਦੀ ਉਕਾਈ ਹੈਰਾਨੀਜਨਕ ਹੈ। ਪੁਲੀਸ ਵਲੋਂ ਜ਼ਬਤ ਕੀਤੇ ਜਾਣ ਤੋਂ ਬਾਅਦ ਕੰਪਿਊਟਰ ਨਾਲ ਛੇੜਛਾੜ ਕਰਨ ਤੋਂ ਬਚਣ ਲਈ ਹੈਸ਼ ਨੰਬਰ ਦਰਜ ਕਰਨਾ ਬਹੁਤ ਅਹਿਮ ਹੁੰਦਾ ਹੈ। ਕੰਪਿਊਟਰ ਦੀ ਸਮੱਗਰੀ ਵਿਚ ਰੱਦੋਬਦਲ ਦੀ ਕਿਸੇ ਵੀ ਕੋਸ਼ਿਸ਼ ਭਾਵ ਸਬੂਤ ਫਿੱਟ ਕਰਨ ਲਈ ਹੈਸ਼ ਨੰਬਰ ਬਦਲਣਾ ਪਵੇਗਾ। ਸੋਧੇ ਹੋਈ ਫ਼ੌਜਦਾਰੀ ਸੰਹਿਤਾ ਲਈ ਇਹ ਅਹਿਮ ਹੈ ਕਿ ਜ਼ਬਤ ਕੀਤੇ ਗਏ ਕੰਪਿਊਟਰ ਦੀ ਹੈਸ਼ ਵੈਲਿਊ ਜ਼ਰੂਰੀ ਤੌਰ 'ਤੇ ਬਣਾਈ ਜਾਵੇ ਅਤੇ ਜ਼ਬਤ ਕਰਨ ਸਮੇਂ ਇਹ ਦਰਜ ਵੀ ਕੀਤੀ ਜਾਵੇ।

ਜਿੱਥੋਂ ਤੱਕ ਸੋਧੇ ਹੋਏ ਦੰਡ ਵਿਧਾਨ ਵਿਚੋਂ ਰਾਜਧ੍ਰੋਹ ਦੇ ਅਪਰਾਧ ਨੂੰ ਹਟਾਉਣ ਦੇ ਦਾਅਵੇ ਦਾ ਸਬੰਧ ਹੈ ਤਾਂ ਇਹ ਬਿਲਕੁੱਲ ਗ਼ਲਤ ਦਾਅਵਾ ਹੈ। ਆਈਪੀਸੀ ਵਿਚ ਰਾਜਧ੍ਰੋਹ ਦੇ ਸਬੰਧ ਵਿਚ ਧਾਰਾ 124ਏ ਸੀ ਜਦਕਿ ਭਾਰਤੀਯ ਨਿਆਏ ਸੰਹਿਤਾ ਵਿਚ ਇਹ ਧਾਰਾ 150 ਕਰ ਦਿੱਤੀ ਗਈ ਹੈ। ਪਹਿਲੀ ਧਾਰਾ ਵਿਚ ਦਰਜ ਸੀ: "ਜੋ ਕੋਈ ਵੀ ਜਾਣੇ ਜਾਂ ਅਣਜਾਣੇ, ਸ਼ਬਦਾਂ ਰਾਹੀਂ ਜੋ ਭਾਵੇਂ ਲਿਖਤੀ ਹੋਣ ਜਾਂ ਜ਼ਬਾਨੀ, ਜਾਂ ਸੰਕੇਤਾਂ ਰਾਹੀਂ, ਜਾਂ ਦਿਸਣਯੋਗ ਢੰਗਾਂ ਰਾਹੀਂ, ਜਾਂ ਇਲੈਕਟ੍ਰੌਨਿਕ ਸੰਚਾਰ ਜਾਂ ਵਿੱਤੀ ਸਾਧਨਾਂ ਰਾਹੀਂ, ਜਾਂ ਹੋਰ ਤਰੀਕੇ ਰਾਹੀਂ ਵੱਖਵਾਦ ਜਾਂ ਹਥਿਆਰਬੰਦ ਵਿਦਰੋਹ ਜਾਂ ਵਿਘਨਕਾਰੀ ਸਰਗਰਮੀਆਂ ਭੜਕਾਉਂਦਾ ਜਾਂ ਭੜਕਾਉਣ ਦੀ ਕੋਸ਼ਿਸ਼ ਕਰਦਾ ਹੈ, ਜਾਂ ਵੱਖਵਾਦੀ ਸਰਗਰਮੀਆਂ ਜਾਂ ਭਾਰਤ ਦੀ ਪ੍ਰਭੁਸੱਤਾ ਜਾਂ ਏਕਤਾ ਤੇ ਅਖੰਡਤਾ ਨੂੰ ਖ਼ਤਰੇ ਵਿਚ ਪਾਉਂਦਾ ਹੈ; ਜਾਂ ਅਜਿਹੇ ਕਿਸੇ ਅਪਰਾਧ ਵਿਚ ਸ਼ਾਮਲ ਹੁੰਦਾ ਹੈ ਤਾਂ ਉਸ ਨੂੰ ਉਮਰ ਕੈਦ ਜਾਂ ਸੱਤ ਸਾਲ ਦੀ ਕੈਦ ਅਤੇ ਇਸ ਤੋਂ ਇਲਾਵਾ ਜੁਰਮਾਨੇ ਦੀ ਸਜ਼ਾ ਹੋਵੇਗੀ।"

ਪਹਿਲਾਂ ਧਾਰਾ ਦੇ ਨਾਂ 'ਚੋਂ ਵੱਖਵਾਦ ਦਾ ਸ਼ਬਦ ਹਟਾ ਦਿੱਤਾ ਗਿਆ ਸੀ ਪਰ ਇਸ ਦੇ ਖਰੜੇ ਅਤੇ ਸਾਰ ਵਿਚ ਇਹ ਬਰਕਰਾਰ ਹੈ। ਇਸ ਨੂੰ ਸੰਵਿਧਾਨ ਸਭਾ ਦੀ ਇੱਛਾ ਦਾ ਪਾਲਣ ਕਰਨਾ ਚਾਹੀਦਾ ਸੀ ਜਿਸ ਵਿਚ ਕਿਸੇ ਖੇਤਰ ਦੇ ਵੱਖ ਹੋਣ ਬਾਰੇ ਵਿਸ਼ੇ 'ਤੇ ਬਹਿਸ ਦੌਰਾਨ ਇਸ ਨੂੰ ਬੋਲਣ ਦੀ ਆਜ਼ਾਦੀ 'ਤੇ ਇਕ ਰੋਕ ਕਰਾਰ ਦਿੰਦਿਆਂ ਇਸ ਦਾ ਵਿਰੋਧ ਕੀਤਾ ਗਿਆ ਸੀ। ਤਸ਼ੱਦਦ ਖਿਲਾਫ਼ ਸੰਯੁਕਤ ਰਾਸ਼ਟਰ ਦੇ ਅਹਿਦਨਾਮੇ ਦੀਆਂ ਧਾਰਾਵਾਂ ਨੂੰ ਨਵੇਂ ਕਾਨੂੰਨ ਵਿਚ ਥਾਂ ਨਹੀਂ ਦਿੱਤੀ ਗਈ ਜਦਕਿ ਅਜਿਹਾ ਕੀਤੇ ਜਾਣ ਦੀ ਲੋੜ ਸੀ। ਗ਼ੈਰ-ਕਾਨੂੰਨੀ ਸਰਗਰਮੀਆਂ (ਰੋਕਥਾਮ) ਕਾਨੂੰਨ (ਯੂਏਪੀਏ) ਅਤੇ ਕੌਮੀ ਸੁਰੱਖਿਆ ਐਕਟ (ਐੱਨਐੱਸਏ) ਜਿਹੇ ਹੋਰ ਕਾਨੂੰਨ ਮੌਜੂਦ ਹਨ ਜਿਨ੍ਹਾਂ ਤਹਿਤ ਸ਼ੱਕੀ ਸ਼ਖ਼ਸ ਨੂੰ ਕਾਨੂੰਨੀ ਕਾਰਵਾਈ ਤੋਂ ਬਿਨਾ ਹੀ ਹਿਰਾਸਤ ਵਿਚ ਲਿਆ ਜਾ ਸਕਦਾ ਹੈ। ਇਨ੍ਹਾਂ ਨੂੰ ਵੀ ਹਟਾਇਆ ਜਾਣਾ ਚਾਹੀਦਾ ਹੈ।

ਅਖੀਰ ਵਿਚ, ਕਿਸੇ ਖ਼ਾਸ ਕਾਨੂੰਨ ਨਾਲੋਂ ਕਾਨੂੰਨ ਲਾਗੂ ਕਰਨ ਦੀ ਸਿਆਸੀ ਇੱਛਾ ਜ਼ਿਆਦਾ ਅਹਿਮ ਹੁੰਦੀ ਹੈ। ਜੇ ਸਿਆਸੀ ਇੱਛਾ ਆਜ਼ਾਦੀ ਦਾ ਦਾਇਰਾ ਵਧਾਉਣ ਦੀ ਥਾਂ ਇਸ ਨੂੰ ਸੁੰਗੇੜਨ ਦੀ ਹੈ ਤਾਂ ਕਾਨੂੰਨਾਂ ਵਿਚ ਇਹ ਹੇਰ-ਫੇਰ ਵਿਅਰਥ ਦੀ ਕਵਾਇਦ ਸਿੱਧ ਹੋਵੇਗੀ।

# ਪਰਮਾਣੂ ਯੁੱਧ ਦੇ ਖ਼ਤਰੇ ਘਟਾਉਣ ਵਿਚ ਡਾਕਟਰਾਂ ਦੀ ਭੂਮਿਕਾ




ਡਾ. ਅਰੁਣ ਮਿੱਤਰਾ

ਪਰਮਾਣੂ ਵਿਗਿਆਨੀਆਂ ਦੇ ਬੁਲੇਟਿਨ ਦੇ ਵਿਗਿਆਨ ਅਤੇ ਸੁਰੱਖਿਆ ਬੋਰਡ ਨੇ ਜਨਵਰੀ 2023 ਵਿਚ ਅੱਧੀ ਰਾਤ ਤੋਂ ਪਹਿਲਾਂ ਪਰਲੋ ਵਾਲੀ ਘੜੀ (ਡੂਮਸਡੇ ਕਲੌਕ) ਦੀਆਂ ਸੂਈਆਂ ਨੂੰ 90 ਸਕਿੰਟ ਤੱਕ ਅੱਗੇ ਵਧਾ ਦਿੱਤਾ ਜੋ ਪਰਮਾਣੂ ਯੁੱਧ ਦੇ ਵਧ ਰਹੇ ਖ਼ਤਰਿਆਂ ਨੂੰ ਦਰਸਾਉਂਦਾ ਹੈ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਟੇਰੇਜ਼ ਨੇ ਅਗਸਤ 2022 ਵਿਚ ਚਿਤਾਵਨੀ ਦਿੱਤੀ ਸੀ– "ਸੰਸਾਰ ਹੁਣ ਪਰਮਾਣੂ ਖ਼ਤਰੇ ਦੇ ਸਮੇਂ ਵਿਚ ਹੈ ਜੋ ਸੀਤ ਯੁੱਧ ਦੇ ਸਿਖਰ ਤੋਂ ਬਾਅਦ ਨਹੀਂ ਦੇਖਿਆ ਗਿਆ। ਸਿਹਤ ਅਤੇ ਮੈਡੀਕਲ ਰਸਾਲਿਆਂ ਦੇ ਸੰਪਾਦਕਾਂ ਦੁਆਰਾ ਬਹੁਤ ਸਾਰੇ ਪਰਮਾਣੂ ਹਥਿਆਰਬੰਦ ਰਾਜਾਂ ਵਿਚਕਾਰ ਵਧ ਰਹੇ ਤਣਾਅ ਦੁਆਰਾ ਖ਼ਤਰਾ ਰੇਖਾਂਕਿਤ ਕੀਤਾ ਗਿਆ। ਦੁਨੀਆ ਭਰ ਵਿਚ ਅਸੀਂ ਸਿਹਤ ਪੇਸ਼ਾਵਰਾਂ ਅਤੇ ਨੇਤਾਵਾਂ ਨੂੰ ਜਨਤਕ ਸਿਹਤ ਅਤੇ ਗ੍ਰਹਿ ਦੀਆਂ ਜ਼ਰੂਰੀ ਜੀਵਨ ਸਹਾਇਤਾ ਪ੍ਰਣਾਲੀਆਂ ਲਈ ਇਸ ਵੱਡੇ ਖਤਰੇ ਪ੍ਰਤੀ ਸੁਚੇਤ ਹੋਣ ਲਈ ਕਹਿੰਦੇ ਹਾਂ ਅਤੇ ਇਸ ਨੂੰ ਰੋਕਣ ਲਈ ਕਾਰਵਾਈ ਦੀ ਅਪੀਲ ਕਰਦੇ ਹਾਂ।"

ਮੌਜੂਦਾ ਪਰਮਾਣੂ ਹਥਿਆਰ ਕੰਟਰੋਲ ਅਤੇ ਅਪ੍ਰਸਾਰ ਦੇ ਯਤਨ, ਗ਼ਲਤੀ ਜਾਂ ਗ਼ਲਤ ਗਣਨਾ ਦੁਆਰਾ ਪਰਮਾਣੂ ਯੁੱਧ ਦੇ ਖ਼ਤਰੇ ਤੋਂ ਵਿਸ਼ਵ ਦੀ ਆਬਾਦੀ ਦੀ ਰੱਖਿਆ ਕਰਨ ਲਈ ਨਾਕਾਫੀ ਹਨ। ਪਰਮਾਣੂ ਹਥਿਆਰਾਂ ਦੇ ਅਪਸਾਰ 'ਤੇ ਸੰਧੀ (ਐੱਨਪੀਟੀ), ਹਿੱਸਾ ਲੈਣ ਵਾਲੇ 190 ਦੇਸ਼ਾਂ ਵਿਚੋਂ ਹਰ ਇਕ ਨੂੰ ਪਰਮਾਣੂ ਹਥਿਆਰਾਂ ਦੀ ਦੌੜ ਨੂੰ ਜਲਦੀ ਖ਼ਤਮ ਕਰਨ ਅਤੇ ਪਰਮਾਣੂ ਨਿਸ਼ਸਤਰੀਕਰਨ ਨਾਲ ਸਬੰਧਿਤ ਪ੍ਰਭਾਵਸ਼ਾਲੀ ਉਪਾਵਾਂ 'ਤੇ ਮਜ਼ਬੂਤ ਵਿਸ਼ਵਾਸ ਨਾਲ ਗੱਲਬਾਤ ਨੂੰ ਅੱਗੇ ਵਧਾਉਣ ਲਈ ਅਤੇ ਸਖ਼ਤ ਤੇ ਪ੍ਰਭਾਵੀ ਕੌਮਾਂਤਰੀ ਕੰਟਰੋਲ ਅਧੀਨ ਅਤੇ ਸੰਪੂਰਨ ਨਿਸ਼ਸਤਰੀਕਰਨ 'ਤੇ ਸੰਧੀ ਲਈ ਵਚਨਬੱਧ ਕਰਦੀ ਹੈ ਪਰ ਇਸ ਦਿਸ਼ਾ ਵਿਚ ਪ੍ਰਗਤੀ ਨਿਰਾਸ਼ਾਜਨਕ ਤੌਰ 'ਤੇ ਹੌਲੀ ਰਹੀ ਹੈ ਅਤੇ 2022 ਵਿਚ ਸਭ ਤੋਂ ਤਾਜ਼ਾ ਐੱਨਪੀਟੀ ਸਮੀਖਿਆ ਕਾਨਫਰੰਸ ਅਣਮਿੱਥੇ ਸਮੇਂ ਲਈ ਪਰਮਾਣੂ ਰੋਕ 'ਤੇ ਸਹਿਮਤੀ ਬਿਆਨ ਦੇ ਬਿਨਾ ਖਤਮ ਹੋ ਗਈ। ਪਰਮਾਣੂ ਹਥਿਆਰਾਂ ਦਾ ਆਧੁਨਿਕੀਕਰਨ ਖ਼ਤਰੇ ਵਧਾ ਸਕਦਾ ਹੈ; ਉਦਾਹਰਨ ਲਈ ਹਾਈਪਰਸੋਨਿਕ ਮਿਜ਼ਾਈਲਾਂ ਹਮਲੇ ਅਤੇ ਝੂਠੇ ਅਲਾਰਮ ਵਿਚਕਾਰ ਫਰਕ ਕਰਨ ਲਈ ਉਪਲਬਧ ਸਮੇਂ ਨੂੰ ਘਟਾਉਂਦੀਆਂ ਹਨ ਅਤੇ ਤੇਜ਼ੀ ਨਾਲ ਵਧਣ ਦੀ ਸੰਭਾਵਨਾ ਵਧਾਉਂਦੀਆਂ ਹਨ।

ਪਰਮਾਣੂ ਹਥਿਆਰਾਂ ਦੀ ਕੋਈ ਵੀ ਵਰਤੋਂ ਮਨੁੱਖਤਾ ਲਈ ਘਾਤਕ ਹੈ। ਇੱਥੋਂ ਤੱਕ ਕਿ 'ਸੀਮਤ' ਪਰਮਾਣੂ ਯੁੱਧ ਜਿਸ 'ਚ ਵਿਸ਼ਵ ਵਿਚ 13,000 ਪਰਮਾਣੂ ਹਥਿਆਰਾਂ ਵਿਚੋਂ ਸਿਰਫ 250 ਹੀ 12 ਕਰੋੜ ਲੋਕਾਂ ਨੂੰ



ਮਾਰ ਸਕਦੇ ਹਨ ਅਤੇ ਵਿਸ਼ਵ ਜਲਵਾਯੂ ਵਿਘਨ ਦਾ ਕਾਰਨ ਬਣ ਸਕਦੇ ਹਨ। ਅਮਰੀਕਾ ਅਤੇ ਰੂਸ ਵਿਚਕਾਰ ਪਰਮਾਣੂ ਯੁੱਧ ਕਾਰਨ ਥੋੜ੍ਹੇ ਸਮੇਂ ਵਿਚ ਹੀ 20 ਕਰੋੜ ਜਾਂ ਇਸ ਤੋਂ ਵੱਧ ਲੋਕ ਮਰ ਸਕਦੇ ਹਨ। ਇੱਕ ਪਰਮਾਣੂ ਹਥਿਆਰ ਵਿਸਫੋਟ ਵੱਡੇ ਪੱਧਰ 'ਤੇ ਪਰਮਾਣੂ ਯੁੱਧ ਵਧਾ ਸਕਦਾ ਹੈ। ਪਰਮਾਣੂ ਹਥਿਆਰ ਖਤਮ ਕਰ ਕੇ ਸਮੱਸਿਆ ਦੇ ਮੂਲ ਕਾਰਨ ਹੱਲ ਕਰਨ ਲਈ ਬੁਨਿਆਦੀ ਕਦਮ ਵੀ ਚੁੱਕੇ ਜਾਣੇ ਚਾਹੀਦੇ ਹਨ।

ਪਰਮਾਣੂ ਯੁੱਧ ਦੇ ਖਤਰੇ ਘਟਾਉਣ ਦੇ ਯਤਨਾਂ ਵਿਚ ਸਿਹਤ ਖੇਤਰ ਦੇ ਭਾਈਚਾਰੇ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ ਅਤੇ ਭਵਿੱਖ ਵਿਚ ਵੀ ਅਜਿਹਾ ਕਰਨਾ ਜਾਰੀ ਰੱਖਣਾ ਚਾਹੀਦਾ ਹੈ। 1980 ਦੇ ਦਹਾਕੇ ਵਿਚ ਪਰਮਾਣੂ ਯੁੱਧ ਦੀ ਰੋਕਥਾਮ ਲਈ ਕੌਮਾਂਤਰੀ ਡਾਕਟਰਾਂ ਦੀ ਅਗਵਾਈ ਵਿਚ ਸਿਹਤ ਪੇਸ਼ਾਵਰਾਂ ਦੇ ਯਤਨਾਂ ਸਦਕਾ ਪਰਮਾਣੂ ਯੁੱਧ ਦੇ ਡਾਕਟਰੀ ਨਤੀਜਿਆਂ ਬਾਰੇ ਨੀਤੀ ਨਿਰਮਾਤਾਵਾਂ ਅਤੇ ਲੋਹ ਪਰਦੇ ਿ(ਰੋਨ ਚੁਰਟਅਿਨ) ਦੇ ਦੋਵਾਂ ਪਾਸਿਆਂ ਦੇ ਲੋਕਾਂ ਨੂੰ ਸਿੱਖਿਆ ਦੇ ਕੇ ਸੀਤ ਯੁੱਧ ਹਥਿਆਰਾਂ ਦੀ ਦੌੜ ਖ਼ਤਮ ਕਰਨ ਵਿਚ ਮਦਦ ਕੀਤੀ ਸੀ। ਇਸ ਦੀ ਪਛਾਣ ਉਦੋਂ ਹੋਈ ਜਦੋਂ 1985 ਵਿਚ ਨੋਬੇਲ ਸ਼ਾਂਤੀ ਪੁਰਸਕਾਰ ਆਈਪੀਪੀਐੱਨਡਬਲਿਊ ਨੂੰ ਦਿੱਤਾ ਗਿਆ।

ਆਈਪੀਪੀਐੱਨਡਬਲਿਊ ਨੇ 2007 ਵਿਚ ਪਰਮਾਣੂ ਹਥਿਆਰਾਂ ਨੂੰ ਖ਼ਤਮ ਕਰਨ ਲਈ ਕੌਮਾਂਤਰੀ ਮੁਹਿੰਮ ਦੀ ਸ਼ੁਰੂਆਤ ਕੀਤੀ ਸੀ ਜਿਸ ਵਿਚ ਸੈਂਕੜੇ ਸਹਿਭਾਗੀ ਸੰਗਠਨਾਂ ਨਾਲ ਵਿਸ਼ਵ ਪੱਧਰੀ ਸਿਵਲ ਸੁਸਾਇਟੀ ਮੁਹਿੰਮ ਵਿਚ ਵਾਧਾ ਹੋਇਆ। ਪਰਮਾਣੂ ਹਥਿਆਰਾਂ ਦੀ ਮਨਾਹੀ 'ਤੇ ਸੰਧੀ ਨੂੰ 2017 ਵਿਚ ਅਪਣਾਉਣ ਨਾਲ ਪਰਮਾਣੂ ਹਥਿਆਰਾਂ ਨੂੰ ਖਤਮ ਕਰਨ ਦਾ ਮਾਰਗ ਬਣਾਇਆ ਗਿਆ ਸੀ। ਇਸ ਕੌਮਾਂਤਰੀ ਮੁਹਿੰਮ ਨੂੰ ਪਰਮਾਣੂ ਹਥਿਆਰ ਖ਼ਤਮ ਕਰਨ ਲਈ 2017 ਵਿਚ ਨੋਬੇਲ ਸ਼ਾਂਤੀ ਪੁਰਸਕਾਰ ਦਿੱਤਾ ਗਿਆ ਸੀ। ਇੰਟਰਨੈਸ਼ਨਲ ਕਮੇਟੀ ਆਫ ਰੈੱਡ ਕਰਾਸ, ਆਈਪੀਪੀਐੱਨਡਬਲਿਊ, ਵਰਲਡ ਮੈਡੀਕਲ ਐਸੋਸੀਏਸ਼ਨ, ਵਰਲਡ ਫੈਡਰੇਸ਼ਨ ਆਫ ਪਬਲਿਕ ਹੈਲਥ ਐਸੋਸੀਏਸ਼ਨ ਅਤੇ ਇੰਟਰਨੈਸ਼ਨਲ ਕੌਂਸਲ ਆਫ ਨਰਸਿਜ਼ ਸਣੇ ਕੌਮਾਂਤਰੀ ਮੈਡੀਕਲ ਸੰਸਥਾਵਾਂ ਨੇ ਗੱਲਬਾਤ ਰਾਹੀਂ ਅਗਵਾਈ ਕਰਨ ਵਾਲੀ ਪ੍ਰਕਿਰਿਆ ਵਿਚ ਮੁੱਖ ਭੂਮਿਕਾਵਾਂ ਨਿਭਾਈਆਂ ਸਨ।

ਉਨ੍ਹਾਂ ਪਰਮਾਣੂ ਹਥਿਆਰਾਂ ਦੀ ਮਨਾਹੀ 'ਤੇ ਸੰਧੀ ਲਈ ਰਾਜਾਂ ਦੀਆਂ ਪਾਰਟੀਆਂ ਦੀ ਪਹਿਲੀ ਮੀਟਿੰਗ ਦੌਰਾਨ ਇਸ ਮਹੱਤਵਪੂਰਨ ਸਹਿਯੋਗ ਨੂੰ ਜਾਰੀ ਰੱਖਿਆ। ਵਰਤਮਾਨ ਵਿਚ 68 ਮੈਂਬਰ ਰਾਜਾਂ ਸਣੇ 92 ਦਸਤਖ਼ਤ ਕਰਤਾ ਹਨ। ਅਸੀਂ ਹੁਣ ਸਿਹਤ ਪੇਸ਼ਾਵਰ ਐਸੋਸੀਏਸ਼ਨਾਂ ਨੂੰ ਦੁਨੀਆ ਭਰ ਦੇ ਆਪਣੇ ਮੈਂਬਰਾਂ ਨੂੰ ਮਨੁੱਖੀ ਬਚਾਅ ਲਈ, ਖ਼ਤਰੇ ਬਾਰੇ ਸੂਚਿਤ ਕਰਨ ਅਤੇ ਪਰਮਾਣੂ ਯੁੱਧ ਦੇ ਨਜ਼ਦੀਕੀ ਸਮੇਂ ਦੇ ਖਤਰਿਆਂ ਨੂੰ ਘਟ-ਾਉਣ ਦੇ ਯਤਨਾਂ ਦਾ ਸਮਰਥਨ ਕਰਨ ਲਈ ਆਈਪੀਪੀਐੱਨਡਬਲਿਊ ਨਾਲ ਸ਼ਾਮਲ ਹੋਣ ਦਾ ਸੱਦਾ ਦਿੰਦੇ ਹਾਂ। ਇਸ ਵਿਚ ਪਰਮਾਣੂ ਹਥਿਆਰਬੰਦ ਰਾਜਾਂ ਅਤੇ ਉਨ੍ਹਾਂ ਦੇ ਸਹਿਯੋਗੀਆਂ ਦੇ ਤਿੰਨ ਫੌਰੀ ਕਦਮ ਸ਼ਾਮਲ ਹਨ। ਨੰਬਰ ਇੱਕ, ਪਹਿਲਾਂ ਵਰਤੋਂ ਨਾ ਕਰਨ ਦੀ ਨੀਤੀ ਅਪਣਾਓ; ਦੂਜਾ, ਆਪਣੇ ਪਰਮਾਣੂ ਹਥਿਆਰਾਂ ਨੂੰ ਵਾਲ-ਟਰਿੱਗਰ ਚਿਤਾਵਨੀ ਤੋਂ ਹਟਾਓ ਅਤੇ ਤੀਜਾ, ਮੌਜੂਦਾ ਟਕਰਾਅ ਵਿਚ ਸ਼ਾਮਲ ਸਾਰੇ ਸਟੇਟਾਂ ਨੂੰ ਜਨਤਕ ਤੌਰ 'ਤੇ ਇਹ ਵਾਅਦਾ ਕਰਨ ਦੀ ਅਪੀਲ ਕਰੋ ਕਿ ਉਹ ਇਨ੍ਹਾਂ ਸੰਘਰਸ਼ਾਂ ਵਿਚ ਪਰਮਾਣੂ ਹਥਿਆਰਾਂ ਦੀ ਵਰਤੋਂ ਨਹੀਂ ਕਰਨਗੇ।

ਪਰਮਾਣੂ ਦਾ ਖ਼ਤਰਾ ਬਹੁਤ ਵੱਡਾ ਹੈ ਅਤੇ ਵਧ ਰਿਹਾ ਹੈ। ਪਰਮਾਣੂ ਹਥਿਆਰਬੰਦ ਸਟੇਟਾਂ ਨੂੰ ਆਪਣੇ ਇਨ੍ਹਾਂ ਹਥਿਆਰਾਂ ਨੂੰ ਖ਼ਤਮ ਕਰਨਾ ਚਾਹੀਦਾ ਹੈ। ਸਿਹਤ ਭਾਈਚਾਰੇ ਨੇ ਸੀਤ ਯੁੱਧ ਦੌਰਾਨ ਅਤੇ ਹਾਲ ਹੀ ਵਿਚ ਪਰਮਾਣੂ ਹਥਿਆਰਾਂ ਦੀ ਮਨਾਹੀ 'ਤੇ ਸੰਧੀ ਦੇ ਵਿਕਾਸ ਵਿਚ ਫ਼ੈਸਲਾਕੁਨ ਭੂਮਿਕਾ ਨਿਭਾਈ ਹੈ।

ਸਾਨੂੰ ਪਰਮਾਣੂ ਯੁੱਧ ਦੇ ਖ਼ਤਰੇ ਘਟਾਉਣ ਅਤੇ ਪਰਮਾਣੂ ਹਥਿਆਰ ਖ਼ਤਮ ਕਰਨ ਲਈ ਨਵੀਂ ਊਰਜਾ ਨਾਲ ਕੰਮ ਕਰਦੇ ਹੋਏ, ਇੱਕ ਜ਼ਰੂਰੀ ਤਰਜੀਹ ਵਜੋਂ ਇਸ ਚੁਣੌਤੀ ਨੂੰ ਦੁਬਾਰਾ ਲੈਣਾ ਚਾਹੀਦਾ ਹੈ।

ਇਨ੍ਹਾਂ ਸਿਹਤ ਸੰਸਥਾਵਾਂ ਦੇ ਨੁਮਾਇੰਦਿਆਂ 'ਚ ਕਾਮਰਾਨ ਅੱਬਾਸੀ, ਪਰਵੀਨ ਅਲੀ, ਵਰਜੀਨੀਆ ਬਾਰਬਰ, ਕਰਸਟਨ ਬਿਬਿਨਸ-ਡੋਮਿੰਗੋ, ਮਾਰਸੇਲ ਜੀਐੱਮ ਓਲਡ ਰਿੱਕਰਟ, ਐਂਡੀ ਹੇਨਸ, ਈਰਾ ਹੇਲਫੈਂਡ, ਰਿਚਰਡ ਹੌਰਟਨ, ਬੌਬ ਮੈਸ਼, ਡਾ. ਅਰੁਣ ਮਿੱਤਰਾ, ਕਾਰਲੋਸ ਮੋਂਟੇਰੀਓ, ਏਲੇਨਾ ਐੱਨ ਨੌਮੋਵਾ, ਐਰਿਕ ਜੇ ਰੁਬਿਨ, ਟਿਲਮੈਨ ਰਫ, ਪਿਊਸ਼ ਸਾਹਨੀ, ਜੇਮਸ ਤੁਮਵਾਈਨ, ਪੌਲ ਯੌਂਗਾ, ਕ੍ਰਿਸ ਜ਼ੀਲਿਨਸਕੀ ਦੇ ਨਾਮ ਸ਼ਾਮਲ ਹਨ।

### ਸਰਹੱਦ 'ਤੇ ਪਰਵਾਸੀਆਂ ਦਾ ਸਮੂਹਿਕ ਕਤਲੇਆਮ

# ਬਹੁਤ ਖਤਰਨਾਕ ਨੇ ਸਾਊਦੀ ਅਰਬ-ਯਮਨ ਬਾਰਡਰ ਦੇ ਹਾਲਾਤ

ਹਿਊਮਨ ਰਾਈਟਸ ਵਾਚ ਦੀ ਇਕ ਨਵੀਂ ਰਿਪੋਰਟ ਵਿੱਚ ਇਲਜ਼ਾਮ ਲਗਾਇਆ ਗਿਆ ਹੈ ਕਿ ਸਾਊਦੀ ਅਰਬ ਦੇ ਸਰਹੱਦੀ ਗਾਰਡਾਂ ਨੇ ਯਮਨ ਦੀ ਸਰਹੱਦ 'ਤੇ ਪਰਵਾਸੀਆਂ ਦਾ ਸਮੂਹਿਕ ਕਤਲੇਆਮ ਕੀਤਾ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਯੁੱਧ ਪ੍ਰਭਾਵਿਤ ਯਮਨ ਨੂੰ ਪਾਰ ਕਰਕੇ ਸਾਊਦੀ ਅਰਬ ਪਹੁੰਚਣ ਦੀ ਕੋਸ਼ਿਸ਼ ਕਰਨ ਵਾਲੇ ਕਿ ਸੈਂਕੜੇ ਲੋਕਾਂ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਇਥੋਪੀਆਈ ਸਨ, ਨੂੰ ਗਾਰਡਾਂ ਨੇ ਗੋਲੀਆਂ ਨਾਲ ਮਾਰ ਦਿੱਤਾ। ਅਜਿਹੇ ਪਰਵਾਸੀਆਂ 'ਚ ਸ਼ਾਮਲ ਕੁਝ ਲੋਕਾਂ ਨੇ ਬੀਬੀਸੀ ਨੂੰ ਦੱਸਿਆ ਹੈ ਕਿ ਗੋਲੀਆਂ ਲੱਗਣ ਨਾਲ ਉਨ੍ਹਾਂ ਦੇ ਅੰਗ ਸਰੀਰ ਤੋਂ ਵੱਖ ਹੋ ਗਏ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਉਨ੍ਹਾਂ ਨੇ ਆਪਣੀਆਂ ਅੱਖਾਂ ਨਾਲ ਆਪਣੇ ਆਲੇ-ਦੁਆਲੇ ਲਾਸ਼ਾਂ ਦੇ ਢੇਰ ਵੇਖੇ।

ਇਸ ਤੋਂ ਪਹਿਲਾਂ, ਸਾਊਦੀ ਅਰਬ ਨੇ ਯੋਜਨਾਬੱਧ ਕਤਲਾਂ ਦੇ ਅਜਿਹੇ ਇਲਜ਼ਾਮਾਂ ਨੂੰ ਖਾਰਿਜ ਕਰ ਦਿੱਤਾ ਸੀ। 'ਉਨ੍ਹਾਂ ਨੇ ਸਾਡੇ 'ਤੇ ਮੀਂਹ ਵਾਂਗ ਗੋਲੀਆਂ ਵਰਸਾਈਆਂ'। ਹਿਊਮਨ ਰਾਈਟਸ ਵਾਚ (ਐੱਚ ਆਰ ਡਬਲਿਯੂ) ਦੀ ਇਸ ਰਿਪੋਰਟ ਦਾ ਸਿਰਲੇਖ ਹੈ- ਦੇਅ ਫਾਇਰਡ ਆਨ ਅਸ ਲਾਈਕ ਰੇਨ, ਇਸ ਦਾ ਮਤਲਬ ਹੈ - ਉਨ੍ਹਾਂ ਨੇ ਸਾਡੇ 'ਤੇ ਮੀਂਹ ਵਾਂਗ ਗੋਲੀਆਂ ਵਰਸਾਈਆਂ।

ਇਸ ਰਿਪੋਰਟ ਵਿੱਚ ਪਰਵਾਸੀਆਂ ਦੀਆਂ ਉਹ ਗਵਾਹੀਆਂ ਸ਼ਾਮਲ ਹਨ, ਜਿਨ੍ਹਾਂ 'ਚ ਪੀੜਤਾਂ ਨੇ ਦੱਸਿਆ ਹੈ ਕਿ ਕਿਵੇਂ ਸਾਊਦੀ ਅਰਬ ਦੇ ਨਾਲ ਲਗਦੀ ਸਖ਼ਤ ਪਹਿਰੇ ਵਾਲੀ ਯਮਨ ਦੀ ਉੱਤਰੀ ਸਰਹੱਦ 'ਤੇ ਸਾਊਦੀ ਪੁਲਿਸ ਅਤੇ ਸੈਨਿਕਾਂ ਨੇ ਉਨ੍ਹਾਂ 'ਤੇ ਗੋਲੀਆਂ ਚਲਾਈਆਂ ਅਤੇ ਕਈ ਵਾਰ ਵਿਸਫੋਟਕ ਹਥਿਆਰਾਂ ਨਾਲ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ। ਕੁਝ ਪਰਵਾਸੀਆਂ ਨੇ ਰਾਤ ਦੇ ਸਮੇਂ ਕੀਤੀ ਜਾਂਦੀ ਖਤਰਨਾਕ ਬਾਰਡਰ ਕ੍ਰਾਸਿੰਗ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਕਿਵੇਂ ਉਸ ਦੌਰਾਨ ਇਥੋਪੀਆ ਦੇ ਲੋਕਾਂ ਦੇ ਵੱਡੇ ਸਮੂਹ, ਜਿਨ੍ਹਾਂ ਵਿਚ ਬਹੁਤ ਸਾਰੀਆਂ ਔਰਤਾਂ ਅਤੇ ਬੱਚੇ ਸ਼ਾਮਲ ਸਨ, ਗੋਲੀਬਾਰੀ ਦੀ ਲਪੇਟ ਵਿੱਚ ਆ ਗਏ ਸਨ। ਇਹ ਉਹ ਲੋਕ ਹਨ, ਜੋ ਤੇਲ ਨਾਲ ਭਰਪੂਰ ਦੇਸ਼ ਵਿੱਚ ਜਾਣ ਦੀ ਕੋਸ਼ਿਸ਼ ਕਰ ਰਹੇ ਸਨ, ਤਾਂ ਜੋ ਉੱਥੇ ਜਾ ਕੇ ਕੋਈ ਕੰਮ-ਧੰਦਾ ਕਰ ਸਕਣ।

21 ਸਾਲਾ ਮੁਸਤਫਾ ਸੌਫੀਆ ਮੁਹੰਮਦ ਨੇ ਬੀਬੀਸੀ ਨੂੰ ਦੱਸਿਆ, "ਗੋਲੀਆਂ ਵਰਸਦੀਆਂ ਹੀ ਰਹੀਆਂ।" ਮੁਸਤਫ਼ਾ ਨੇ ਦੱਸਿਆ, ਜਦੋਂ ਪਿਛਲੇ ਸਾਲ ਜੁਲਾਈ ਮਹੀਨੇ ਵਿੱਚ ਉਨ੍ਹਾਂ ਦਾ ਲਗਭਗ 45 ਲੋਕਾਂ ਦਾ ਸਮੂਹ ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ, ਤਾਂ ਗੋਲੀਬਾਰੀ ਦੀ ਲਪੇਟ 'ਚ ਆਉਣ ਕਾਰਨ ਉਨ੍ਹਾਂ ਵਿੱਚੋਂ ਕਈ ਲੋਕ ਮਾਰੇ ਗਏ ਸਨ। ਉਨ੍ਹਾਂ ਦੱਸਿਆ, "ਮੈਨੂੰ ਪਤਾ ਵੀ ਨਹੀਂ ਲੱਗਾ ਕਿ ਮੇਰੇ ਵੀ ਗੋਲੀ ਲੱਗੀ ਸੀ, ਪਰ ਜਦੋਂ ਮੈਂ ਉੱਠ ਕੇ ਚੱਲਣ ਦੀ ਕੋਸ਼ਿਸ਼ ਕੀਤੀ ਤਾਂ ਮੇਰੀ ਲੱਤ ਦਾ ਹਿੱਸਾ ਮੇਰੇ ਸਰੀਰ ਦੇ ਨਾਲ ਹੀ ਨਹੀਂ ਸੀ।" ਉਨ੍ਹਾਂ ਦੀ ਇਹ ਯਾਤਰਾ ਯਮਨ ਅਤੇ ਇਥੋਪੀਆ ਦੇ ਤਸਕਰਾਂ ਦੇ ਖ਼ਤਰੇ, ਭੁੱਖਮਰੀ ਅਤੇ ਹਿੰਸਾ ਨਾਲ ਭਰੀ ਹੋਈ ਸੀ। ਪਰ ਤਿੰਨ ਮਹੀਨਿਆਂ ਦੀ ਇਸ ਲੰਮੀ ਯਾਤਰਾ ਦਾ ਅੰਤ ਹੋਰ ਵੀ ਬੇਰਹਿਮ ਅਤੇ ਦਰਦਨਾਕ ਸੀ। ਹਮਲੇ ਤੋਂ ਘੰਟਿਆਂ ਬਾਅਦ ਫਿਲਮਾਏ ਗਏ ਇੱਕ ਵੀਡੀਓ ਵਿੱਚ ਮੁਸਤਫ਼ਾ ਦਾ ਖੱਬਾ ਪੈਰ ਲਗਭਗ ਪੂਰੀ ਤਰ੍ਹਾਂ ਕੱਟਿਆ ਹੋਇਆ ਨਜ਼ਰ ਆਉਂਦਾ ਹੈ। ਇਸ ਹਾਦਸੇ ਤੋਂ ਬਾਅਦ, ਮੁਸਤਫਾ ਦੀ ਲੱਤ ਗੋਡੇ ਤੋਂ ਹੇਠਾਂ ਕੱਟਣੀ ਪਈ। ਹੁਣ ਉਹ ਮੁੜ ਇਥੋਪੀਆ ਵਿੱਚ ਆਪਣੇ ਮਾਤਾ-ਪਿਤਾ ਨਾਲ ਰਹਿ ਰਹੇ ਹਨ। ਉਹ ਬੈਸਾਖੀਆਂ ਅਤੇ ਇੱਕ ਬੇਕਾਰ ਜਿਹੀ ਨਕਲੀ ਲੱਤ ਦੇ ਸਹਾਰੇ ਤੁਰਦੇ ਹਨ।

ਦੋ ਬੱਚਿਆਂ ਦੇ ਪਿਤਾ ਮੁਸਤਫ਼ਾ ਨੇ ਕਿਹਾ, "ਮੈਂ ਸਾਊਦੀ ਅਰਬ ਗਿਆ ਸੀ ਕਿਉਂਕਿ ਮੈਂ ਆਪਣੇ ਪਰਿਵਾਰ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣਾ ਚਾਹੁੰਦਾ ਸੀ, ਪਰ ਮੇਰੀ ਉਮੀਦ ਪੂਰੀ ਨਾ ਹੋ ਸਕੀ ਤੇ ਹੁਣ ਉਲਟਾ ਮੇਰੇ ਮਾਪਿਆਂ ਨੂੰ ਹੀ ਮੇਰੇ ਲਈ ਸਭ ਕੁਝ ਕਰਨਾ ਪੈਂਦਾ ਹੈ।" ਇਸ ਕਤਲੇਆਮ ਤੋਂ ਬਚੇ ਕੁਝ ਲੋਕ ਅਜੇ ਵੀ ਸਦਮੇ 'ਚ ਹਨ। ਯਮਨ ਦੀ ਰਾਜਧਾਨੀ ਵਿੱਚ ਰਹਿੰਦੇ ਜ਼ਾਹਰਾ ਮੁਸ਼ਕਿਲ ਨਾਲ ਆਪਣੇ ਆਪ ਨੂੰ ਇਸ ਬਾਰੇ ਤਿਆਰ ਕਰ ਸਕੇ ਕਿ ਉਹ ਦੱਸਣ ਕਿ ਉਨ੍ਹਾਂ ਨਾਲ ਕੀ ਵਾਪਰਿਆ। ਉਹ ਕਹਿੰਦੇ ਹਨ ਕਿ ਉਹ 18 ਸਾਲ ਦੇ ਹਨ, ਪਰ ਉਹ ਆਪਣੀ ਉਮਰ ਤੋਂ ਛੋਟੇ ਦਿਖਾਈ ਦਿੰਦੇ ਹਨ। ਉਨ੍ਹਾਂ ਦੀ ਪਛਾਣ ਲੁਕਾਉਣ ਲਈ ਇਥੇ ਉਨ੍ਹਾਂ ਦਾ ਅਸਲੀ ਨਾਮ ਨਹੀਂ ਦੱਸਿਆ ਜਾ ਰਿਹਾ ਹੈ। ਜ਼ਾਹਰਾ ਨੂੰ ਪਹਿਲਾਂ ਹੀ ਇਹ ਯਾਤਰਾ ਬਹੁਤ ਮਹਿੰਗੀ ਪਈ ਸੀ, ਜਿਸ ਲਈ ਉਨ੍ਹਾਂ ਨੂੰ ਰਿਸ਼ਵਤ ਵਜੋਂ ਲਗਭਗ 2500 ਡਾਲਰ ਦੇਣੇ ਪਏ ਸਨ। ਇਸ ਤੋਂ ਬਾਅਦ ਸਰਹੱਦ 'ਤੇ ਹੋਈ ਗੋਲੀਬਾਰੀ ਨੇ ਉਨ੍ਹਾਂ ਲਈ ਸਾਰੀ ਸਥਿਤੀ ਨੂੰ ਵੀ ਵਿਗਾੜ ਦਿੱਤਾ ਅਤੇ ਉਨ੍ਹਾਂ ਨੂੰ ਕਦੇ ਨਾ ਭੁੱਲ ਸਕਣ ਵਾਲੀ ਡਰਾਉਣੀ ਯਾਦ ਦੇ ਦਿੱਤੀ। ਇਸ ਦੌਰਾਨ ਲੱਗੀ ਇੱਕ ਗੋਲੀ ਨੇ ਉਨ੍ਹਾਂ ਦੇ ਹੱਥ ਦੀਆਂ ਸਾਰੀਆਂ ਉਂਗਲਾਂ ਹੀ ਉਡਾ ਦਿੱਤੀਆਂ। ਜਦੋਂ ਉਨ੍ਹਾਂ ਨੂੰ ਇਸ ਸੱਟ ਬਾਰੇ ਪੁੱਛਿਆ ਗਿਆ ਤਾਂ ਦਰਦ ਉਨ੍ਹਾਂ ਦੀਆਂ ਅੱਖਾਂ 'ਚ ਸਾਫ਼ ਨਜ਼ਰ ਆਇਆ ਤੇ ਉਹ ਆਪ ਇੱਕ ਸ਼ਬਦ ਵੀ ਨਾ ਬੋਲ ਸਕੇ।





#### ਕਬਰਾਂ ਨਾਲ ਭਰੇ ਰਸਤੇ

ਸੰਯੁਕਤ ਰਾਸ਼ਟਰ ਦੇ ਇੰਟਰਨੈਸ਼ਨਲ ਆਰਗੇਨਾਈਜ਼ੇਸ਼ਨ ਫਾਰ ਮਾਈਗ੍ਰੇਸ਼ਨ ਦੇ ਅਨੁਸਾਰ, ਇੱਕ ਸਾਲ ਵਿੱਚ 2 ਲੱਖ ਤੋਂ ਵੱਧ ਲੋਕ ਅਜਿਹੀ ਖਤਰਨਾਕ ਯਾਤਰਾ ਦੀ ਕੋਸ਼ਿਸ਼ ਕਰਦੇ ਹਨ। ਉਹ ਸਮੁੰਦਰ ਰਾਹੀਂ, ਅਫ਼ਰੀਕਾ ਤੋਂ ਯਮਨ ਜਾਂਦੇ ਹਨ ਅਤੇ ਫਿਰ ਉੱਥੋਂ ਸਾਊਦੀ ਅਰਬ ਜਾਣ ਦੀ ਕੋਸ਼ਿਸ਼ ਕਰਦੇ ਹਨ। ਮਨੁੱਖੀ ਅਧਿਕਾਰ ਸੰਗਠਨਾਂ ਦਾ ਕਹਿਣਾ ਹੈ ਕਿ ਕਈਆਂ ਨੂੰ ਇਸ ਯਾਤਰਾ ਵਿੱਚ ਕੈਦ ਅਤੇ ਕੁੱਟਮਾਰ ਵੀ ਝੱਲਣੀ ਪੈਂਦੀ ਹੈ। ਇਸ ਤੋਂ ਇਲਾਵਾ, ਸਮੁੰਦਰ ਪਾਰ ਕਰਨਾ ਕਾਫ਼ੀ ਖ਼ਤਰਨਾਕ ਹੈ। ਪਿਛਲੇ ਹਫ਼ਤੇ ਜਿਬੋਤੀ ਦੇ ਤੱਟ 'ਤੇ ਇਕ ਜਹਾਜ਼ ਦੇ ਡੁੱਬਣ ਤੋਂ ਬਾਅਦ 24 ਤੋਂ ਵੱਧ ਪਰਵਾਸੀਆਂ ਦੇ ਲਾਪਤਾ ਹੋਣ ਦੀ ਖ਼ਬਰ ਹੈ। ਯਮਨ ਵਿੱਚ, ਪਰਵਾਸ ਵਾਲੇ ਰਸਤੇ ਉਨ੍ਹਾਂ ਲੋਕਾਂ ਦੀਆਂ ਕਬਰਾਂ ਨਾਲ ਭਰੇ ਪਏ ਹਨ, ਜੋ ਰਾਹ ਵਿੱਚ ਹੀ ਮਰ ਗਏ। ਪਿਛਲੇ ਸਾਲ, ਯਮਨ ਦੀ ਰਾਜਧਾਨੀ ਸਨਾ ਵਿੱਚ ਇੱਕ ਨਜ਼ਰਬੰਦੀ ਕੇਂਦਰ ਵਿੱਚ ਅੱਗ ਲੱਗਣ ਕਾਰਨ ਦਰਜਨਾਂ ਪਰਵਾਸੀ ਮਾਰੇ ਗਏ ਸਨ। ਇਸ ਕੈਂਪ ਨੂੰ ਉੱਤਰੀ ਯਮਨ ਦੇ ਜ਼ਿਆਦਾਤਰ ਹਿੱਸੇ 'ਤੇ ਕੰਟਰੋਲ ਕਰਨ ਵਾਲੇ ਦੇਸ਼ ਦੇ ਹੋਥੀ ਬਾਗੀ ਲੋਕ ਚਲਾਉਂਦੇ ਹਨ।

ਪਰ ਹਿਊਮਨ ਰਾਈਟਸ ਵਾਚ ਦੀ ਤਾਜ਼ਾ ਰਿਪੋਰਟ ਵਿੱਚ ਦਰਸਾਏ ਗਏ ਦੁਰਵਿਵਹਾਰ ਪੈਮਾਨੇ ਅਤੇ ਸੁਭਾਅ ਵਿੱਚ ਬਹੁਤ ਵੱਖਰੇ ਹਨ। ਇਸ ਰਿਪੋਰਟ ਦੀ ਮੁੱਖ ਲੇਖਿਕਾ, ਨਾਦੀਆ ਹਾਰਡਮੈਨ ਨੇ ਦੱਸਿਆ, "ਅਸੀਂ ਜੋ ਦਸਤਾਵੇਜ਼ ਪੇਸ਼ ਕੀਤਾ ਹੈ ਉਹ ਜ਼ਾਹਿਰ ਤੌਰ 'ਤੇ ਸਮੂਹਿਕ ਕਤਲੇਆਮ ਹਨ।" ਉਨ੍ਹਾਂ ਕਿਹਾ, "ਲੋਕਾਂ ਨੇ ਅਜਿਹੇ ਦ੍ਰਿਸ਼ ਦੱਸੇ ਹਨ, ਜੋ ਕਿਸੇ ਕਤਲਾਂ ਵਾਲੇ ਇਲਾਕੇ ਨੂੰ ਪੇਸ਼ ਕਰਦੇ ਹਨ - ਜਿੱਥੇ ਹਰ ਪਾਸੇ ਬਸ ਲਾਸ਼ਾਂ ਹੀ ਲਾਸ਼ਾਂ ਸਨ।" ਇਸ ਰਿਪੋਰਟ ਵਿੱਚ ਮਾਰਚ 2022 ਤੋਂ ਇਸ ਸਾਲ ਜੂਨ ਤੱਕ ਦੀ ਮਿਆਦ ਬਾਰੇ ਜਾਣਕਾਰੀ ਹੈ। ਇਸ ਵਿੱਚ ਦੱਸਿਆ ਗਿਆ ਹੈ ਕਿ ਇਸ ਮਿਆਦ ਦੌਰਾਨ ਵਿਸਫੋਟਕ ਹਥਿਆਰਾਂ ਦੇ ਹਮਲਿਆਂ ਵਾਲੀਆਂ 28 ਵੱਖ-ਵੱਖ ਘਟਨਾਵਾਂ ਹੋਈਆਂ ਅਤੇ ਸਰਹੱਦ 'ਤੇ ਗੋਲੀਬਾਰੀ ਦੀਆਂ 14 ਘਟਨਾਵਾਂ ਵਾਪਰੀਆਂ। ਨਾਦੀਆ ਦੱਸਦੇ ਹਨ ਕਿ "ਮੈਂ ਬਚੇ ਹੋਏ ਲੋਕਾਂ ਦੁਆਰਾ ਭੇਜੇ ਗਏ ਸੈਂਕੜੇ ਗ੍ਰਾਫਿਕ ਚਿੱਤਰ ਅਤੇ ਵੀਡੀਓ ਦੇਖੇ ਹਨ। ਉਹ ਬਹੁਤ ਭਿਆਨਕ ਸੱਟਾਂ ਅਤੇ ਧਮਾਕੇ ਦੇ ਜ਼ਖ਼ਮਾਂ ਨੂੰ ਦਰਸਾਉਂਦੇ ਹਨ।"

ਰਿਪੋਰਟ ਦੇ ਲੇਖਕਾਂ ਦਾ ਕਹਿਣਾ ਹੈ ਕਿ ਸਰਹੱਦ 'ਤੇ ਪਰਵਾਸ ਲਈ ਇਸਤੇਮਾਲ ਹੋਣ ਵਾਲੇ ਰਸਤੇ ਬਹੁਤ ਦੂਰ-ਦੁਰਾਡੇ ਵਾਲੇ ਇਲਾਕਿਆਂ ਵਿੱਚ ਹਨ ਅਤੇ ਬਚੇ ਲੋਕਾਂ ਦਾ ਪਤਾ ਲਗਾਉਣਾ ਵੀ ਸੌਖਾ ਨਹੀਂ ਹੈ, ਜਿਸ ਕਾਰਨ ਇਹ ਪਤਾ ਲਗਾਉਣਾ ਵੀ ਔਖਾ ਹੈ ਕਿ ਆਖਿਰ ਕੁੱਲ ਕਿੰਨੇ ਲੋਕ ਮਾਰੇ ਗਏ ਹਨ। ਨਾਦੀਆ ਕਹਿੰਦੇ ਹਨ, "ਅਸੀਂ ਘੱਟੋ-ਘੱਟ 655 ਕਹਿੰਦੇ ਹਾਂ, ਪਰ ਇਹ ਹਜ਼ਾਰਾਂ ਹੋਣ ਦੀ ਸੰਭਾਵਨਾ ਹੈ।" ਉਨ੍ਹਾਂ ਕਿਹਾ, "ਅਸੀਂ ਅਸਲ ਵਿੱਚ ਦਿਖਾਇਆ ਹੈ ਕਿ ਦੁਰਵਿਵਹਾਰ ਵਿਆਪਕ ਅਤੇ ਯੋਜਨਾਬੱਧ ਹਨ ਅਤੇ ਮਨੁੱਖਤਾ ਦੇ ਵਿਰੁੱਧ ਅਪਰਾਧ ਦੀ ਸ਼੍ਰੇਣੀ 'ਚ ਆ ਸਕਦੇ ਹਨ।" ਉੱਤਰੀ ਸਰਹੱਦ ਦੇ ਨਾਲ ਸਾਊਦੀ ਸੁਰੱਖਿਆ ਬਲਾਂ ਦੁਆਰਾ ਕੀਤੇ ਗਏ ਵਿਆਪਕ ਕਤਲੇਆਮ ਦੀਆਂ ਰਿਪੋਰਟਾਂ ਪਿਛਲੇ ਅਕਤੂਬਰ ਵਿੱਚ ਉਸ ਵੇਲੇ ਸਾਹਮਣੇ ਆਈਆਂ ਸਨ ਜਦੋਂ ਸੰਯੁਕਤ ਰਾਸ਼ਟਰਜ਼ ਦੇ ਮਾਹਰਾਂ ਨੇ ਰਿਆਦ ਵਿੱਚ ਸਰਕਾਰ ਨੂੰ ਇੱਕ ਚਿੱਠੀ ਲਿਖੀ ਸੀ। ਉਨ੍ਹਾਂ ਨੇ ਇਸ ਗੱਲ ਦੀ ਜਾਣਕਾਰੀ ਦਿੱਤੀ ਕਿ "ਪ੍ਰਵਾਸੀਆਂ ਦੇ ਵਿਰੁੱਧ ਗੋਲਾਬਾਰੀ ਅਤੇ ਛੋਟੇ ਹਥਿਆਰਾਂ ਦੀ ਵਰਤੋਂ ਕਰਦਿਆਂ, ਸਾਊਦੀ ਸੁਰੱਖਿਆ ਬਲਾਂ ਦੁਆਰਾ ਵੱਡੇ ਪੱਧਰ 'ਤੇ ਅੰਨ੍ਹੇਵਾਹ ਸਰਹੱਦ 'ਤੇ ਹੱਤਿਆਵਾਂ ਦਾ ਇੱਕ ਯੋਜਨਾਬੱਧ ਪੈਟਰਨ ਜਾਪਦਾ ਹੈ।" ਇੰਨੇ ਵੱਡੇ ਇਲਜ਼ਾਮ ਦੇ ਬਾਵਜੂਦ ਵੀ ਇਸ ਪੱਤਰ ਨੂੰ ਅਣਗੌਲਿਆ ਕਰ ਦਿੱਤਾ ਗਿਆ।

#### ਸਾਊਦੀ ਅਰਬ ਦਾ ਇਲਜ਼ਾਮਾਂ ਤੋਂ ਇਨਕਾਰ

ਸਾਊਦੀ ਅਰਬ ਸਰਕਾਰ ਨੇ ਕਿਹਾ ਕਿ ਉਸ ਨੇ ਇਨ੍ਹਾਂ ਇਲਜ਼ਾਮਾਂ ਨੂੰ ਗੰਭੀਰਤਾ ਨਾਲ ਲਿਆ ਹੈ ਪਰ ਉਨ੍ਹਾਂ ਨੇ ਸੰਯੁਕਤ ਰਾਸ਼ਟਰ ਦੀ ਇਸ ਗੱਲ ਨੂੰ ਜ਼ੋਰਦਾਰ ਢੰਗ ਨਾਲ ਖਾਰਿਜ ਕਰ ਦਿੱਤਾ ਹੈ ਕਿ ਇਹ ਹੱਤਿਆਵਾਂ ਯੋਜਨਾਬੱਧ ਤਰੀਕੇ ਨਾਲ ਜਾਂ ਵੱਡੇ ਪੱਧਰ 'ਤੇ ਹੋਈਆਂ ਸਨ। ਸਰਕਾਰ ਨੇ ਆਪਣੇ ਜਵਾਬ ਵਿੱਚ ਕਿਹਾ, "ਪ੍ਰਦਾਨ ਕੀਤੀ ਗਈ ਸੀਮਤ ਜਾਣਕਾਰੀ ਦੇ ਆਧਾਰ 'ਤੇ ਰਾਜ ਦੇ ਅੰਦਰ ਅਧਿਕਾਰੀਆਂ ਨੇ ਪਾਇਆ ਕਿ ਇਨ੍ਹਾਂ ਇਲਜ਼ਾਮਾਂ ਦੀ ਪੁਸ਼ਟੀ ਜਾਂ ਪ੍ਰਮਾਣ ਲਈ ਕੋਈ ਜਾਣਕਾਰੀ ਜਾਂ ਸਬੂਤ ਨਹੀਂ ਮਿਲੇ ਹਨ।" ਪਰ ਪਿਛਲੇ ਮਹੀਨੇ, ਮਿਕਸਡ ਮਾਈਗ੍ਰੇਸ਼ਨ ਸੈਂਟਰ, ਇੱਕ ਗਲੋਬਲ ਰਿਸਰਚ ਨੈਟਵਰਕ ਨੇ ਬਚੇ ਲੋਕਾਂ ਨਾਲ ਕੀਤੇ ਇੰਟਰਵਿਊ ਦੇ ਅਧਾਰ ਤੇ, ਸਰਹੱਦ 'ਤੇ ਹੋਏ ਕਤਲਾਂ ਬਾਰੇ ਹੋਰ ਇਲਜ਼ਾਮਾਂ ਦੀ ਜਾਣਕਾਰੀ ਪ੍ਰਕਾਸ਼ਿਤ ਕੀਤੀ ਹੈ। ਇਸ ਰਿਪੋਰਟ ਵਿੱਚ ਸਰਹੱਦੀ ਖੇਤਰ ਵਿੱਚ, ਸਰਹੱਦ ਦੇ ਨਾਲ-ਨਾਲ ਖਿੱਲਰੀਆਂ ਹੋਈਆਂ ਅਤੇ ਸੜਦੀਆਂ ਲਾਸ਼ਾਂ ਦੇ ਵੇਰਵੇ ਹਨ। ਇਸ ਦੇ ਨਾਲ ਹੀ ਉਹ ਵੇਰਵੇ ਵੀ ਹਨ ਜਿੱਥੇ ਫੜ੍ਹੇ ਗਏ ਪ੍ਰਵਾਸੀਆਂ ਨੂੰ ਸਾਊਦੀ ਸਰਹੱਦੀ ਗਾਰਡਾਂ ਦੁਆਰਾ ਪੁੱਛਿਆ ਜਾ ਰਿਹਾ ਹੈ ਕਿ ਉਹ ਕਿਸ ਲੱਤ ਵਿੱਚ ਗੋਲੀ ਖਾਣਾ ਚਾਹੁੰਦੇ ਹਨ। ਰਿਪੋਰਟ ਵਿੱਚ ਡਰੇ ਹੋਏ ਲੋਕਾਂ ਦੇ ਵੱਡੇ ਸਮੂਹਾਂ 'ਤੇ ਹਮਲਾ ਕਰਨ ਲਈ ਮਸ਼ੀਨਗੰਨ ਅਤੇ ਮੋਰਟਾਰ ਦੀ ਵਰਤੋਂ ਕਰਨ ਦੇ ਗ੍ਰਾਫਿਕ ਵਰਣਨ ਵੀ ਸ਼ਾਮਲ ਹਨ। ਪਰ, ਹਿਊਮਨ ਰਾਈਟਸ ਵਾਚ ਦੀ ਰਿਪੋਰਟ ਅਜੇ ਤੱਕ ਦੀ ਸਭ ਤੋਂ ਵਿਸਤ੍ਰਿਤ ਰਿਪੋਰਟ ਹੈ, ਜਿਸ ਵਿੱਚ ਕਈ ਚਸ਼ਮਦੀਦਾਂ ਦੀਆਂ ਗਵਾਹੀਆਂ ਹਨ।

ਇਸ ਵਿੱਚ, ਕ੍ਰਾਸਿੰਗ ਪੁਆਇੰਟਾਂ ਦੇ ਸੈਟੇਲਾਈਟ ਚਿੱਤਰ ਵੀ ਹਨ, ਜਿੱਥੇ ਬਹੁਤ ਸਾਰੇ ਕਤਲ ਹੋਏ ਦੱਸੇ ਜਾਂਦੇ ਹਨ ਅਤੇ ਨਾਲ ਹੀ ਲਾਸ਼ਾ ਦਫ਼ਨਾਉਣ ਵਾਲੀਆਂ ਅਸਥਾਈ ਥਾਵਾਂ ਦੀ ਵੀ ਜਾਣਕਾਰੀ ਹੈ। ਇਸ ਰਿਪੋਰਟ ਵਿਚ ਯਮਨ ਦੇ ਬਿਲਕੁਲ ਅੰਦਰ ਮੋਨਾਬੀਹ ਵਿਖੇ ਇਕ ਨਜ਼ਰਬੰਦੀ ਕੇਂਦਰ ਦੀ ਵੀ ਜਾਣਕਾਰੀ ਹੈ, ਜਿੱਥੇ ਹਥਿਆਰਬੰਦ ਤਸਕਰਾਂ ਦੁਆਰਾ ਸਰਹੱਦ 'ਤੇ ਲਿਜਾਣ ਤੋਂ ਪਹਿਲਾਂ ਪਰਵਾਸੀਆਂ ਨੂੰ ਰੱਖਿਆ ਜਾਂਦਾ ਹੈ। ਐਚ ਆਰ ਡਬਲਿਯੂ ਦੁਆਰਾ ਇੰਟਰਵਿਊ ਕੀਤੇ ਗਏ ਇੱਕ ਪਰਵਾਸੀ ਦੇ ਅਨੁਸਾਰ, ਯਮਨ ਦੇ ਹੋਥੀ ਬਾਗੀ ਲੋਕ ਮੋਨਾਬੀਹ ਵਿਖੇ ਸੁਰੱਖਿਆ ਦੇ ਇੰਚਾਰਜ ਹਨ ਅਤੇ ਤਸਕਰਾਂ ਦੇ ਨਾਲ ਮਿਲ ਕੇ ਕੰਮ ਕਰਦੇ ਹਨ।

## ਅੰਜੂ, ਅਨੀਤਾ, ਪ੍ਰੀਤੀ, ਗੁਰਪ੍ਰੀਤ, ਜਸਪ੍ਰੀਤ ਤੇ ਜਸਵੀਰ ਨੇ ਲੁੱਟਿਆ ਜਿਊਣ ਕੀ ਪੱਤੀ ਦੀਆਂ ਤੀਆਂ ਦਾ ਮੇਲਾ

ਧਨੌਲਾ ਮੰਡੀ (ਸੰਜੀਵ ਗਰਗ ਕਾਲੀ)- ਨੇੜਲੇ ਪਿੰਡ ਜਿਉਣ ਕੀ ਪੱਤੀ 'ਚ ਪੰਜਾਬੀ ਸੱਭਿਆਚਾਰ ਨੂੰ ਜਿਊਂਦਾ ਰੱਖਣ ਤੇ ਆਉਂਣ ਵਾਲੀ ਨਵੀ ਪੀੜੀ ਨੂੰ ਪੁਰਾਣੇ ਸੱਭਿਆਚਾਰ ਤੋਂ ਜਾਣੂੰ ਕਰਵਾਉਂਣ ਲਈ ਚਰਖੇ, ਪੱਖੀਆਂ, ਛੱਜ, ਪੀੜੀਆਂ, ਫੁਲਕਾਰੀਆਂ ਦੀ ਪ੍ਰਦਰਸਨੀ ਲਾ ਕੇ ਰਾਜੀਵ ਕੁਮਾਰ ਸੰਟੀ ਕਾਲੇਕੇ ਤੇ ਭੈਣ ਹਰਪਾਲ ਕੌਰ ਕਾਲੇਕੇ ਦੀ ਅਗਵਾਈ 'ਚ ਪਿੰਡ ਦੀਆਂ, ਬੱਚੀਆਂ, ਲੜਕੀਆਂ, ਮੁਟਿਆਰਾਂ ਤੇ ਔਰਤਾਂ ਨੇ ਇੱਕਠੇ ਹੋ ਕੇ ਤੀਆਂ ਦਾ ਮੇਲਾ ਕਰਵਾਇਆ। ਇੱਕਠੀਆਂ ਹੋਈਆ ਛੋਟੀਆਂ ਛੋਟੀਆਂ ਬੱਚੀਆਂ ਤਨਪ੍ਰੀਤ, ਸਾਨੀਆਂ, ਖੁਸਪ੍ਰੀਤ, ਬਬਲੀ, ਰਮਨਦੀਪ ਤੋਂ ਇਲਾਵਾ ਗੁਰਪ੍ਰੀਤ ਕੌਰ, ਅਨੀਤਾ ਰਾਣੀ, ਜਸਪ੍ਰੀਤ ਕੌਰ, ਜਸਵੀਰ ਕੌਰ, ਅੰਜੂ ਰਾਣੀ, ਪ੍ਰੀਤੀ, ਪ੍ਰਮਜੀਤ ਕੌਰ, ਸੁਖਪ੍ਰੀਤ ਕੌਰ, ਗੁਰਦੀਪ, ਪੰਮੀ, ਜਸ, ਸੋਨੂੰ, ਵੀਰਾਂ, ਮਨਪ੍ਰੀਤ ਅਰਸ਼, ਗੁਨਦੀਪ, ਸੁੱਖੀ ਆਦਿ ਨੇ ਗਿੱਧੇ ਦੀਆਂ ਬੋਲੀਆਂ ਤੇ ਨੱਚ ਨੱਚ ਧਰਤੀ ਹਿਲਾ ਦਿੱਤੀ। ਸਾਰੀਆਂ ਨੇ ਇੱਕ ਦੂਜੀ ਤੋਂ ਮੂਹਰੇ ਹੋ ਕੇ ਗਿੱਧੇ ਦਾ ਰੰਗ ਬੰਨਿਆ। ਇਸ ਮੌਕੇ ਵਿਸ਼ੇਸ ਤੌਰ ਤੇ ਪਹੁੰਚੇ ਪਿੰਡ ਦੇ ਸਰਪੰਚ ਸੁਖਦੇਵ ਸਿੰਘ, ਤੇ ਪ੍ਰਧਾਨ ਲੋਕ ਸੇਵਾ ਕਲੱਬ ਮੱਖਣ ਖਾਨ ਨੇ ਇਸ ਵਧੀਆ ਤੇ ਨੇਕ ਉਪਰਾਲਾ ਕਰਨ ਲਈ ਭੈਣ ਹਰਪਾਲ ਕੌਰ ਤੇ ਰਾਜੀਵ ਕੁਮਾਰ ਨੂੰ ਨਗਦ ਰਾਸ਼ੀ ਸਹਾਇਤਾ ਵਜੋਂ ਦਿੱਤੇ। ਫਿਰ ਇਹਨਾਂ ਸਭ ਨੇ ਡੀ ਜੇ ਤੇ ਸੰਮੀ ਮੇਰੀ ਵਾਰ, ਮੈਂ ਵਾਰੀ ਮੈਂ ਵਾਰੀ ਮੇਰੀ ਸੰਮੀਏ, ਦੇ ਲਾ ਗੇੜਾ ਸੌਂਕ ਦਾ ਨਣਾਣੇ ਗੋਰੀਏ, ਸਾਰੇ ਪਿੰਡ ਦੀਆਂ ਨੂੰਹਾਂ ਵਿੱਚੋਂ ਸੋਹਣਿਆ, ਤੇਰੀ ਆਲੀ, ਤੇਰੇ ਆਲੀ ਮਾਰੇ ਲਿਸਕਾਰੇ, ਪੇਕੇ ਦੋਵੇ ਭੈਣਾਂ ਨੱਚੀਏ ਸੋਹਰੇ ਨੱਚੀਏ ਦਰਾਣੀਆਂ ਜਠਾਣੀਆਂ, ਜੱਟੀ ਕਰਮਾਂ 'ਚ ਤੇਰੇ ਕਰਮਾਂ ਵਾਲਾ ਤੂੰ ਵੇ, ਤਿੰਨ ਰੰਗ ਨਹੀ ਲੱਭਣੇ ਬੀਬਾ ਹੁਸਨ ਜਵਾਨੀ ਤੇ ਮਾਪੇ ਆਦਿ ਗੀਤਾਂ ਤੇ ਦੱਬ ਕੇ ਗਿੱਧਾ ਪਾਇਆ ਤੇ ਗੁਰਪ੍ਰੀਤ ਕੋਰ, ਅਨੀਤਾ ਰਾਣੀ, ਜਸਪ੍ਰੀਤ ਕੌਰ, ਅੰਜੂ ਰਾਣੀ, ਪ੍ਰੀਤੀ, ਪ੍ਰਮਜੀਤ ਕੌਰ ਆਦਿ ਨੇ ਸਾਰਾ ਤੀਆਂ ਦਾ ਮੇਲਾ ਲੁੱਟ ਲਿਆ। ਭੈਣ ਹਰਪਾਲ ਕੌਰ ਤੇ ਰਾਜੀਵ ਕੁਮਾਰ ਸੰਟੀ ਆਏ ਸਾਰਿਆਂ ਵਿਅਕਤੀਆਂ ਦਾ ਧੰਨਵਾਦ ਕੀਤਾ।




R.PAL SINGH TAX PROFESSIONAL

ENROLLED AGENT

BOOKKEEPING ACCOUNTS PAYROLLS

IRS e-file

TAX-INDIVIDUAL FAMILY, BUSINESS, TRUCKING, BOOKKEEPING ACCOUNTS, PAY-ROLLS & INCORPORATION, INSURANCE LIFE Only-Agent. NOTARY, REAL ESTATE (SVA), EX-PECTING REFUND : GET MONEY BACK FAST!

E.A.

Open 7 Days
Weekends/Evenings
(Year Round Service)
Resonalbe Rates
Call for Appointment

CTEC
California Tax Education Council
Registered Tax Preparer

CALL: R. PAL. SINGH EA- 510-750-3464

EA 00097224, CRTP A44237 Realtor#148514,

Insurance Life- Only Agent #0G76896

39159 Paseo Padre Pkwy # 103, Fremont, CA 94538

Email:singhrpal@sbeglobal.net Singhtax.com






# ਦਿਲ ਦਾ ਦੌਰਾ ਪੈਣ 'ਤੇ ਕਿਸ ਤਰ੍ਹਾਂ ਮਹਿਸੂਸ ਹੁੰਦਾ ਹੈ ਦਰਦ

ਬੀਤੇ ਕੁਝ ਸਮੇਂ ਤੋਂ ਪੂਰੀ ਦੁਨੀਆ 'ਚ ਦਿਲ ਦੇ ਦੌਰੇ ਦੇ ਮਾਮਲੇ ਤੇਜ਼ੀ ਨਾਲ ਵਧਣ ਲੱਗੇ ਹਨ। ਚਿੰਤਾ ਦੀ ਗੱਲ ਇਹ ਹੈ ਕਿ ਇਨ੍ਹੀਂ ਦਿਨੀਂ ਨੌਜਵਾਨਾਂ ਵਿਚ ਇਸ ਦੇ ਮਾਮਲੇ ਤੇਜ਼ੀ ਨਾਲ ਵੱਧ ਰਹੇ ਹਨ। ਵਰਲਡ ਹੈਲਥ ਆਰਗੇਨਾਈਜ਼ੇਸ਼ਨ (ਡਬਲਯੂਐੱਚਓ) ਅਨੁਸਾਰ ਕਾਰਡੀਓਵੈਸਕੁਲਰ ਬਿਮਾਰੀਆਂ, ਜਿਸ ਵਿਚ ਖ਼ਤਰਨਾਕ ਦਿਲ ਦੀਆਂ ਪੇਚੀਦਗੀਆਂ ਸ਼ਾਮਿਲ ਹਨ ਜਿਵੇਂ ਕੋਰੋਨਰੀ ਹਾਰਟ ਡਿਜੀਜ਼, ਸੇਰੇਬਰੋਵੈਸਕੂਲਰ ਜਿਹੀਆਂ ਖ਼ਤਰਨਾਕ ਦਿਲ ਦੀਆ ਬਿਮਾਰੀਆਂ ਸ਼ਾਮਲ ਹਨ, ਇਕ ਸਾਲ ਵਿਚ ਲਗਭਗ 18 ਮਿਲੀਅਨ ਲੋਕਾਂ ਦੀ ਮੌਤ ਲੈ ਲੈਂਦੀ ਹੈ। ਦਿਲ ਦੀਆਂ ਬਿਮਾਰੀਆਂ ਨਾਲ ਇੰਨੀ ਵੱਡੀ ਗਿਣਤੀ ਵਿਚ ਮੌਤਾਂ ਹੋਣ ਦਾ ਕਾਰਨ ਇਸ ਬਿਮਾਰੀ ਪ੍ਰਤੀ ਜਾਗਰੂਕਤਾ ਦੀ ਘਾਟ ਹੈ। ਲੋਕ ਬਿਮਾਰੀ ਦੇ ਮਾਮੂਲੀ ਲੱਛਣਾਂ ਨੂੰ ਨਜ਼ਰਅੰਦਾਜ਼ ਕਰਦੇ ਹਨ ਅਤੇ ਜਦੋਂ ਬਿਮਾਰੀ ਗੰਭੀਰ ਪੱਧਰ 'ਤੇ ਪਹੁੰਚ ਜਾਂਦੀ ਹੈ ਤਾਂ ਉਦੋਂ ਡਾਕਟਰੀ ਸਹਾਇਤਾ ਲੈਂਦੇ ਹਨ। ਜਾਣਦੇ ਹਾਂ ਦਿਲ ਦਾ ਦੌਰਾ ਪੈਣ ਤੋਂ ਬਾਅਦ ਛਾਤੀ ਵਿਚ ਕਿਵੇਂ ਦਰਦ ਮਹਿਸੂਸ ਹੁੰਦਾ



ਹੈ। ਦਿਲ ਦੇ ਦੌਰਾ ਪੈਣ 'ਤੇ ਛਾਤੀ ਦੇ ਦਰਦ ਦੀ ਇਕ ਖਾਸ ਪਛਾਣ ਛਾਤੀ ਦੇ ਕੇਂਦਰ ਜਾਂ ਖੱਬੇ ਪਾਸੇ ਹਲਕੀ ਦਰਦ ਮਹਿਸੂਸ ਹੁੰਦੀ ਹੈ। ਹਾਲਾਂਕਿ ਜੇ ਛਾਤੀ ਦੇ ਖੱਬੇ ਪਾਸੇ 'ਚ ਦਰਦ ਹੈ ਤਾਂ ਘਬਰਾਉਣ ਦੀ ਲੋੜ ਨਹੀਂ ਹੈ। ਇਹ ਆਮ ਧਾਰਨਾ ਹੈ ਕਿ ਛਾਤੀ ਦੇ ਖੱਬੇ ਪਾਸੇ ਹੋਣ ਵਾਲਾ ਹਰ ਦਰਦ ਦਿਲ ਦਾ ਦੌਰਾ ਹੁੰਦਾ ਹੈ।

**ਛਾਤੀ 'ਚ ਜਲਣ ਤੇ ਤੇਜ਼ ਦਰਦ–** ਦਿਲ ਦੇ ਦੌਰੇ ਨਾਲ ਜੁੜਿਆ ਛਾਤੀ ਦਾ ਦਰਦ ਤੇਜ਼ ਦਰਦ ਵਾਂਗ ਮਹਿਸੂਸ ਹੁੰਦਾ ਹੈ। ਅਜਿਹਾ ਮਹਿਸੂਸ ਹੁੰਦਾ ਹੈ ਜਿਵੇਂ ਛਾਤੀ 'ਤੇ ਅਚਾਨਕ ਭਾਰੀ ਦਬਾਅ ਪੈ ਗਿਆ ਹੈ। ਦਬਾਅ ਵਾਲੇ ਇਸ ਦਰਦ ਕਾਰਨ ਵਿਅਕਤੀ ਅਸਹਿਜ ਮਹਿਸੂਸ ਕਰਦਾ ਹੈ। ਕਈ ਮਾਮਲਿਆਂ 'ਚ ਲੋਕਾਂ ਨੂੰ ਛਾਤੀ 'ਚ ਜਲਣ ਮਹਿਸੂਸ ਹੋਣ ਲੱਗਦੀ ਹੈ।

**ਸਰੀਰ ਦੇ ਦੂਜੇ ਹਿੱਸਿਆਂ ਵਿਚ ਦਰਦ–** ਦਿਲ ਦੇ ਦੌਰੇ ਦਾ ਹੋਰ ਖਾਸ ਲੱਛਣ ਇਹ ਹੈ ਕਿ ਦਰਦ ਅਕਸਰ ਸਰੀਰ ਦੇ ਦੂਜੇ ਹਿੱਸਿਆਂ ਵਿਚ ਫੈਲਦੀ ਹੈ। ਇਹ ਦਰਦ ਆਮ ਤੌਰ 'ਤੇ ਛਾਤੀ ਤੋਂ ਸ਼ੁਰੂ ਹੁੰਦੀ ਹੈ ਅਤੇ ਗਰਦਨ, ਪਿੱਠ, ਬਾਹਾਂ ਅਤੇ ਮੋਢਿਆਂ ਤਕ ਫੈਲਦੀ ਹੈ। ਦਿਲ ਦੇ ਦੌਰੇ ਤੋਂ ਬਾਅਦ ਵਿਅਕਤੀ ਨੂੰ ਜਬਾੜੇ ਵਿਚ ਵੀ ਦਰਦ ਮਹਿਸੂਸ ਹੁੰਦੀ ਹੈ।

**ਕੁਝ ਦੇਰ ਤਕ ਰਹਿੰਦਾ ਹੈ ਦਰਦ–** ਇਹ ਦਰਦ ਕੁਝ ਮਿੰਟਾਂ ਤੱਕ ਰਹਿੰਦੀ ਹੈ। ਕਈ ਮਾਮਲਿਆਂ ਵਿਚ ਇਹ ਆਪਣੇ ਆਪ ਚਲੀ ਜਾਂਦੀ ਹੈ ਅਤੇ ਵਾਪਸ ਆ ਜਾਂਦੀ ਹੈ। ਜੇ ਤੁਸੀਂ ਛਾਤੀ ਦੇ ਖੱਬੇ ਪਾਸੇ ਕੋਈ ਦਰਦ ਜਾਂ ਜਕੜਨ ਮਹਿਸੂਸ ਕਰਦੇ ਹੋ, ਤਾਂ ਤੁਰੰਤ ਆਪਣੇ ਡਾਕਟਰ ਨਾਲ ਸੰਪਰਕ ਕਰੋ।

**ਦਿਲ ਦੇ ਦੌਰੇ ਦੇ ਹੋਰ ਲੱਛਣ**

ਦਿਲ ਦੇ ਦੌਰੇ ਦੌਰਾਨ ਛਾਤੀ ਦੇ ਦਰਦ ਤੋਂ ਇਲਾਵਾ ਕਈ ਹੋਰ ਲੱਛਣ ਵੀ ਦੇਖਣ ਨੂੰ ਮਿਲਦੇ ਹਨ। ਇਸ ਸਮੇਂ ਦੌਰਾਨ ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਜੇ ਵਿਅਕਤੀ ਨੂੰ ਸਾਹ ਲੈਣ ਵਿਚ ਤਕਲੀਫ, ਪਸੀਨਾ ਆਉਣਾ, ਉਲਟੀਆਂ ਦੇ ਨਾਲ-ਨਾਲ ਤੁਸੀਂ ਅਸਹਿਜ ਮਹਿਸੂਸ ਕਰ ਹੋ ਰਹੇ ਹੋ, ਤਾਂ ਜਿੰਨੀ ਜਲਦੀ ਹੋ ਸਕੇ ਡਾਕਟਰੀ ਸਹਾਇਤਾ ਲਓ।

**ਦਿਲ ਦੇ ਦੌਰੇ ਨਾਲ ਸਬੰਧਿਤ ਆਮ ਧਾਰਨਾਵਾਂ**

'ਮੈਂ ਜਵਾਨ ਹਾਂ, ਮੈਨੂੰ ਦਿਲ ਦਾ ਦੌਰਾ ਨਹੀਂ ਪੈ ਸਕਦਾ' ਜਾਂ ਮੇਰੇ ਪਰਿਵਾਰ ਵਿਚ ਕਦੇ ਵੀ ਕਿਸੇ ਨੂੰ ਦਿਲ ਦਾ ਦੌਰਾ ਨਹੀਂ ਪਿਆ।' ਇਹ ਦਿਲ ਦੇ ਦੌਰੇ ਨਾਲ ਜੁੜੀਆਂ ਕੁਝ ਮਿੱਥਾਂ ਹਨ, ਜੋ ਅਕਸਰ ਲੋਕਾਂ ਨੂੰ ਇਸ ਨੂੰ ਨਜ਼ਰਅੰਦਾਜ਼ ਕਰਨ ਲਈ ਉਤਸ਼ਾਹਿਤ ਕਰਦੀਆਂ ਹਨ। ਅੱਜ ਕੱਲ੍ਹ ਨੌਜਵਾਨਾਂ ਨੂੰ ਵੀ ਦਿਲ ਦਾ ਦੌਰਾ ਪੈ ਰਿਹਾ ਹੈ। ਗਲਤ ਖਾਣ-ਪੀਣ ਦੀਆਂ ਆਦਤਾਂ, ਸਿਗਰਟਨੋਸ਼ੀ ਅਤੇ ਸ਼ਰਾਬ ਪੀਣ ਵਰਗੇ ਬਹੁਤ ਸਾਰੇ ਜੋਖਮ ਕਾਰਕ ਹਨ, ਜੋ ਲੋਕਾਂ ਵਿੱਚ ਦਿਲ ਨਾਲ ਸਬੰਧਤ ਸਮੱਸਿਆਵਾਂ ਨੂੰ ਵਧਾ ਰਹੇ ਹਨ। ਅਜਿਹੀ ਸਥਿਤੀ ਵਿਚ ਇਹ ਜ਼ਰੂਰੀ ਹੈ ਕਿ ਇਸ ਨੂੰ ਨਜ਼ਰ-ਅੰਦਾਜ਼ ਕੀਤੇ ਬਿਨਾਂ ਸਮੇਂ-ਸਮੇਂ 'ਤੇ ਡਾਕਟਰ ਨਾਲ ਸੰਪਰਕ ਕਰਦੇ ਰਹੋ ਅਤੇ ਆਪਣੀ ਜੀਵਨਸ਼ੈਲੀ ਨੂੰ ਸੁਧਾਰਦੇ ਰਹੋ।

# ਧੁੱਪ ਵਿਚ ਨਾ ਘੁੰਮਣ ਕਾਰਨ ਵਧ ਰਹੇ ਹੱਡੀਆਂ ਦੇ ਰੋਗ

ਖਾਣ-ਪੀਣ ਅਤੇ ਜੀਵਨ ਸ਼ੈਲੀ 'ਚ ਆਏ ਬਦਲਾਅ ਕਾਰਨ ਲੋਕ ਛੋਟੀ ਉਮਰ 'ਚ ਹੀ ਸਰੀਰਕ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ। ਅੱਜਕੱਲ੍ਹ ਧੁੱਪ 'ਚ ਸਮਾਂ ਨਾ ਬਿਤਾਉਣ ਕਾਰਨ ਹੱਡੀਆਂ ਦੀਆਂ ਬਿਮਾਰੀਆਂ ਵਧ ਰਹੀਆਂ ਹਨ। ਸਭ ਤੋਂ ਵੱਧ ਵਿਟਾਮਿਨ ਡੀ ਦੀ ਕਮੀ ਕਾਰਨ ਹੱਡੀਆਂ ਦੇ ਕਮਜ਼ੋਰ ਹੋਣ ਦੀ ਸਮੱਸਿਆ ਵਧਣ ਲੱਗੀ ਹੈ। ਜੇਕਰ ਹੱਡੀਆਂ ਨੂੰ ਮਜ਼ਬੂਤ ਰੱਖਣਾ ਹੈ ਤਾਂ ਸਵੇਰ ਦੀ ਧੁੱਪ 'ਚ ਸਮਾਂ ਬਿਤਾਉਣਾ ਚਾਹੀਦਾ ਹੈ।

ਆਰਥੋਪੈਡਿਕ ਡਾ. ਪ੍ਰਦੀਪ ਸ੍ਰੀਵਾਸਤਵ ਨੇ ਦੱਸਿਆ ਕਿ ਹੱਡੀਆਂ ਦੀ ਕਮਜ਼ੋਰੀ ਦੀ ਸਮੱਸਿਆ ਬੱਚਿਆਂ ਅਤੇ ਨੌਜਵਾਨਾਂ 'ਚ ਵੀ ਦੇਖਣ ਨੂੰ ਮਿਲ ਰਹੀ ਹੈ। ਮਾਮੂਲੀ ਸੱਟ ਕਾਰਨ ਹੱਡੀਆਂ ਟੁੱਟਣ ਲੱਗ ਪਈਆਂ ਹਨ। ਅਜਿਹੇ ਮਰੀਜ਼ ਹੁਣ ਹਸਪਤਾਲਾਂ 'ਚ ਜ਼ਿਆਦਾ ਦੇਖੇ ਜਾ ਰਹੇ ਹਨ। ਇਸ ਤੋਂ ਬਾਅਦ ਵੀ ਲੋਕ ਇਸ ਪ੍ਰਤੀ ਜਾਗਰੂਕ ਨਹੀਂ ਹਨ।

**ਅੱਜਕਲ ਘਰੋਂ ਬਾਹਰ ਨਹੀਂ ਨਿਕਲਦੇ ਬੱਚੇ**



ਪਹਿਲੇ ਸਮਿਆਂ 'ਚ ਵਧੇਰੇ ਸਰੀਰਕ ਗਤੀਵਿਧੀਆਂ ਕੀਤੀਆਂ ਜਾਂਦੀਆਂ ਸਨ। ਬੱਚੇ ਵੀ ਮੋਬਾਈਲਾਂ ਨਾਲੋਂ ਬਾਹਰ ਖੇਤਾਂ 'ਚ ਖੇਡਣ ਲਈ ਜ਼ਿਆਦਾ ਜਾਂਦੇ ਸਨ ਪਰ ਹੁਣ ਬੱਚੇ ਘਰੋਂ ਬਾਹਰ ਜਾਣਾ ਪਸੰਦ ਨਹੀਂ ਕਰਦੇ। ਧੁੱਪ ਵਿਚ ਜਾਣ ਤੋਂ ਵੀ ਪਰਹੇਜ਼ ਕਰਨ ਲੱਗ ਪਏ ਹਨ। ਇਸ ਕਾਰਨ ਉਨ੍ਹਾਂ ਦੀਆਂ ਹੱਡੀਆਂ ਕਮਜ਼ੋਰ ਹੋ ਗਈਆਂ ਹਨ।

ਕਮਜ਼ੋਰ ਹੱਡੀਆਂ ਦਾ ਇਕ ਹੋਰ ਕਾਰਨ ਮਾੜੀ ਖੁਰਾਕ ਨੂੰ ਵੀ ਮੰਨਿਆ ਜਾਂਦਾ ਹੈ। ਲੋਕ ਜੰਕ ਫੂਡ ਨੂੰ ਜ਼ਿਆਦਾ ਪਸੰਦ ਕਰਨ ਲੱਗੇ ਹਨ। ਇਸ ਦੇ ਸੇਵਨ ਨਾਲ ਹੱਡੀਆਂ ਵੀ ਕਮਜ਼ੋਰ ਹੋ ਰਹੀਆਂ ਹਨ। ਹਰੇਕ ਵਿਅਕਤੀ ਨੂੰ ਭੋਜਨ ਵਿਚ ਡੇਅਰੀ ਉਤਪਾਦ, ਪਨੀਰ, ਦੁੱਧ, ਦਹੀਂ ਆਦਿ ਦੀ ਵਰਤੋਂ ਵਧਾਉਣੀ ਚਾਹੀਦੀ ਹੈ। ਪੋਸ਼ਕ ਤੱਤਾਂ ਨਾਲ ਭਰਪੂਰ ਭੋਜਨ ਦਾ ਸੇਵਨ ਕਰਨਾ ਚਾਹੀਦਾ ਹੈ। ਇਹ ਸਮੱਸਿਆ ਉਨ੍ਹਾਂ ਲੋਕਾਂ ਨਾਲ ਵੀ ਹੋ ਰਹੀ ਹੈ, ਜੋ ਲੰਬੇ ਸਮੇਂ ਤਕ ਬੈਠ ਕੇ ਕੰਮ ਕਰਦੇ ਹਨ।

# ਸਿਹਤ ਲਈ ਫਾਇਦੇਮੰਦ ਹੁੰਦਾ ਹੈ ਘੱਟ ਮਾਤਰਾ ਵਿਚ ਘਿਓ ਖਾਣਾ

ਸਿਹਤਮੰਦ ਰਹਿਣ ਲਈ ਡਾਈਟ 'ਚ ਸਿਹਤਮੰਦ ਚੀਜ਼ਾਂ ਨੂੰ ਸ਼ਾਮਲ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਘਿਉ ਉਨ੍ਹਾਂ ਵਿੱਚੋਂ ਇਕ ਹੈ। ਇਹ ਸਵਾਦ ਦੇ ਨਾਲ ਸਿਹਤ ਨਾਲ ਭਰਪੂਰ ਹੁੰਦਾ ਹੈ। ਭਾਰਤੀ ਰਸੋਈ 'ਚ ਇਹ ਤੁਹਾਨੂੰ ਆਸਾਨੀ ਨਾਲ ਮਿਲ ਜਾਵੇਗਾ। ਅਕਸਰ ਲੋਕ ਦਾਲ, ਰੋਟੀ ਜਾਂ ਚੌਲਾਂ 'ਚ ਘਿਓ ਮਿਲਾ ਕੇ ਖਾਣਾ ਪਸੰਦ ਕਰਦੇ ਹਨ, ਜਦਕਿ ਕੁਝ ਲੋਕ ਸਬਜ਼ੀਆਂ 'ਚ ਘਿਉ ਮਿਲਾ ਕੇ ਖਾਣਾ ਪਸੰਦ ਕਰਦੇ ਹਨ। ਇਸ ਵਿਚ ਵਿਟਾਮਿਨ-ਏ, ਵਿਟਾਮਿਨ-ਡੀ, ਪ੍ਰੋਟੀਨ, ਕੈਲਸ਼ੀਅਮ ਵਰਗੇ ਪੋਸ਼ਕ ਤੱਤ ਪਾਏ ਜਾਂਦੇ ਹਨ ਜੋ ਸਿਹਤ ਲਈ ਜ਼ਰੂਰੀ ਹਨ। ਆਓ ਜਾਣਦੇ ਹਾਂ ਘਿਉ ਖਾਣ ਦੇ ਕੀ ਫਾਇਦੇ ਹਨ।

**ਕਫ ਤੋਂ ਰਾਹਤ ਦਿਵਾਉਣ 'ਚ ਮਦਦਗਾਰ**

ਬਦਲਦੇ ਮੌਸਮ 'ਚ ਖੰਘ ਦੀ ਸਮੱਸਿਆ ਆਮ ਹੋ ਜਾਂਦੀ ਹੈ। ਇਸ ਸਮੱਸਿਆ ਤੋਂ ਛੁਟਕਾਰਾ ਪਾਉਣ ਲਈ ਦਾਦੀਆਂ ਦੇ ਸਮੇਂ ਤੋਂ ਹੀ ਘਿਓ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਇਕ ਬਹੁਤ ਹੀ ਪ੍ਰਭਾਵਸ਼ਾਲੀ ਉਪਾਅ ਹੈ। ਖਾਂਸੀ ਤੋਂ ਛੁਟਕਾਰਾ ਪਾਉਣ ਲਈ ਤੁਸੀਂ ਸਿਰਫ ਇਕ ਚਮਚ ਘਿਉ ਨੂੰ ਗਰਮ ਕਰੋ ਤੇ ਇਸ ਵਿਚ ਅਦਰਕ ਪਾਊਡਰ ਮਿਲਾ ਲਓ, ਫਿਰ ਤੁਸੀਂ ਇਸ ਦਾ ਸੇਵਨ ਕਰ ਸਕਦੇ ਹੋ। ਖਾਂਸੀ ਤੋਂ ਛੁਟਕਾਰਾ ਪਾਉਣ ਲਈ ਇਹ ਬਹੁਤ ਪ੍ਰਭਾਵਸ਼ਾਲੀ ਉਪਾਅ ਹੈ।

**ਅੱਖਾਂ ਦੀ ਰੋਸ਼ਨੀ ਵਧਾਉਣ 'ਚ ਮਦਦਗਾਰ–** ਆਯੁਰਵੇਦ ਅਨੁਸਾਰ ਘਿਉ ਤੁਹਾਡੀਆਂ ਅੱਖਾਂ ਦੀ ਰੋਸ਼ਨੀ ਨੂੰ ਸੁਧਾਰ ਸਕਦਾ ਹੈ। ਇ ਸ



ਲ ਈ ਤੁਹਾਨੂੰ ਆਪਣੀ ਰੋਜ਼ਾਨਾ ਖੁਰਾਕ 'ਚ ਸੀਮਤ ਮਾਤਰਾ 'ਚ ਘਿਓ ਸ਼ਾਮਲ ਕਰਨਾ ਚਾਹੀਦਾ ਹੈ।

**ਕਬਜ਼ ਤੋਂ ਰਾਹਤ–** ਜਿਨ੍ਹਾਂ ਲੋਕਾਂ ਨੂੰ ਕਬਜ਼ ਦੀ ਸਮੱਸਿਆ ਹੈ, ਉਨ੍ਹਾਂ ਲਈ ਘਿਉ ਰਾਮਬਾਣ ਸਾਬਿਤ ਹੋ ਸਕਦਾ ਹੈ। ਜੇਕਰ ਤੁਸੀਂ ਕਬਜ਼ ਤੋਂ ਪਰੇਸ਼ਾਨ ਹੋ ਤਾਂ ਰਾਤ ਨੂੰ ਸੌਣ ਤੋਂ ਪਹਿਲਾਂ ਇਕ ਚਮਚ ਘਿਉ ਦਾ ਸੇਵਨ ਕਰੋ। ਇਸ ਨਾਲ ਕਬਜ਼ ਤੋਂ ਰਾਹਤ ਮਿਲ ਸਕਦੀ ਹੈ ਅਤੇ ਤੁਹਾਡੀ ਪਾਚਨ ਪ੍ਰਣਾਲੀ ਨੂੰ ਸਿਹਤਮੰਦ ਰੱਖਿਆ ਜਾ ਸਕਦਾ ਹੈ।

**ਗੁਡ ਕੋਲੈਸਟ੍ਰੋਲ–** ਘਿਉ 'ਚ ਐਂਟੀ-ਇੰਫਲੇਮੇਟਰੀ ਗੁਣ ਹੁੰਦੇ ਹਨ ਜੋ ਕਈ ਬਿਮਾਰੀਆਂ ਤੋਂ ਬਚਾਉਣ 'ਚ ਮਦਦ ਕਰਦੇ ਹਨ। ਘਿਉ ਸਰੀਰ ਅੰਦਰ ਚੰਗੇ ਕੋਲੈਸਟ੍ਰੋਲ ਦੇ ਪੱਧਰ ਨੂੰ ਵਧਾ ਸਕਦਾ ਹੈ ਜੋ ਦਿਲ ਦੀ ਸਿਹਤ ਲਈ ਫਾਇਦੇਮੰਦ ਹੈ।

**ਇਮਿਊਨ ਸਿਸਟਮ ਕਰੇ ਮਜ਼ਬੂਤ–** ਘਿਉ ਐਂਟੀਆਕਸੀਡੈਂਟਸ ਨਾਲ ਭਰਪੂਰ ਹੁੰਦਾ ਹੈ, ਜੋ ਇਮਿਊਨ ਸਿਸਟਮ ਨੂੰ ਵਧਾਉਂਦਾ ਹੈ। ਸਿਹਤ ਮਾਹਿਰ ਵੀ ਇਮਿਊਨਿਟੀ ਵਧਾਉਣ ਲਈ ਘਿਉ ਖਾਣ ਦੀ ਸਲਾਹ ਦਿੰਦੇ ਹਨ।

**ਮੈਟਾਬੋਲਿਜ਼ਮ ਬੂਸਟ ਹੁੰਦੈ–** ਘਿਉ 'ਚ ਸਿਹਤਮੰਦ ਫੈਟਸ ਪਾਏ ਜਾਂਦੇ ਹਨ। ਇਹ ਭਾਰ ਘਟਾਉਣ ਲਈ ਵੀ ਫਾਇਦੇਮੰਦ ਮੰਨਿਆ ਜਾਂਦਾ ਹੈ। ਇਸ ਨੂੰ ਖਾਣ ਨਾਲ ਸਰੀਰ ਦੇ ਜ਼ਹਿਰੀਲੇ ਪਦਾਰਥ ਬਾਹਰ ਨਿਕਲਦੇ ਹਨ, ਜਿਸ ਨਾਲ ਮੈਟਾਬੋਲਿਜ਼ਮ ਠੀਕ ਹੁੰਦਾ ਹੈ ਅਤੇ ਜਦੋਂ ਤੁਹਾਡਾ ਮੈਟਾਬੋਲਿਜ਼ਮ ਬੂਸਟ ਹੁੰਦਾ ਹੈ ਤਾਂ ਇਹ ਭਾਰ ਘਟਾਉਣ 'ਚ ਮਦਦ ਕਰਦਾ ਹੈ।

# ਪੌਸ਼ਟਿਕ ਖਾਣੇ ਨਾਲ ਵਧਦੀ ਹੈ ਬੱਚਿਆਂ ਦੀ ਤਰਕ ਕਰਨ ਦੀ ਸਮਰੱਥਾ

ਬੱਚਿਆਂ ਦੀ ਤਰਕ ਬੁੱਧੀ ਵਧਣਾ ਉਨ੍ਹਾਂ ਦੇ ਸਿੱਖਣ ਤੇ ਅਕਾਦਮਿਕ ਸਫਲਤਾ ਹਾਸਲ ਕਰਨ 'ਚ ਅਹਿਮ ਯੋਗਦਾਨ ਦਿੰਦੀ ਹੈ। ਈਸਟਰਨ ਫਿਨਲੈਂਡ ਯੂਨੀਵਰਸਿਟੀ ਦੀ ਇਕ ਤਾਜ਼ਾ ਖੋਜ 'ਚ ਪਾਇਆ ਗਿਆ ਹੈ ਕਿ ਬੱਚਿਆਂ ਦੇ ਸਕੂਲ ਦੇ ਸ਼ੁਰੂਆਤੀ ਦੋ ਸਾਲਾਂ 'ਚ ਸਮੁੱਚੇ ਪੋਸ਼ਕ ਖਾਣੇ, ਜ਼ਿਆਦਾ ਫੈਟ ਵਾਲੇ ਖਾਣੇ ਦੀ ਘੱਟ ਵਰਤੋਂ, ਪੜ੍ਹਾਈ 'ਚ ਸਮਾਂ ਦੇਣ ਦੇ ਨਾਲ-ਨਾਲ ਸੰਗਠਿਤ ਖੇਡਾਂ 'ਚ ਹਿੱਸਾ ਲੈਣ ਨਾਲ ਉਨ੍ਹਾਂ ਦੀ ਤਰਕ ਸਮਰੱਥਾ 'ਚ ਵਾਧਾ ਹੁੰਦਾ ਹੈ। ਈਸਟਰਨ ਫਿਨਲੈਂਡ ਯੂਨੀਵਰਸਿਟੀ ਦੇ ਖੋਜਕਰਤਾ ਸੇਹਰਿਸ਼ ਨਵੀਦ ਨੇ ਕਿਹਾ ਕਿ ਅਧਿਐਨ 'ਚ ਸਾਬਿਤ ਹੋਇਆ ਹੈ ਕਿ ਪੌਸ਼ਟਿਕ ਖਾਣਾ, ਘੱਟ ਫੈਟ ਵਾਲੇ ਡੇਅਰੀ ਪਦਾਰਥ ਤੇ ਰੈੱਡ ਮੀਟ ਦੀ ਘੱਟ ਵਰਤੋਂ ਨਾਲ ਬੱਚਿਆਂ ਦੀ ਬੋਧਾਤਮਕ ਸਮਰੱਥਾ ਦਾ ਵਿਕਾਸ ਹੁੰਦਾ ਹੈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਜਿੱਥੇ ਪੜ੍ਹਾਈ ਤੇ ਸੰਗਠਿਤ ਖੇਡਾਂ 'ਚ ਹਿੱਸਾ ਲੈਣ ਨਾਲ ਦਲੀਲ ਦੀ ਸਮਰੱਥਾ ਵਧਦੀ ਹੈ, ਉੱਥੇ ਕੰਪਿਊਟਰ 'ਤੇ ਜ਼ਿਆਦਾ ਸਮਾਂ ਬਿਤਾਉਣ ਤੇ ਸਰੀਰਕ ਸਰਗਰਮੀਆਂ 'ਚ ਕਮੀ ਨਾਲ ਤਰਕ ਸਮਰੱਥਾ 'ਚ ਗਿਰਾਵਟ ਦੇਖੀ ਗਈ। ਖੋਜਕਰਤਾ ਨਵੀਦ ਨੇ ਕਿਹਾ ਕਿ ਅਧਿਐਨ ਲਈ ਉਮੀਦਵਾਰਾਂ ਨੂੰ ਦੋ ਸਮੂਹਾਂ 'ਚ ਵੰਡਿਆ ਗਿਆ। ਦੋ ਸਾਲਾਂ ਤੱਕ ਪਰਿਵਾਰਕ ਤੇ ਨਿੱਜੀ ਆਧਾਰ 'ਤੇ ਉਨ੍ਹਾਂ ਦੇ ਖਾਣੇ ਤੇ ਸਰੀਰਕ ਸਰਗਰਮੀਆਂ 'ਤੇ ਨਜ਼ਰ ਰੱਖੀ ਗਈ। ਇਸ ਵਿਚ ਪਾਇਆ ਗਿਆ ਹੈ ਜਿਨ੍ਹਾਂ ਨੇ ਪੌਸ਼ਟਿਕ ਖਾਣਾ ਲਿਆ ਤੇ ਹੋਰ ਕੰਟਰੋਲ ਦੀ ਪਾਲਣਾ ਕੀਤੀ, ਉਨ੍ਹਾਂ ਦੀ ਬੋਧਾਤਮਕ ਸਮਰੱਥਾ 'ਚ ਵਿਕਾਸ ਪਾਇਆ ਗਿਆ। ਉਨ੍ਹਾਂ ਕਿਹਾ ਕਿ ਸਾਡੇ ਅਧਿਐਨ ਦਾ ਮੂਲ ਮਕਸਦ ਵੱਡੇ ਹੁੰਦੇ ਬੱਚਿਆਂ ਦੇ ਖਾਣੇ ਤੇ ਸਰੀਰਕ ਸਰਗਰਮੀਆਂ ਦਾ ਉਨ੍ਹਾਂ ਦੀ ਜੀਵਨਸ਼ੈਲੀ ਤੇ ਤਾਰਕਿਕ ਹੁਨਰ 'ਤੇ ਅਸਰ ਦੇਖਣਾ ਸੀ।

# ਜੇ ਤੁਸੀਂ ਸਰਵਾਈਕਲ ਸਪੋਂਡਿਲੋਸਿਸ ਤੋਂ ਹੋ ਪਰੇਸ਼ਾਨ ਤਾਂ ਨਾ ਕਰੋ ਇਹ ਗਲਤੀਆਂ

ਅੱਜ-ਕੱਲ੍ਹ ਜ਼ਿਆਦਾਤਰ ਲੋਕ ਦਫਤਰ ਜਾਂ ਦੁਕਾਨ 'ਚ ਜ਼ਿਆਦਾ ਦੇਰ ਤੱਕ ਇਕ ਹੀ ਸਥਿਤੀ 'ਚ ਬੈਠਣ ਕਾਰਨ ਜਾਂ ਮੋਬਾਇਲ ਦੀ ਜ਼ਿਆਦਾ ਵਰਤੋਂ ਕਰਨ ਕਾਰਨ ਸਰਵਾਈਕਲ ਸਪੋਂਡਿਲੋਸਿਸ ਦੀ ਸਮੱਸਿਆ ਤੋਂ ਪੀੜਤ ਹਨ। ਸਰਵਾਈਕਲ ਸਪਾਂਡਾਈਲੋਸਿਸ ਗਰਦਨ ਦੀ ਇੱਕ ਅਜਿਹੀ ਸਮੱਸਿਆ ਹੈ ਜੋ ਬੁਢਾਪੇ ਵਿੱਚ ਹੁੰਦੀ ਹੈ ਪਰ ਅੱਜਕੱਲ੍ਹ ਇਹ ਸਮੱਸਿਆ ਛੋਟੀ ਉਮਰ ਵਿੱਚ ਵੀ ਹੋਣ ਲੱਗੀ ਹੈ।

**ਜਾਣੋ ਸਰਵਾਈਕਲ ਸਪੋਂਡਿਲੋਸਿਸ ਕੀ ਹੈ**

ਆਰਥੋਪੈਡਿਕ ਡਾ: ਦੀਪਕ ਜਾਜੂ ਅਨੁਸਾਰ ਸਰਵਾਈਕਲ ਸਪਾਈਨਲੋਸਿਸ ਦੀ ਸਮੱਸਿਆ ਸਰਵਾਈਕਲ ਸਪਾਈਨ ਦੇ ਟੁੱਟਣ ਕਾਰਨ ਹੁੰਦੀ ਹੈ। ਕੁਝ ਖਾਸ ਸਥਿਤੀਆਂ ਵਿੱਚ, ਇਸ ਨੂੰ ਗਠੀਆ ਵੀ ਕਿਹਾ ਜਾਂਦਾ ਹੈ। ਜੇਕਰ ਇਸ ਸਮੱਸਿਆ ਦਾ ਸਮੇਂ ਸਿਰ ਇਲਾਜ ਨਾ ਕਰਵਾਇਆ ਗਿਆ ਤਾਂ ਸਥਿਤੀ ਗੰਭੀਰ ਵੀ ਹੋ ਸਕਦੀ ਹੈ।

**ਝੁਕ ਕੇ ਨਾ ਬੈਠੋ–** ਜੇਕਰ ਤੁਹਾਨੂੰ ਸਰਵਾਈਕਲ ਸਪੋਂਡਿਲੋਸਿਸ ਹੈ, ਤਾਂ ਦਫਤਰ ਜਾਂ ਦੁਕਾਨ 'ਤੇ ਕਦੇ ਵੀ ਆਪਣੀ ਗਰਦਨ ਨੂੰ ਲੰਬੇ ਸਮੇਂ ਤੱਕ ਝੁਕ ਕੇ ਨਾ ਬੈਠੋ। ਅਜਿਹਾ ਕਰਨ ਨਾਲ ਗਰਦਨ ਦਾ ਦਰਦ ਵਧ ਸਕਦਾ ਹੈ। ਹਮੇਸ਼ਾ ਸਿੱਧੇ ਬੈਠੋ। ਕਮਰ ਨੂੰ ਸਿੱਧਾ ਰੱਖੋ।

**ਜ਼ਿਆਦਾ ਮੋਬਾਈਲ ਨਾ ਦੇਖੋ–** ਬਹੁਤ ਜ਼ਿਆਦਾ ਮੋਬਾਈਲ ਦੇਖਣ ਨਾਲ ਵੀ ਸਰਵਾਈਕਲ ਸਪਾਂਡਾਈਲੋਸਿਸ ਹੋ ਸਕਦਾ ਹੈ। ਮੋਬਾਈਲ ਵਿੱਚ ਵੱਧ ਤੋਂ ਵੱਧ ਸਮਾਂ ਬਿਤਾਉਣ ਕਾਰਨ ਗਰਦਨ ਵਿੱਚ ਸਥਾਈ ਦਰਦ ਦੀ ਸਮੱਸਿਆ ਪੈਦਾ ਹੋ ਜਾਂਦੀ ਹੈ।

**ਭਾਰੀ ਵਸਤੂਆਂ ਨੂੰ ਚੁੱਕਣ ਤੋਂ ਬਚੋ–** ਸਰਵਾਈਕਲ ਸਪੋਂਡਿਲੋਸਿਸ ਦੀ ਸਥਿਤੀ ਵਿੱਚ ਭਾਰੀ ਚੀਜ਼ਾਂ ਨੂੰ ਨਹੀਂ ਚੁੱਕਣਾ ਚਾਹੀਦਾ ਹੈ। ਸਰਵਾਈਕਲ ਸਪੋਂਡਿਲੋਸਿਸ ਦੇ ਮਰੀਜ਼ ਜੇਕਰ ਕਿਸੇ ਚੀਜ਼ ਨੂੰ ਝਟਕੇ ਨਾਲ ਚੁੱਕਦੇ ਹਨ ਤਾਂ ਗਰਦਨ ਵਿੱਚ ਤੇਜ਼ ਦਰਦ ਹੋ ਸਕਦਾ ਹੈ ਅਤੇ ਹੱਡੀਆਂ ਨੂੰ ਵੀ ਨੁਕਸਾਨ ਹੋ ਸਕਦਾ ਹੈ।

**ਰੋਜ਼ਾਨਾ 30 ਮਿੰਟ ਕਸਰਤ ਕਰੋ–** ਸਰਵਾਈਕਲ ਸਪੋਂਡਿਲੋਸਿਸ ਤੋਂ ਬਚਣ ਲਈ ਰੋਜ਼ਾਨਾ 30 ਮਿੰਟ ਕਸਰਤ ਕਰਨੀ ਚਾਹੀਦੀ ਹੈ। ਸਰੀਰਕ ਕਸਰਤ ਹੱਡੀਆਂ ਨੂੰ ਮਜ਼ਬੂਤ ਕਰਦੀ ਹੈ। ਇਸ ਤੋਂ ਇਲਾਵਾ ਤੁਸੀਂ ਯੋਗਾ ਵੀ ਕਰ ਸਕਦੇ ਹੋ। ਹੱਡੀਆਂ ਦੀ ਮਜ਼ਬੂਤੀ ਲਈ ਕੈਲਸ਼ੀਅਮ ਭਰਪੂਰ ਖੁਰਾਕ ਲੈਣੀ ਚਾਹੀਦੀ ਹੈ।

# ਆਖ਼ਰੀ ਸਿੱਖ ਸ਼ਾਸਕ ਦਲੀਪ ਸਿੰਘ ਦੀ ਧੀ ਸੋਫ਼ੀਆ ਜਦੋਂ ਪੰਜਾਬ ਆਈ



ਬ੍ਰਿਟੇਨ ਵਿੱਚ ਔਰਤਾਂ ਨੂੰ ਵੋਟ ਪਾਉਣ ਦਾ ਹੱਕ ਦੇਣ ਲਈ ਸੰਘਰਸ਼ ਕਰਨ ਵਾਲੀ ਰਾਣੀ ਸੋਫੀਆ ਦਲੀਪ ਸਿੰਘ ਨੂੰ ਉਸ ਦੇ ਪੁਰਖਿਆਂ ਦੇ ਮੁਲਕ ਭਾਰਤ ਵਿੱਚ ਬਹੁਤ ਹੀ ਘੱਟ ਲੋਕ ਜਾਣਦੇ ਹਨ। ਸੋਫੀਆ, ਪੰਜਾਬ ਦੇ ਮਰਹੂਮ ਸਾਸ਼ਕ ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਅਤੇ ਖਾਲਸਾ ਦਰਬਾਰ ਦੇ ਵਾਰਿਸ ਦਲੀਪ ਸਿੰਘ ਦੀ ਧੀ ਸੀ। ਉਹ ਔਰਤਾਂ ਦੇ ਵੋਟ ਪਾਉਣ ਦੇ ਹੱਕ ਲਈ ਸੰਘਰਸ਼ ਕਰ ਰਹੇ 300 ਜਣਿਆਂ ਦੇ ਉਸ ਵਫ਼ਦ ਦਾ ਹਿੱਸਾ ਸਨ। ਜਿਸ ਨੇ 1910 ਵਿੱਚ ਬ੍ਰਿਟੇਨ ਦੇ ਤਤਕਾਲੀ ਪ੍ਰਧਾਨ ਮੰਤਰੀ ਐੱਚਐੱਚ ਐਸਕੁਇਥ ਨੂੰ ਮਿਲਣ ਲਈ ਲੰਡਨ ਵਿੱਚ ਪਾਰਲੀਮੈਂਟ ਵੱਲ ਮਾਰਚ ਕੱਢਿਆ ਸੀ। ਪਰ ਐਸਕੁਇਥ ਨੇ ਵਫ਼ਦ ਨੂੰ ਮਿਲਣ ਤੋਂ ਨਾਂਹ ਕਰ ਦਿੱਤੀ ਅਤੇ ਪ੍ਰਦਰਸ਼ਨ ਨੇ ਹਿੰਸਕ ਰੂਪ ਵੀ ਧਾਰਨ ਕਰ ਲਿਆ ਸੀ। ਉਸ ਵੇਲੇ ਇਮਾਰਤ ਦੇ ਬਾਹਰ ਮੌਜੂਦ ਹਜੂਮ ਵਿਚਲੇ ਪੁਲਿਸ ਵਾਲਿਆਂ ਅਤੇ ਬੰਦਿਆਂ ਨੇ ਉਨ੍ਹਾਂ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ ਸੀ।

ਇਸ ਦੌਰਾਨ ਬਹੁਤ ਸਾਰੇ ਪ੍ਰਦਰਸ਼ਨਕਾਰੀ ਗੰਭੀਰ ਰੂਪ ਵਿੱਚ ਜਖ਼ਮੀ ਹੋਏ, ਜਿਸ ਮਗਰੋਂ ਇਸ ਦਿਨ ਨੂੰ ਯੂਕੇ ਵਿੱਚ 'ਬਲੈਕ ਫਰਾਈਡੇ' ਆਖਿਆ ਜਾਣ ਲੱਗਾ। ਸੋਫੀਆ ਉਨ੍ਹਾਂ 119 ਬੀਬੀਆਂ ਵਿੱਚ ਸ਼ਾਮਲ ਸਨ, ਜਿਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਸੋਫੀਆ ਪੰਜਾਬ ਦੇ ਆਖਰੀ ਸਿੱਖ ਸ਼ਾਸਕ ਮਹਾਰਾਜਾ ਦਲੀਪ ਸਿੰਘ ਦੀ ਧੀ ਸਨ ਅਤੇ ਬਰਤਾਨੀਆ ਦੀ ਰਾਣੀ ਵਿਕਟੋਰੀਆ ਦੀ ਮੁਤਬੰਨੀ ਧੀ ਵੀ ਰਹੇ ਸਨ। ਸੋਫੀਆ ਦੀ ਜੀਵਨੀ ਲਿਖਣ ਵਾਲੀ ਅਨੀਤਾ ਆਨੰਦ ਨੇ ਇੱਕ ਇੰਟਰਵਿਊ ਵਿੱਚ ਕਿਹਾ, "ਜਦੋਂ ਸੋਫੀਆ ਦਲੀਪ ਸਿੰਘ ਨੇ ਨਵੰਬਰ 1910 ਵਾਲੇ ਮਾਰਚ ਵਿੱਚ ਭਾਗ ਲਿਆ ਤਾਂ ਉਨ੍ਹਾਂ ਦਾ ਨਾਮ ਉੱਘੀਆਂ ਸ਼ਖਸੀਅਤਾਂ ਵਿੱਚ ਸ਼ੁਮਾਰ ਹੋਣ ਲੱਗਾ।" ਸੋਫੀਆ ਬਾਰੇ ਜਿੰਨੀ ਕੁ ਜਾਣਕਾਰੀ ਉਪਲੱਬਧ ਹੈ, ਉਸ ਦਾ ਵਧੇਰੇ ਹਿੱਸਾ ਅਨੀਤਾ ਆਨੰਦ ਦੀ 2015 ਵਿੱਚ ਲਿਖੀ ਖੋਜ-ਭਰਪੂਰ ਜੀਵਨੀ, 'ਸੋਫੀਆ: ਪ੍ਰਿੰਸਿਸ, ਸਫਰਗੇਟ, ਰਿਵਲੂਸ਼ਨਰੀ' ਵਿਚੋਂ ਆਉਂਦਾ ਹੈ। ਇਹ ਇੱਕ ਜਾਣਕਾਰੀ ਭਰਪੂਰ ਆਰਕਾਈਵਲ ਰਿਸਰਚ ਹੈ, ਜੋ ਪੁਲਿਸ, ਖ਼ੂਫੀਆ ਰਿਕਾਰਡ ਅਤੇ ਸੋਫੀਆ ਨੂੰ ਜਾਣਨ ਵਾਲੇ ਲੋਕਾਂ ਕੋਲੋਂ ਸਿੱਧੇ ਤੌਰ 'ਤੇ ਹਾਸਿਲ ਕੀਤੇ ਵੇਰਵਿਆਂ 'ਤੇ ਅਧਾਰਿਤ ਹੈ।

**ਲਾਲਾ ਲਾਜਪਤ ਰਾਏ ਦੇ ਭਾਸ਼ਣਾਂ ਤੋਂ ਹੋਈ ਪ੍ਰਭਾਵਿਤ**

1876 ਵਿੱਚ ਜੰਮੀ ਸੋਫੀਆ, ਮਹਾਰਾਜਾ ਦਲੀਪ ਸਿੰਘ ਅਤੇ ਉਨ੍ਹਾਂ ਦੀ ਪਹਿਲੀ ਪਤਨੀ ਬਾਂਬਾ ਮੂਲਰ ਤੋਂ ਹੋਏ ਛੇ ਬੱਚਿਆਂ ਵਿੱਚੋਂ ਪੰਜਵੀਂ ਸੀ। ਛੋਟੀ ਉਮਰ ਵਿੱਚ ਹੀ ਦਲੀਪ ਸਿੰਘ ਨੂੰ 1849 ਵਿੱਚ ਅੰਗਰੇਜ਼ਾਂ ਵੱਲੋਂ ਉਨ੍ਹਾਂ ਦੇ ਰਾਜ ਉੱਤੇ ਕਬਜ਼ਾ ਕਰਨ ਤੋਂ ਬਾਅਦ ਭਾਰਤ ਤੋਂ ਇੰਗਲੈਂਡ ਭੇਜ ਦਿੱਤਾ ਗਿਆ ਸੀ। ਇੱਕ ਸਭ ਦੰਡਯੋਗ ਸੰਧੀ ਦੀਆਂ ਸ਼ਰਤਾਂ ਦੇ ਤਹਿਤ ਅਨਮੋਲ ਕੋਹੇਨੂਰ ਹੀਰਾ, ਉਨ੍ਹਾਂ (ਅੰਗਰੇਜ਼ਾਂ) ਨੂੰ ਸੌਂਪਣ ਤੋਂ ਬਾਅਦ ਹੋਇਆ ਸੀ। ਆਨੰਦ ਲਿਖਦੀ ਹੈ ਕਿ ਸੋਫੀਆ ਸਫੋਲਕ ਵਿਚਲੇ ਆਪਣੇ ਘਰ ਵਿੱਚ ਵੱਡੀ ਹੋਈ ਪਰ ਉਸਦਾ ਬਚਪਨ ਉਤਰਾਅ-ਚੜਾਅ ਵਾਲਾ ਰਿਹਾ। ਜਦੋਂ ਦਲੀਪ ਆਪਣੇ ਰਾਜ-ਤਖ਼ਤ ਨੂੰ ਮੁੜ ਹਾਸਲ ਕਰਨ ਦੀਆਂ ਆਪਣੀਆਂ ਕੋਸ਼ਿਸ਼ਾਂ ਵਿੱਚ ਅਸਫ਼ਲ ਰਹੇ ਤਾਂ ਉਨ੍ਹਾਂ ਨੂੰ 1886 ਵਿੱਚ ਫਰਾਂਸ ਵਿੱਚ ਜਲਾਵਤਨ ਕਰ ਦਿੱਤਾ ਗਿਆ ਅਤੇ ਉਨ੍ਹਾਂ ਨੇ ਆਪਣੇ ਪਰਿਵਾਰ ਨੂੰ ਪਿੱਛੇ ਕਰਜ਼ੇ ਵਿੱਚ ਡੁਬਾ ਦਿੱਤਾ ਸੀ।

ਪਰ ਪਰਿਵਾਰ ਦੇ ਮਹਾਰਾਣੀ ਵਿਕਟੋਰੀਆ ਨਾਲ ਨੇੜਲੇ ਸੰਬੰਧਾਂ ਨੇ ਉਨ੍ਹਾਂ ਨੂੰ ਬ੍ਰਿਟਿਸ਼ ਸਰਕਾਰ ਦੇ ਇੰਡੀਆ ਆਫਿਸ ਤੋਂ ਇੱਕ ਘਰ ਅਤੇ ਸਾਲਾਨਾ ਭੱਤਾ ਹਾਸਲ ਕਰਨ ਵਿੱਚ ਮਦਦ ਕੀਤੀ। ਜਦੋਂ ਸੋਫੀਆ ਵੱਡੀ ਹੋਈ ਤਾਂ ਉਨ੍ਹਾਂ ਨੂੰ ਮਹਾਰਾਣੀ ਵੱਲੋਂ ਇੱਕ ਹੈਮਪਟਨ ਕੋਰਟ ਪੈਲੇਸ ਵਿੱਚ ਘਰ ਮਿਲਿਆ, ਜਿਸ ਦੇ ਬਾਹਰ ਉਨ੍ਹਾਂ ਨੇ ਬਾਅਦ ਵਿੱਚ ਔਰਤਾਂ ਦੇ ਵੋਟ ਪਾਉਣ ਦੇ ਹੱਕਾਂ ਬਾਰੇ ਪ੍ਰਦਰਸ਼ਨ ਵੀ ਕੀਤਾ। ਇਤਿਹਾਸਕਾਰ ਏਲੀਜ਼ਾਬੇਥ ਬੇਕਰ ਆਪਣੀ ਕਿਤਾਬ 'ਦਿ ਬ੍ਰਿਟਿਸ਼ ਵੂਮੈਨਜ਼ ਸਫਰੇਜ ਕੈਂਪੇਨ' ਵਿਚਲੇ ਇੱਕ ਅਧਿਆਏ ਵਿੱਚ ਲਿਖਦੀ ਹੈ, "ਆਪਣੀ ਸ਼ੁਰੂਆਤੀ ਉਮਰ ਵਿੱਚ ਸੋਫੀਆ ਨੇ ਬਰਤਾਨਵੀ ਕੁਲੀਨ ਵਰਗ ਵਿੱਚ ਆਪਣੀ ਸੌਖੀ ਹੋਂਦ ਅਤੇ ਇੱਕ ਭਾਰਤੀ ਔਰਤ ਵਜੋਂ ਆਪਣੀ ਅਸਪੱਸ਼ਟ ਸਥਿਤੀ ਵਿਚਾਲੇ ਗੱਲਬਾਤ ਕਰਨਾ ਸਿੱਖ ਲਿਆ ਸੀ।" ਆਪਣੀ ਪੂਰੀ ਜ਼ਿੰਦਗੀ ਵਿੱਚ ਸੋਫੀਆ ਤਕਰੀਬਨ ਚਾਰ ਵਾਰ ਭਾਰਤ ਆਈ, ਉਨ੍ਹਾਂ ਦੀ ਹਰੇਕ ਫੇਰੀ ਬਰਤਾਨਵੀ ਅਫਸਰਾਂ ਦੀ ਨਿਗਰਾਨੀ ਹੇਠ ਹੋਈ। ਜਿਨ੍ਹਾਂ ਨੂੰ ਇਹ ਡਰ ਸੀ ਕਿ ਦਲੀਪ ਸਿੰਘ ਦੇ ਪਰਿਵਾਰ ਦੀ ਮੌਜੂਦਗੀ ਭਾਰਤ ਵਿੱਚ ਵਿਰੋਧ ਪੈਦਾ ਕਰ ਸਕਦੀ ਹੈ। 1906-07 ਵਿੱਚ ਸੋਫੀਆ ਅਜ਼ਾਦੀ ਘੁਲਾਟੀਏ ਗੋਪਾਲ ਕ੍ਰਿਸ਼ਨਾ ਗੋਖਲੇ ਅਤੇ ਲਾਹੌਰ ਵਿੱਚ ਲਾਲਾ ਲਾਜਪਤ ਰਾਏ ਨੂੰ ਮਿਲੀ ਅਤੇ ਉਨ੍ਹਾਂ ਦੇ ਭਾਸ਼ਣਾਂ ਤੇ ਰਾਜਨੀਤਕ ਦ੍ਰਿੜਤਾ ਨੇ ਉਨ੍ਹਾਂ ਨੂੰ ਪ੍ਰਭਾਵਿਤ ਕੀਤਾ।

**ਜਦੋਂ ਟੈਕਸ ਦੇਣ ਤੋਂ ਕੀਤਾ ਨਾਂਹ**

ਅਨੀਤਾ ਨੇ ਆਪਣੀ ਕਿਤਾਬ ਵਿੱਚ ਲਿਖਦੇ ਹਨ, "ਅਪ੍ਰੈਲ 1907 ਤੱਕ ਸੋਫੀਆ ਨੇ ਭਾਰਤ ਵਿੱਚ ਛੇ ਮਹੀਨੇ ਗੁਜ਼ਾਰ ਲਏ ਸਨ ਅਤੇ ਭਾਰਤ ਵਿੱਚ ਵੱਧ ਰਹੀ ਰਾਜਨੀਤਕ ਜੱਦੋ-ਜ਼ਹਿਦ ਨੂੰ ਅੱਖੀਂ ਦੇਖਿਆ। ਭਾਰਤੀ ਸਵੈ-ਦ੍ਰਿੜਤਾ ਦੀ ਲਹਿਰ ਨੇ ਉਨ੍ਹਾਂ ਨੂੰ ਆਪਣੇ ਵੱਲ ਆਕਰਸ਼ਿਤ ਕੀਤਾ।" 1908 ਵਿੱਚ ਯੂਕੇ ਪਹੁੰਚਣ ਤੋਂ ਕੁਝ ਮਹੀਨੇ ਬਾਅਦ, ਸੋਫੀਆ ਵੂਮੈਨਜ਼, ਸੋਸ਼ਲ ਅਤੇ ਪੌਲੀਟਿਕਲ ਯੂਨੀਅਨ ਵਿੱਚ ਸ਼ਾਮਲ ਹੋਈ। ਇਸ ਦੀ ਅਗਵਾਈ ਬ੍ਰਿਟਿਸ਼ ਰਾਜਨੀਤਕ ਕਾਰਕੁੰਨ ਏਮੀਲੀਨ ਪੈਨਖੁਰਸ ਦੀ ਕਰ ਰਹੇ ਸਨ ਅਤੇ ਸਮੂਹ ਔਰਤਾਂ ਦੇ ਵੋਟ ਹੱਕਾਂ ਲਈ ਸੰਘਰਸ਼ ਵਾਲਾ ਸਮੂਹ ਸੀ। ਇਸ ਤੋਂ ਬਾਅਦ ਉਹ ਵੂਮੈਨਜ਼ ਟੈਕਸ ਰਿਸਿਟੈਂਸ ਲੀਗ ਵਿੱਚ ਸ਼ਾਮਲ ਹੋਈ, ਜਿਸ ਦਾ ਨਾਅਰਾ ਸੀ "ਨੋ ਵੋਟ, ਨੋ ਟੈਕਸ"। ਸੋਫੀਆ ਨੇ ਇਨ੍ਹਾਂ ਲਹਿਰਾਂ ਵਿੱਚ ਪੂਰੇ ਜੋਸ਼ ਨਾਲ ਹਿੱਸਾ ਲਿਆ। 1911 ਵਿੱਚ ਉਹ ਪ੍ਰਧਾਨ ਮੰਤਰੀ ਦੀ ਗੱਡੀ ਅੱਗੇ ਜਾ ਵੱਜੀ, ਜਦੋਂ ਉਹ ਡਾਉਨਿੰਗ ਸਟ੍ਰੀਟ ਵਿੱਚੋਂ ਨਿਕਲ ਰਹੇ ਸਨ, ਉਸ ਵੇਲੇ ਉਨ੍ਹਾਂ ਨੇ ਆਪਣੇ ਹੱਥ ਵਿੱਚ "ਔਰਤਾਂ ਨੂੰ ਵੋਟ ਪਾਉਣ ਦਾ ਹੱਕ ਦਿਓ" ਵਾਲਾ ਬੈਨਰ ਫੜ੍ਹਿਆ ਹੋਇਆ ਸੀ। ਇਸੇ ਸਾਲ ਹੀ ਉਨ੍ਹਾਂ ਨੇ ਜਨਗਣਨਾ ਵਾਲਾ ਫਾਰਮ ਖ਼ਾਲੀ ਛੱਡਿਆ ਅਤੇ ਟੈਕਸ ਦੇਣ ਤੋਂ ਨਾਂਹ ਕਰ ਦਿੱਤੀ।

1913 ਦੀ ਇੱਕ ਫੋਟੋ ਵਿੱਚ ਮਹਾਰਾਣੀ ਨੂੰ ਹੈਮਪਟਨ ਕੋਰਟ ਪੈਲੇਸ, ਜਿੱਥੇ ਉਹ ਰਹਿੰਦੇ ਸਨ, ਦੇ ਬਾਹਰ ਖੜ੍ਹ ਕੇ 'ਦਿ ਸਫਰਗੇਟਸ' ਅਖ਼ਬਾਰ ਦੀਆਂ ਕਾਪੀਆਂ ਵੇਚਦੇ ਦੇਖਿਆ ਗਿਆ, ਜਿਸ ਉੱਤੇ 'ਇਨਕਲਾਬ' ਲਿਖਿਆ ਹੋਇਆ ਸੀ। ਬੇਕਰ ਲਿਖਦੇ ਹਨ, "ਇਸ ਤਸਵੀਰ ਨੇ ਉਨ੍ਹਾਂ ਨੂੰ "ਸਫਰਗੇਟ ਵੀਕ" ਦਾ ਪ੍ਰਮੁੱਖ ਚਿਹਰਾ ਬਣਾ ਦਿੱਤਾ, ਜੋ ਵੂਮੈਨਸਜ਼, ਸੋਸ਼ਲ ਅਤੇ ਪੌਲੀਟਿਕਲ ਯੂਨੀਅਨ ਵੱਲੋਂ ਬ੍ਰਿਟੇਨ ਵਿੱਚੋਂ ਹੋਰ ਮੈਂਬਰਾਂ ਨੂੰ ਸ਼ਾਮਿਲ ਕਰਨ ਲਈ ਸ਼ੁਰੂ ਕੀਤੀ ਮੁਹਿੰਮ ਸੀ।" ਅਖ਼ਬਾਰਾਂ ਨੇ ਇਸ ਬਾਰੇ ਲਿਖਿਆ ਕਿ ਜਦੋਂ ਉਨ੍ਹਾਂ ਨੇ ਟੈਕਸ ਅਦਾ ਨਹੀਂ ਕੀਤਾ ਤਾਂ ਕਿਵੇਂ ਅਧਿਕਾਰੀਆਂ ਨੇ ਉਨ੍ਹਾਂ ਦੇ ਗਹਿਣਿਆਂ ਨੂੰ ਕਬਜ਼ੇ ਵਿੱਚ ਲੈ ਲਿਆ ਅਤੇ ਨਿਲਾਮ ਕਰ ਦਿੱਤਾ। ਸੋਫੀਆ ਨੂੰ ਕਈ ਵਾਰੀ ਗ੍ਰਿਫ਼ਤਾਰ ਕੀਤਾ ਗਿਆ ਪਰ ਹੋਰਨਾਂ ਕਾਰਕੁੰਨਾਂ ਵਾਂਗ ਉਨ੍ਹਾਂ ਖਿਲਾਫ ਇਲਜ਼ਾਮ ਰੱਦ ਕਰ ਦਿੱਤੇ ਗਏ ਸਨ। 'ਸਾਊਥ ਏਸ਼ੀਅਨ ਰਸਿਸਟੈਂਸਸ ਇਨ ਬ੍ਰਿਟੇਨ 1880-1947' ਕਿਤਾਬ ਵਿੱਚ ਇਤਿਹਾਸਕਾਰ ਸੁਮਿਤਾ ਮੁਖਰਜੀ ਸਫਰਗੇਟ ਲਹਿਰ ਵਿਚਲੇ



ਵਿਰੋਧਾਭਾਸਾਂ ਨੂੰ ਉਜਾਗਰ ਕਰਨ ਲਈ ਸੋਫੀਆ ਦੀ ਭੂਮਿਕਾ ਬਾਰੇ ਜ਼ਿਕਰ ਕਰਦੇ ਹਨ। ਉਹ ਲਿਖਦੇ ਹਨ ਕਿ ਇਹ ਕਾਰਕੁਨ ਜਮਾਤੀ ਵੰਡ ਬਾਰੇ ਸੁਆਲ ਕੀਤੇ ਜਾਂ ਇਸ ਨੂੰ ਚੁਣੌਤੀ ਦਿੱਤੇ ਬਗ਼ੈਰ ਆਪਣੇ ਉਦੇਸ਼ ਦੀ ਪੂਰਤੀ ਲਈ ਉਨ੍ਹਾ (ਸੋਫੀਆ) ਦੇ ਨਾਂ ਦਾ ਫਾਇਦਾ ਲੈ ਸਕਦੇ ਸਨ। ਉਨ੍ਹਾਂ (ਸੋਫੀਆ) ਦੀ ਸ਼ਮੂਲੀਅਤ ਨੇ ਇਸ ਲਹਿਰ ਉੱਤੇ ਨਜ਼ਰਸਾਨੀ ਵੀ ਵਧਾਈ।

**1918 ਵਿੱਚ ਮਿਲਿਆ ਵੋਟ ਦਾ ਹੱਕ**

ਬੇਕਰ ਲਿਖਦੇ ਹਨ, "ਭਾਰਤੀ ਦਫ਼ਤਰ ਦੇ ਨੌਕਰਸ਼ਾਹਾਂ ਨੇ ਬ੍ਰਿਟੇਨ ਵਿੱਚ ਭਾਰਤੀ ਪਰਵਾਸੀ ਦੇ ਇੱਕ ਸਿਆਸੀ ਮੈਂਬਰ ਵਜੋਂ ਦਲੀਪ ਸਿੰਘ ਦੇ ਕੰਮਾਂ ਨੂੰ ਕੰਟਰੋਲ ਕਰਨ ਦੇ ਯਤਨਾਂ ਵਿੱਚ ਉਨ੍ਹਾਂ ਨਿੱਜੀ ਅਤੇ ਵਿੱਤੀ ਮਾਮਲਿਆਂ ਦੇ ਸਬੰਧ ਵਿੱਚ ਅਖ਼ਬਾਰਾਂ ਦੀਆਂ ਕਲਿੱਪਾਂ ਇਕੱਠੀਆਂ ਕੀਤੀਆਂ ਤੇ ਇਸ਼ਿਹਾਰਾਂ ਦਾ ਲੈਣ-ਦੇਣ ਵੀ ਕੀਤਾ।" ਉਹ ਸੋਫੀਆ ਨੂੰ ਔਰਤਾਂ ਦੇ ਵੋਟ ਪਾਉਣ ਦੇ ਹੱਕ ਲਈ ਕਾਰਜਸ਼ੀਲ ਭਾਰਤੀ ਅਤੇ ਗੋਰੇ ਬਰਤਾਨਵੀ ਕਾਰਕੁੰਨਾਂ ਵਿਚਾਲੇ 'ਇੱਕ ਮਹੱਤਵਪੂਰਨ ਪੁਲ਼' ਦੱਸਦੀ ਹੈ। 1918 ਵਿੱਚ ਬ੍ਰਿਟਿਸ਼ ਪਾਰਲੀਮੈਂਟ ਨੇ ਇੱਕ ਸੁਧਾਰ ਮਨਜ਼ੂਰ ਕੀਤਾ ਗਿਆ, ਜਿਸ ਦੇ ਤਹਿਤ 30 ਤੋਂ ਵੱਧ ਉਮਰ ਵਾਲੀਆਂ ਬੀਬੀਆਂ ਜਿਹੜੀਆਂ ਕਿ ਜਾਇਦਾਦ ਨਾਲ ਸੰਬੰਧਤ ਯੋਗਤਾਵਾਂ ਪੂਰੀਆਂ ਕਰਦੀਆਂ ਹੋਣ, ਨੂੰ ਵੋਟ ਪਾਉਣ ਦਾ ਹੱਕ ਦਿੱਤਾ ਗਿਆ। ਔਰਤਾਂ ਨੂੰ ਮੁੰਕਮਲ ਬਰਾਬਰੀ ਦੇ ਹੱਕ 10 ਸਾਲ ਬਾਅਦ ਮਿਲੇ। 1919 ਵਿੱਚ ਸੋਫੀਆ ਰਾਜਨੀਤਕ ਕਾਰਕੁੰਨ ਸਰੋਜਨੀ ਨਾਇਡੂ ਅਤੇ ਐਨੀ ਬੇਸੰਤ ਦੇ ਨਾਲ ਲੰਡਨ ਵਿਚਲੇ ਇੰਡੀਆ ਆਫਿਸ ਗਈ। ਨਾਇਡੂ ਅਤੇ ਬੇਸੰਤ ਭਾਰਤੀ ਔਰਤਾਂ ਦੇ ਵਫਦ ਦੀ ਅਗਵਾਈ ਕਰ ਰਹੀਆਂ ਸਨ, ਜੋ ਕਿ ਸੈਕਰੇਟਰੀ ਆਫ ਸਟੇਟ ਅੱਗੇ ਔਰਤਾਂ ਨੂੰ ਵੋਟ ਪਾਉਣ ਦੇ ਹੱਕ ਬਾਰੇ ਦਲੀਲ ਪੇਸ਼ ਕਰਨ ਗਿਆ ਸੀ। ਉਨ੍ਹਾਂ ਨੇ ਵਫ਼ਦ ਨੂੰ ਸੁਣਿਆ ਪਰ ਕੋਈ ਵਾਅਦਾ ਨਾ ਕੀਤਾ।

ਜ਼ਿਕਰਯੋਗ ਹੈ ਕਿ ਭਾਰਤ ਵਿੱਚ ਸਾਰਿਆਂ ਨੂੰ ਵੋਟ ਪਾਉਣ ਦਾ ਬਰਾਬਰ ਹੱਕ ਆਜ਼ਾਦੀ ਤੋਂ ਬਾਅਦ ਮਿਲਿਆ। ਅਨੀਤਾ ਆਨੰਦ ਆਪਣੀ ਕਿਤਾਬ ਵਿੱਚ ਲਿਖਦੇ ਹਨ ਕਿ ਸੋਫੀਆ ਦੇ ਸੁਰਖੀਆਂ ਵਿੱਚ ਆਉਣ ਨਾਲ ਕਿੰਗ ਜੋਰਜ ਪੰਜਵੇਂ ਖਫ਼ਾ ਹੋਏ। ਦਰਅਸਲ, ਉਹ ਜੋ ਕਿ "ਔਰਤਾਂ ਦੇ ਵੋਟ ਪਾਉਣ ਦੇ ਹੱਕ" ਦੇ ਵਿਰੁੱਧ ਸਨ। ਪਰ ਉਹ ਕੁਝ ਖਾਸ ਨਹੀਂ ਕਰ ਸਕਦੇ ਸਨ ਕਿਉਂਕਿ ਉਨ੍ਹਾਂ ਦੇ ਵਿੱਤ ਉਤੇ "ਪਾਰਲੀਮੈਂਟ ਦਾ ਪੂਰਾ ਕੰਟਰੋਲ ਸੀ।" ਸੋਫੀਆ ਹੋਰਨਾਂ ਕੰਮਾਂ ਦਾ ਵੀ ਹਿੱਸਾ ਰਹੀ। ਪਹਿਲੀ ਵਿਸ਼ਵ ਜੰਗ ਵਿੱਚ ਉਨ੍ਹਾਂ ਨੇ ਜਖ਼ਮੀ ਹੋਈ ਭਾਰਤੀ ਫੌਜੀਆਂ ਦੀ ਬ੍ਰਿਟੇਨ ਵਿੱਚ ਸੇਵਾ ਕੀਤੀ ਅਤੇ ਉਨ੍ਹਾਂ ਲਈ ਪੈਸੇ ਵੀ ਇਕੱਠੇ ਕੀਤੇ। ਅਨੀਤਾ ਆਨੰਦ ਦੀ ਕਿਤਾਬ ਦੇ ਮੁਤਾਬਕ, ਮਹਾਰਾਣੀ 1924 ਵਿੱਚ ਭਾਰਤ ਵਿੱਚ ਇੱਕ ਹੋਰ ਫੇਰੀ ਲਈ ਵਾਪਸ ਆਈ ਅਤੇ ਉਨ੍ਹਾਂ ਨੇ ਪੂਰੇ ਪੰਜਾਬ ਵਿੱਚ ਸਫ਼ਰ ਕਰਨ ਦਾ ਫ਼ੈਸਲਾ ਲਿਆ। ਜਦੋਂ ਉਹ ਆਪਣੀ ਭੈਣ ਬਾਂਬਾ ਨਾਲ ਪੁਰਾਣੇ ਸਿੱਖ ਰਾਜ ਵਿਚਲੀਆਂ ਥਾਵਾਂ 'ਤੇ ਜਾਂਦੇ ਤਾਂ ਲੋਕਾਂ ਦਾ ਹਜੂਮ ਉਨ੍ਹਾਂ ਨੂੰ ਦੇਖਣ ਪਹੁੰਚ ਜਾਂਦਾ, ਕੁਝ ਲੋਕ ਰੋਂਦੇ ਕਿ "ਸਾਡੀ ਮਾਹਾਰਾਣੀ ਇੱਥੇ ਆਈ ਹੈ"। ਉਹ 1919 ਵਿਚ ਹੋਏ ਜਲ੍ਹਿਆਂਵਾਲੇ ਬਾਗ਼ ਦੇ ਕਤਲੇਆਮ ਵਾਲੀ ਥਾਂ 'ਤੇ ਵੀ ਗਈ , ਜਿੱਥੇ ਸੈਂਕੜੇ ਭਾਰਤੀਆਂ ਉੱਤੇ ਬਰਤਾਨਵੀ ਫੌਜ ਵਲੋਂ ਗੋਲੀਆਂ ਚਲਾਈਆਂ। ਦੂਜੀ ਵਿਸ਼ਵ ਜੰਗ ਦੌਰਾਨ ਉਹ ਆਪਣੀ ਭੈਣ ਕੈਥਰੀਨ ਅਤੇ ਤਿੰਨ ਹੋਰ ਸ਼ਰਨਾਰਥੀਆਂ ਦੇ ਨਾਲ ਲੰਡਨ ਤੋਂ ਨਿਕਲ ਕੇ ਬਕਿੰਘਮਸ਼ਾਇਰ ਆ ਗਈ ਸੀ।

ਉਨ੍ਹਾਂ ਦੇ ਆਖ਼ਰੀ ਸਾਲ ਆਪਣੀ ਸਾਥੀ ਆਈਵੀ ਬੌਅਡਨ ਨਾਲ ਬਿਤਾਏ, ਜੋ ਉਨ੍ਹਾਂ ਦੇ ਘਰ ਦੀ ਦੇਖ-ਭਾਲ ਵੀ ਕਰਦੀ ਸੀ। ਜੈਨਟ ਦੀ ਧੀ ਡਰੋਵਨਾ ਸੋਫੀਆ ਦੀ ਮੁਤਬੰਨੀ ਧੀ ਵੀ ਸੀ। ਡਰੋਵਨਾ ਨੇ ਅਨੀਤਾ ਆਨੰਦ ਨੂੰ ਦੱਸਿਆ ਕਿ ਮਹਾਰਾਣੀ ਅਕਸਰ ਹੀ ਉਸ ਨਾਲ ਵੋਟਾਂ ਦੀ ਅਹਿਮੀਅਤ ਬਾਰੇ ਗੱਲ ਕਰਦੀ ਸੀ। ਉਹ ਕਹਿੰਦੀ ਸੀ, "ਜਦੋਂ ਤੁਹਾਨੂੰ ਵੋਟ ਪਾਉਣ ਦੀ ਇਜਾਜ਼ਤ ਹੋਵੇ ਤਾਂ ਤੁਹਾਨੂੰ ਆਪਣੇ ਹੱਕ ਦੀ ਵਰਤੋਂ ਜ਼ਰੂਰ ਕਰਨੀ ਚਾਹੀਦੀ ਹੈ।" ਡਰੋਵਨਾ ਯਾਦ ਕਰਦੇ ਹੋਏ ਕਹਿੰਦੀ ਹੈ ਕਿ ਤੁਸੀਂ ਨਹੀਂ ਮਹਿਸੂਸ ਕਰਦੇ ਕੇ ਆਪਾਂ ਕਿੰਨੀ ਦੂਰ ਆ ਗਏ ਹਾਂ। ਸੋਫੀਆ ਦੀ ਮੌਤ 22 ਅਗਸਤ 1948 ਨੂੰ ਨੀਂਦ ਦੇ ਦੌਰਾਨ ਹੋਈ, ਉਸ ਵੇਲੇ ਉਨ੍ਹਾਂ ਦੀ ਉਮਰ 71 ਸਾਲ ਦੀ ਸੀ। ਮਹਾਰਾਣੀ ਦੀ ਇੱਛਾ ਅਨੁਸਾਰ ਉਨ੍ਹਾਂ ਦੀਆਂ ਅਸਥੀਆਂ ਉਨ੍ਹਾਂ ਦੀ ਭੈਣ ਬਾਂਬਾ ਨੇ ਲਾਹੌਰ ਲਿਆਂਦੀਆਂ ਪਰ ਇਸ ਬਾਰੇ ਸਪੱਸ਼ਟ ਨਹੀਂ ਹੈ ਕਿ ਇਹ ਕਿੱਥੇ ਪ੍ਰਵਾਹ ਕੀਤੀਆਂ ਗਈਆਂ। ਅੱਜ ਵੀ ਉਨ੍ਹਾਂ ਨੂੰ ਯਾਦ ਕੀਤਾ ਜਾਂਦਾ ਹੈ, ਖ਼ਾਸ ਕਰਕੇ ਯੂਕੇ ਵਿੱਚ, ਜਿੱਥੇ ਕੁਝ ਮਹੀਨੇ ਪਹਿਲਾਂ ਉਨ੍ਹਾਂ ਦੀ ਪੁਰਾਣੀ ਰਿਹਾਇਸ਼ ਦੇ ਬਾਹਰ ਇੱਕ ਤਖ਼ਤੀ ਲਗਾਈ ਗਈ। ਉਨ੍ਹਾਂ ਬਾਰੇ ਇੱਕ ਫਿਲਮ ਅਗਲੇ ਸਾਲ ਰਿਲੀਜ਼ ਕੀਤੇ ਜਾਣ ਦੀ ਸੰਭਾਵਨਾ ਹੈ।

# ਧਨੌਲਾ ਦੇ ਅਰਮਾਨ ਮਾਨ ਨੇ ਜਿੱਤਿਆ ਸੂਟਿੰਗ ਮੁਕਾਬਲਿਆਂ ਚੌਂ ਗੋਲਡ ਮੈਡਲ




ਧਨੌਲਾ ਮੰਡੀ- ਸੇਂਟ ਬਚਨ ਪੁਰੀ ਸਕੂਲ ਪੱਖੋ ਕਲਾਂ ਜਿਲ੍ਹਾ ਬਰਨਾਲਾ 'ਚ ਤਿੰਨ ਸੂਬਿਆਂ ਪੰਜਾਬ , ਚੰਡੀਗੜ੍ਹ ਤੇ ਹਰਿਆਣਾ ਦੇ ਖਿਡਾਰੀਆਂ ਦੇ ਖੇਤਰੀ ਪੱਧਰ ਦੇ ਰਾਈਫਲ ਸੂਟਿੰਗ ਮੁਕਾਬਲੇ ਕਰਵਾਏ ਗਏ। ਇਹਨਾਂ ਸੂਟਿੰਗ ਮੁਕਾਬਲਿਆਂ ਚੌਂ ਅਰਮਾਨ ਸਿੰਘ ਮਾਨ ਪੁੱਤਰ ਪਾਵਰ ਪੈਰਾ ਗਲਾਈਡਰ ਕਲਾਕਾਰ ਜਗਮੋਹਨ ਸਿੰਘ ਧਨੌਲਾ ਨੇ ਗੋਲਡ ਮੈਡਲ ਜਿੱਤ ਕੇ ਆਪਣੇ ਸਕੂਲ , ਮਾਤਾ ਪਿਤਾ ਤੇ ਧਨੌਲਾ ਸਹਿਰ ਦਾ ਨਾਮ ਉ ੱਚਾ ਕੀਤਾ। ਜਗਮੋਹਣ ਸਿੰਘ ਨੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਅਰਮਾਨ ਦੇ ਗੋਲਡ ਮੈਡਲ ਜਿੱਤਣ ਦਾ ਸਿਹਰਾ ਗਲੋਬਲ ਕਨੈਕਟ ਚੇਅਰਮੈਨ ਰਵਿੰਦਰਜੀਤ ਸਿੰਘ ਵਿੱਕੀ,ਡਾਇਰੈਕਟਰ ਸਾਗਰਜੀਤ ਸਿੰਘ ਖੀਪਲ ਨੂੰ ਜਾਂਦਾ ਹੈ। **– ਸੰਜੀਵ ਗਰਗ ਕਾਲੀ**

# ਪਿੰਡ ਕਾਲੇਕੇ 'ਚ ਕੁੜੀਆਂ, ਮੁਟਿਆਰਾਂ ਨੇ ਨੱਚ ਟੱਪ ਕੇ ਮਨਾਇਆ ਤੀਆਂ ਦਾ ਤਿਉਹਾਰ

ਧਨੌਲਾ ਮੰਡੀ (ਸੰਜੀਵ ਗਰਗ ਕਾਲੀ)- ਨੇੜਲੇ ਪਿੰਡ ਕਾਲੇਕੇ ਵਿਖੇ ਲੋਕ ਸੇਵਾ ਕਲੱਬ ਦੇ ਪ੍ਰਧਾਨ ਮੱਖਣ ਖਾਨ ਕਾਲੇਕੇ ਨੇ ਉਪਰਾਲਾ ਕਰਕੇ ਪਿੰਡ ਦੀਆਂ ਕੁੜੀਆਂ ਤੇ ਮੁਟਿਆਰਾ, ਔਰਤਾਂ ਨੂੰ ਇੱਕਠੇ ਕਰਕੇ ਤੀਆਂ ਦਾ ਤਿਉਹਾਰ ਮਨਾਇਆ। ਇਸ ਮੌਕੇ ਇੱਕਠੀਆਂ ਹੋਈਆ ਸਲਮਾ ਰਾਣੀ, ਰਣਜੀਤ ਕੌਰ, ਜਸਪਾਲ ਕੌਰ, ਜਸਵਿੰਦਰ ਕੌਰ, ਪਰਮਜੀਤ ਕੌਰ ਪੰਮੀ, ਸਰਵਜੀਤ ਕੌਰ, ਬੀਰਪਾਲ ਕੋਰ, ਨਾਜਮਾ ਬੇਗਮ, ਕਰਮਜੀਤ ਕੌਰ, ਰੂਬੀ , ਛੇਤੀਆ ਆਦਿ ਨੇ ਖ਼ੂਬ ਨੱਚ ਟੱਪ ਕੇ ਗਿੱਧਾ ਪਾ ਕੇ ਬੋਲੀਆ ਪਾ ਕੇ ਤੀਆਂ ਦਾ ਤਿਉਹਾਰ ਮਨਾਇਆ । ਇਹਨਾ ਸਾਰੀਆਂ ਨੇ ਡੀਜੇ ਉੱਤੇ ਵੀ ਬਹੁਤ ਨੱਚ ਨੱਚ ਕੇ ਧਮਾਲਾ ਪਾਈਆਂ। ਇਸ ਮੌਕੇ ਯੂਐਸਏ (ਅਮਰੀਕਾ) ਤੋਂ ਇੰਟਰਨੈਸਨਲ ਭੰਗੜਾ ਤੇ ਥੀਏਟਰ ਕਲਾਕਾਰ ਤੇ ਫਿਲਮ ਡਾਇਰੈਕਟਰ



ਦਵਿੰਦਰਪਾਲ ਸਿੰਘ ਪਾਲੀ ਧਨੌਲਾ ਨੇ ਵਿਸੇਸ ਤੌਰ ਤੇ ਸਿਰਕਤ ਕੀਤੀ। ਪਾਲੀ ਧਨੋਲਾ ਨੇ ਗਿੱਧਾ ਪਾਉਂਣ ਆਈਆਂ ਲੜਕੀਆਂ ਨੂੰ ਪੰਜਾਬ ਦਾ ਵਿਰਸਾ ਸੰਭਾਲ ਕੇ ਰੱਖਣ ਦੀ ਅਪੀਲ ਵੀ ਕੀਤੀ ਅਤੇ ਕਲੱਬ ਨੂੰ ਮਾਲੀ ਸਹਾਇਤਾ ਵੀ ਦਿੱਤੀ। ਪ੍ਰਧਾਨ ਮੱਖਣ ਖਾਨ ਨੇ ਦੱਸਿਆ ਕਿ ਰਵੀ ਖਾਨ, ਜਗਤਾਰ ਸਿੰਘ ਪੰਚ, ਸੰਦੀਪ ਕੁਮਾਰ, ਰਾਜੀਵ ਕੁਮਾਰ, ਰਵੀ ਮਾਲੜਾ, ਅਵਤਾਰ ਸਿੰਘ, ਡਾ. ਰਛਪਾਲ ਸਿੰਘ, ਗੋਬਿੰਦ ਮਾਲੜਾ, ਬੀਰਬਲ ਸਰਮਾਂ ਜਸਪਾਲ ਸਿੰਘ ਲਾਭੂ, ਹੈਪੀ ਸਿੰਘ, ਸੁਖਵਿੰਦਰ ਸਿੰਘ, ਦੀਪ ਗਿੱਲ, ਬਲਦੇਵ ਸਿੰਘ, ਕੇ.ਵੀ ਸਿੰਘ, ਰਾਮ ਨਰੇਸ਼ ਬਾਂਸਲ, ਤੀਆਂ ਮਨਾਉਂਣ ਲਈ ਭਰਭੂਰ ਸਹਿਯੋਗ ਦਿੱਤਾ। ਤੇ ਉਹਨਾ ਆਏ ਸਾਰਿਆਂ ਵਿਅਕਤੀਆਂ ਦਾ ਧੰਨਵਾਦ ਕੀਤਾ।



"THE UNTOLD STORY OF
SHAHEED KARTAR SINGH SARABHA"
SARABHA
A FILM BY KAVI RAZ
"AT THE STROKE OF MIDNIGHT ON AUGUST 14TH, 1947, INDIA BECAME A FREE NATION. FREEDOM AT LAST. LET US PAY HOMAGE TO THE REAL HEROES OF THIS FREEDOM, OUR FREEDOM."
TRAILER RELEASING ON
15TH AUGUST, 2023
12AM IST
YOUTUBE/KAVIRAZOFFICIAL
RELEASING WORLDWIDE IN CINEMAS
3RD NOVEMBER 2023